2-DEC-PAGE-1.qxd 12/1/2025 9:14 PM Page 1

ਮੰਗਲਵਾਰ, 2 ਦਸੰਬਰ, 2025
17 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 182

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 2 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਡਰਾਮੇ ਕੌਣ ਕਰ ਰਿਹੈ ?

## • ਚੋਣਾਂ 'ਚ ਹਾਰ ਤੋਂ ਪ੍ਰੇਸ਼ਾਨ ਆਪੋਜ਼ੀਸ਼ਨ ਬਹਿਸ ਕਰੇ, ਡਰਾਮੇ ਨਾ ਕਰੇ : ਮੋਦੀ • ਬਹਿਸ ਦੀ ਮੰਗ ਕਰਨਾ ਡਰਾਮਾ ਨਹੀਂ : ਪ੍ਰਿਅੰਕਾ, ਡਰਾਮੇਬਾਜ਼ੀ ਮੋਦੀ ਸਰਕਾਰ ਕਰ ਰਹੀ : ਹਰਸਿਮਰਤ ਬਾਦਲ



**ਨਵੀਂ ਦਿੱਲੀ** : ਸੰਸਦ ਦਾ ਸਰਦ ਰੁੱਤ ਅਜਲਾਸ ਸੋਮਵਾਰ ਸ਼ੁਰੂ ਹੋਇਆ, ਪਰ ਹੰਗਾਮੇ ਕਾਰਨ ਮੰਗਲਵਾਰ ਤੱਕ ਮੁਲਤਵੀ ਹੋ ਗਿਆ। ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਡੀਆ ਨੂੰ 10 ਮਿੰਟ ਸੰਬੋਧਨ ਕਰਦਿਆਂ ਦਾਅਵਾ ਕੀਤਾ, 'ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਤੰਤਰ ਪ੍ਰਦਰਸ਼ਨ ਕਰ ਸਕਦਾ ਹੈ। ਇਸ ਲਈ ਇਹ ਅਜਲਾਸ ਭਾਰਤ ਦੇ ਵਿਕਾਸ ਦੇ ਯਤਨਾਂ ਨੂੰ ਹੋਰ ਊਰਜਾਵਾਨ ਬਣਾਉਣ ਦਾ ਮੌਕਾ ਹੈ। ਵਿਰੋਧੀ ਧਿਰ ਨੂੰ ਹਾਰ ਦੀ ਨਿਰਾਸ਼ਾ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਮਜ਼ਬੂਤ ਮੁੱਦਿਆਂ 'ਤੇ ਚਰਚਾ ਕਰਨੀ ਚਾਹੀਦੀ ਹੈ। ਅਜਲਾਸ ਹਾਰ ਦੀ ਨਿਰਾਸ਼ਾ ਜਾਂ ਜਿੱਤ ਦੇ ਹੰਕਾਰ ਦਾ ਆਧਾਰ ਨਹੀਂ ਬਣਨਾ ਚਾਹੀਦਾ। ਮੈਂਬਰਾਂ ਦੀ ਨਵੀਂ ਪੀੜ੍ਹੀ ਨੂੰ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਡਿਲੀਵਰੀ ਹੋਣੀ ਚਾਹੀਦੀ ਹੈ, ਡਰਾਮਾ ਨਹੀਂ। ਰਾਸ਼ਟਰੀ ਨੀਤੀ 'ਤੇ ਚਰਚਾ ਹੋਣੀ ਚਾਹੀਦੀ ਹੈ।' ਉਨ੍ਹਾ ਕਿਹਾ, 'ਕੁਝ ਪਾਰਟੀਆਂ ਆਪਣੀ ਚੋਣ ਹਾਰ ਨੂੰ ਹਜ਼ਮ ਕਰਨ ਵਿੱਚ ਅਸਮਰਥ ਹਨ। ਇੱਕ ਜਾਂ ਦੋ ਪਾਰਟੀਆਂ ਬਿਹਾਰ ਦੇ ਨਤੀਜਿਆਂ ਤੋਂ ਅੱਗੇ ਵਧਣ ਵਿੱਚ ਅਸਮਰਥ ਹਨ। ਸੰਸਦ ਦਾ ਇਹ ਅਜਲਾਸ ਹਾਰ 'ਤੇ ਘਬਰਾਹਟ ਦਾ ਆਧਾਰ ਨਹੀਂ ਬਣਨਾ ਚਾਹੀਦਾ। ਸਦਨ ਨੂੰ ਡਰਾਮਾ ਨਹੀਂ, ਸਗੋਂ ਪ੍ਰਦਰਸ਼ਨ ਕਰਨਾ ਚਾਹੀਦਾ ਹੈ।'

ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਲੰਮੇ ਸਮੇਂ ਤੋਂ ਚਿੰਤਤ ਹਾਂ ਕਿ ਪਹਿਲੀ ਵਾਰ ਸੰਸਦ ਮੈਂਬਰ ਅਤੇ ਸਾਰੀਆਂ ਪਾਰਟੀਆਂ ਦੇ ਨੌਜਵਾਨ ਸੰਸਦ ਮੈਂਬਰ ਬਹੁਤ ਪਰੇਸ਼ਾਨ ਹਨ। ਉਨ੍ਹਾਂ ਨੂੰ ਆਪਣੀ ਤਾਕਤ ਦਿਖਾਉਣ ਜਾਂ ਆਪਣੇ ਹਲਕਿਆਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਦਾ ਮੌਕਾ ਨਹੀਂ ਮਿਲ ਰਿਹਾ। ਪਾਰਟੀ ਦੀ ਪਰਵਾਹ ਕੀਤੇ ਬਿਨਾਂ ਸਾਨੂੰ ਆਪਣੀ ਨਵੀਂ ਪੀੜ੍ਹੀ ਦੇ ਨੌਜਵਾਨ ਸੰਸਦ ਮੈਂਬਰਾਂ ਨੂੰ ਮੌਕੇ ਦੇਣੇ ਚਾਹੀਦੇ ਹਨ। ਇਸ ਲਈ ਮੈਂ ਤਾਕੀਦ ਕਰਦਾ ਹਾਂ ਕਿ ਅਸੀਂ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲਈਏ।'

ਰਾਜ ਸਭਾ ਵਿੱਚ ਆਪੋਜ਼ੀਸ਼ਨ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਸਲੀਅਤ ਇਹ ਹੈ ਕਿ ਸਰਕਾਰ ਪਿਛਲੇ 11 ਸਾਲਾਂ ਤੋਂ ਲਗਾਤਾਰ ਸੰਸਦੀ ਮਰਿਆਦਾ ਅਤੇ ਸੰਸਦੀ ਪ੍ਰਣਾਲੀ ਨੂੰ ਲਤਾੜਦੀ ਆ ਰਹੀ ਹੈ ਅਤੇ ਅਜਿਹੀਆਂ ਉਲੰਘਣਾਵਾਂ ਦੀ ਇੱਕ ਲੰਮੀ ਸੂਚੀ ਹੈ। ਸੱਚਾਈ ਇਹ ਹੈ ਕਿ ਆਮ ਆਦਮੀ ਬੇਰੁਜ਼ਗਾਰੀ, ਮਹਿੰਗਾਈ, ਆਰਥਕ ਅਸਮਾਨਤਾ ਅਤੇ ਦੇਸ਼ ਦੇ ਕੀਮਤੀ ਸਰੋਤਾਂ ਦੀ ਲੁੱਟ ਨਾਲ ਜੂਝ ਰਿਹਾ ਹੈ, ਜਦੋਂ ਕਿ ਸੱਤਾ ਦੇ ਹੰਕਾਰ ਤੋਂ ਪ੍ਰੇਰਤ ਸੱਤਾਧਾਰੀ ਡਰਾਮੇ ਦੀ ਖੇਡ ਖੇਡ ਰਹੇ ਹਨ। ਮੋਦੀ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ, 'ਜਨਾਬ, ਐੱਸ ਆਈ ਆਰ ਅਤੇ ਪ੍ਰਦੂਸ਼ਣ ਦੇ ਮੁੱਦੇ ਬਹੁਤ ਮਹੱਤਵਪੂਰਨ ਹਨ। ਆਓ, ਉਨ੍ਹਾਂ 'ਤੇ ਚਰਚਾ ਕਰੀਏ। ਸੰਸਦ ਕਿਸ ਲਈ ਹੈ? ਇਹ ਕੋਈ ਤਮਾਸ਼ਾ ਨਹੀਂ। ਮੁੱਦਿਆਂ 'ਤੇ ਚਰਚਾ ਕਰਨਾ ਕੋਈ ਤਮਾਸ਼ਾ ਨਹੀਂ। ਅਸਲ ਤਮਾਸ਼ਾ ਜਨਤਕ ਚਿੰਤਾ ਦੇ ਮਹੱਤਵਪੂਰਨ ਮੁੱਦਿਆਂ 'ਤੇ ਲੋਕਤੰਤਰੀ ਚਰਚਾ ਦੀ ਆਗਿਆ ਨਾ ਦੇਣਾ ਹੈ।'

ਅਕਾਲੀ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਵੀ ਕਿਹਾ ਕਿ ਸਦਨ 'ਚ ਡਰਾਮੇਬਾਜ਼ੀ ਲਈ ਮੋਦੀ ਸਰਕਾਰ ਖੁਦ ਹੀ ਜ਼ਿੰਮੇਵਾਰ ਹੈ। ਵਿਰੋਧੀਆਂ ਨੂੰ ਬੋਲਣ ਦਾ ਮੌਕੇ ਨਹੀਂ ਦੇਵੋਗੇ ਤਾਂ ਹੰਗਾਮਾ ਹੀ ਹੋਵੇਗਾ। ਵਿਰੋਧੀ ਧਿਰਾਂ ਦਾ ਕੰਮ ਹੈ ਲੋਕਾਂ ਦੇ ਮੁੱਦਿਆਂ ਨੂੰ ਚੁੱਕਣਾ, ਪਰ ਸਰਕਾਰ ਬਹਿਸ ਤੋਂ ਭੱਜ ਜਾਂਦੀ ਹੈ। ਹਰ ਵਾਰ ਲੋਕਾਂ ਦੇ ਕਰੋੜਾਂ ਰੁਪਏ ਹੰਗਾਮੇ ਦੀ ਭੇਟ ਚੜ੍ਹ ਜਾਂਦੇ ਹਨ। ਏਨਾ ਹੀ ਨਹੀਂ ਆਖਰੀ ਦਿਨ ਸਰਕਾਰ ਆਪਣੇ ਬਿੱਲ ਪਾਸ ਕਰਕੇ ਸੈਸ਼ਨ ਖਤਮ ਕਰ ਦਿੰਦੀ ਹੈ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਸ਼ੁਰੂ ਹੁੰਦੇ ਹੀ ਵਿਰੋਧੀ ਧਿਰ ਦੇ ਮੈਂਬਰ ਵੈੱਲ ਵਿੱਚ ਆ ਗਏ ਅਤੇ ਨਾਅਰੇਬਾਜ਼ੀ ਕਰਨ ਲੱਗ ਪਏ। ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਨੂੰ ਸਦਨ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸਦਨ ਚਰਚਾ ਅਤੇ ਗੱਲਬਾਤ ਲਈ ਹੈ, ਸਦਨ ਨੂੰ ਚੱਲਣ ਦਿਓ। ਹਾਲਾਂਕਿ, ਸਪੀਕਰ ਦੀ ਅਪੀਲ ਦਾ ਵਿਰੋਧੀ ਧਿਰ ਦੇ ਮੈਂਬਰਾਂ 'ਤੇ ਕੋਈ ਅਸਰ ਨਹੀਂ ਪਿਆ ਅਤੇ ਹੰਗਾਮੇ ਦੇ ਵਿਚਕਾਰ ਕਾਰਵਾਈ ਜਾਰੀ ਰਹੀ। ਇਸ ਤੋਂ ਪਹਿਲਾਂ ਲੋਕ ਸਭਾ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ, ਨੇਤਰਹੀਣ ਕ੍ਰਿਕਟ ਟੀਮ ਅਤੇ ਕਬੱਡੀ ਟੀਮ ਨੂੰ ਵਿਸ਼ਵ ਕੱਪ ਜਿੱਤਣ ਵਿੱਚ ਪ੍ਰਭਾਵਸ਼ਾਲੀ ਸਫਲਤਾ ਲਈ ਵਧਾਈ ਦਿੱਤੀ।

ਉਧਰ, ਰਾਜ ਸਭਾ ਵਿੱਚ ਸੰਸਦੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਵਿਰੋਧੀ ਧਿਰਾਂ ਐੱਸ ਆਈ ਆਰ 'ਤੇ ਚਰਚਾ ਕਰਨ ਦੀ ਮੰਗ ਕਰ ਰਹੀਆਂ ਹਨ ਤੇ ਸਰਕਾਰ ਇਸ ਨੂੰ ਵਿਚਾਰ ਰਹੀ ਹੈ ਤੇ ਉਨ੍ਹਾਂ ਦੀ ਮੰਗ 'ਤੇ ਚਰਚਾ ਕਰਨ ਲਈ ਤਿਆਰ ਹੈ, ਪਰ ਇਸ ਲਈ ਸਮਾਂ ਚਾਹੀਦਾ ਹੈ। ਉਨ੍ਹਾ ਵਿਰੋਧੀ ਧਿਰਾਂ ਨੂੰ ਕਿਹਾ ਕਿ ਉਹ ਇਸ ਮਾਮਲੇ 'ਤੇ ਸਮਾਂ-ਸੀਮਾ ਦੀਆਂ ਸ਼ਰਤਾਂ ਨਿਰਧਾਰਤ ਨਾ ਕਰਨ। ਚਰਚਾ ਕਰਨ ਲਈ ਸਰਕਾਰ ਨੂੰ ਸਮਾਂ ਦੇਣ। ਰਿਜਿਜੂ ਦੇ ਬਿਆਨ ਤੋਂ ਸੰਤੁਸ਼ਟ ਨਾ ਹੋ ਕੇ ਕਈ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਰਾਜ ਸਭਾ ਵਿੱਚੋਂ ਵਾਕਆਊਟ ਕੀਤਾ। ਉਨ੍ਹਾਂ ਐੱਸ ਆਈ ਆਰ ਤੇ ਚੋਣ ਸੁਧਾਰਾਂ ਦੇ ਮਾਮਲਿਆਂ 'ਤੇ ਚਰਚਾ ਕਰਵਾਉਣ ਦੀ ਮੰਗ ਕੀਤੀ, ਪਰ ਸਰਕਾਰ ਨੇ ਇਨ੍ਹਾਂ ਮਾਮਲਿਆਂ 'ਤੇ ਸਮਾਂ ਮੰਗਿਆ, ਜਿਸ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ ਗਿਆ।

# ਡਿਜੀਟਲ ਅਰੈੱਸਟ ਘੁਟਾਲਿਆਂ ਦੀ ਜਾਂਚ ਸੀ ਬੀ ਆਈ ਹਵਾਲੇ

### ਸਾਈਬਰ ਅਪਰਾਧੀਆਂ ਨੂੰ ਨੱਪਣ 'ਚ ਸਾਰੇ ਰਾਜ ਸਹਿਯੋਗ ਕਰਨ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਡਿਜੀਟਲ ਗ੍ਰਿਫਤਾਰੀ ਘੁਟਾਲੇ ਦੇ ਮਾਮਲਿਆਂ ਦੀ ਇੱਕ ਏਕੀਕ੍ਰਿਤ ਦੇਸ਼-ਵਿਆਪੀ ਜਾਂਚ ਕਰਨ ਲਈ ਕਿਹਾ ਅਤੇ ਆਰ ਬੀ ਆਈ ਨੂੰ ਪੁੱਛਿਆ ਕਿ ਉਹ ਸਾਈਬਰ ਅਪਰਾਧੀਆਂ ਦੁਆਰਾ ਵਰਤੇ ਜਾਂਦੇ ਬੈਂਕ ਖਾਤਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਫਰੀਜ਼ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਕਿਉਂ ਨਹੀਂ ਕਰ ਰਹੇ।

ਡਿਜੀਟਲ ਗ੍ਰਿਫ਼ਤਾਰੀ ਸਾਈਬਰ ਅਪਰਾਧ ਦਾ ਇੱਕ ਵਧਦਾ ਰੂਪ ਹੈ, ਜਿਸ ਵਿੱਚ ਧੋਖੇਬਾਜ਼ ਆਡੀਓ ਅਤੇ ਵੀਡੀਓ ਕਾਲਾਂ ਰਾਹੀਂ ਪੀੜਤਾਂ ਨੂੰ ਡਰਾਉਣ ਲਈ ਕਾਨੂੰਨ ਲਾਗੂ ਕਰਨ ਵਾਲੇ ਜਾਂ ਅਦਾਲਤੀ ਅਧਿਕਾਰੀਆਂ ਜਾਂ ਸਰਕਾਰੀ ਏਜੰਸੀਆਂ ਦੇ ਕਰਮਚਾਰੀਆਂ ਵਜੋਂ ਪੇਸ਼ ਹੁੰਦੇ ਹਨ। ਉਹ ਪੀੜਤਾਂ ਨੂੰ ਬੰਧਕ ਬਣਾਉਂਦੇ ਹਨ ਅਤੇ ਉਨ੍ਹਾਂ 'ਤੇ ਪੈਸੇ ਦੇਣ ਲਈ ਦਬਾਅ ਪਾਉਂਦੇ ਹਨ।

ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੌਯਮਾਲਿਆ ਬਾਗਚੀ ਦੀ ਬੈਂਚ ਨੇ ਸੋਮਵਾਰ ਵਿਰੋਧੀ ਧਿਰ ਸ਼ਾਸਤ ਪੱਛਮੀ ਬੰਗਾਲ, ਤਾਮਿਲਨਾਡੂ, ਕਰਨਾਟਕ ਅਤੇ ਤੇਲੰਗਾਨਾ ਸਮੇਤ ਸਾਰੇ ਰਾਜਾਂ ਨੂੰ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰਾਂ ਵਿੱਚ ਡਿਜੀਟਲ ਗ੍ਰਿਫਤਾਰੀ ਦੇ ਮਾਮਲਿਆਂ ਦੀ ਜਾਂਚ ਲਈ ਸੀ ਬੀ ਆਈ ਨੂੰ ਸਹਿਮਤੀ ਦੇਣ।

ਅਦਾਲਤ ਨੇ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਕਿ ਸਾਈਬਰ ਧੋਖਾਧੜੀ ਦੇ ਮਾਮਲਿਆਂ ਵਿੱਚ ਵਰਤੇ ਜਾਂਦੇ ਬੈਂਕ ਖਾਤਿਆਂ ਨੂੰ ਫਰੀਜ਼ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਜਾਂ ਮਸ਼ੀਨ ਲਰਨਿੰਗ ਤਕਨਾਲੋਜੀ ਕਿਉਂ ਨਹੀਂ ਵਰਤੀ ਜਾ ਰਹੀ। ਬੈਂਚ, ਜੋ ਕਿ ਹਰਿਆਣਾ ਦੇ ਇੱਕ ਬਜ਼ੁਰਗ ਜੋੜੇ ਦੀ ਸ਼ਿਕਾਇਤ 'ਤੇ ਖੁਦ-ਬ-ਖੁਦ ਦਰਜ ਕੀਤੇ ਕੇਸ ਵਿੱਚ ਨਿਰਦੇਸ਼ ਦੇ ਰਹੀ ਸੀ, ਨੇ ਨੋਟ ਕੀਤਾ ਕਿ ਜ਼ਿਆਦਾਤਰ ਬਜ਼ੁਰਗ ਨਾਗਰਿਕਾਂ ਨੂੰ ਸਾਈਬਰ ਅਪਰਾਧੀਆਂ ਦੁਆਰਾ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਦੀ ਮਿਹਨਤ ਦੀ ਕਮਾਈ ਲੁੱਟੀ ਜਾਂਦੀ ਹੈ। ਉਸ ਨੇ ਸੂਚਨਾ ਤਕਨਾਲੋਜੀ ਵਿਚੋਲਿਆਂ ਨੂੰ ਡਿਜੀਟਲ ਗ੍ਰਿਫਤਾਰੀ ਦੇ ਮਾਮਲਿਆਂ ਨਾਲ ਸੰਬੰਧਤ ਜਾਂਚ ਵਿੱਚ ਸੀ ਬੀ ਆਈ ਨੂੰ ਵੇਰਵੇ ਅਤੇ ਸਹਿਯੋਗ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ।

ਬੈਂਚ ਨੇ ਸੀ ਬੀ ਆਈ ਨੂੰ ਵਿਦੇਸ਼ੀ ਟੈਕਸ ਹੈਵਨ ਦੇਸ਼ਾਂ ਤੋਂ ਕੰਮ ਕਰ ਰਹੇ ਸਾਈਬਰ ਅਪਰਾਧੀਆਂ ਤੱਕ ਪਹੁੰਚਣ ਲਈ ਇੰਟਰਪੋਲ ਤੋਂ ਸਹਾਇਤਾ ਲੈਣ ਦਾ ਵੀ ਨਿਰਦੇਸ਼ ਦਿੱਤਾ। ਇਸ ਨੇ ਦੂਰਸੰਚਾਰ ਵਿਭਾਗ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਦੂਰਸੰਚਾਰ ਸੇਵਾ ਪ੍ਰਦਾਤਾ ਇੱਕ ਉਪਭੋਗਤਾ ਜਾਂ ਸੰਸਥਾ ਨੂੰ ਕਈ ਸਿਮ ਕਾਰਡ ਪ੍ਰਦਾਨ ਨਾ ਕਰਨ, ਜਿਨ੍ਹਾਂ ਦੀ ਵਰਤੋਂ ਸਾਈਬਰ ਅਪਰਾਧਾਂ ਵਿੱਚ ਕੀਤੀ ਜਾ ਸਕਦੀ ਹੈ। ਸੀ ਬੀ ਆਈ ਨਾਲ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਬੈਂਚ ਨੇ ਸਾਰੇ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਅਜਿਹੇ ਆਨਲਾਈਨ ਅਪਰਾਧਾਂ ਨਾਲ ਨਜਿੱਠਣ ਲਈ ਇੱਕ ਖੇਤਰੀ ਅਤੇ ਸੂਬਾ ਸਾਈਬਰ ਕ੍ਰਾਈਮ ਤਾਲਮੇਲ ਕੇਂਦਰ ਸਥਾਪਤ ਕਰਨ ਲਈ ਕਿਹਾ। ਇਸ ਨੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਗ੍ਰਹਿ ਮੰਤਰਾਲੇ, ਦੂਰਸੰਚਾਰ ਵਿਭਾਗ, ਵਿੱਤ ਮੰਤਰਾਲੇ ਅਤੇ ਇਲੈਕਟਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਸਮੇਤ ਵੱਖ-ਵੱਖ ਕੇਂਦਰੀ ਮੰਤਰਾਲਿਆਂ ਦੇ ਵਿਚਾਰ ਸਾਈਬਰ ਅਪਰਾਧਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਇਸ ਦੇ ਸਾਹਮਣੇ ਰੱਖੇ ਜਾਣ। ਉਸ ਨੇ ਕਿਹਾ ਕਿ ਸਾਰੇ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਉਨ੍ਹਾਂ ਦੀਆਂ ਪੁਲਸ ਏਜੰਸੀਆਂ ਸੀ ਬੀ ਆਈ ਦੇ ਨਾਲ ਨਾਗਰਿਕਾਂ ਨੂੰ ਧੋਖਾ ਦੇਣ ਲਈ ਵਰਤੇ ਜਾਂਦੇ ਬੈਂਕ ਖਾਤਿਆਂ ਨੂੰ ਫਰੀਜ਼ ਕਰਨ ਲਈ ਸੁਤੰਤਰ ਹਨ। ਸ਼ੁਰੂਆਤ ਵਿੱਚ ਬੈਂਚ ਨੇ ਸੀ ਬੀ ਆਈ ਨੂੰ ਉਨ੍ਹਾਂ ਬੈਂਕ ਅਧਿਕਾਰੀਆਂ ਦੀ ਜਾਂਚ ਕਰਨ ਦਾ ਨਿਰਦੇਸ਼ ਦਿੱਤਾ, ਜੋ ਗੱਠਜੋੜ ਵਿੱਚ ਹਨ ਅਤੇ ਨਾਗਰਿਕਾਂ ਨੂੰ ਧੋਖਾ ਦੇਣ ਵਿੱਚ ਧੋਖੇਬਾਜ਼ਾਂ ਨਾਲ ਮਿਊਲ ਖਾਤੇ ਚਲਾਉਣ ਵਿੱਚ ਮਦਦ ਕਰਦੇ ਹਨ। ਮਿਊਲ ਖਾਤਾ ਕਿਸੇ ਹੋਰ ਦੇ ਨਾਂਅ 'ਤੇ ਇੱਕ ਬੈਂਕ ਖਾਤਾ ਹੁੰਦਾ ਹੈ, ਜਿਸ ਦੀ ਵਰਤੋਂ ਸਾਈਬਰ ਅਪਰਾਧੀਆਂ ਦੁਆਰਾ ਨਾਜਾਇਜ਼ ਫੰਡ ਪ੍ਰਾਪਤ ਕਰਨ ਅਤੇ ਟਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ, ਜਿਸ ਨਾਲ ਜਾਂਚ ਏਜੰਸੀਆਂ ਲਈ ਪੈਸੇ ਦੇ ਅਸਲ ਸਰੋਤ ਦਾ ਪਤਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ।

3 ਨਵੰਬਰ ਨੂੰ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਡਿਜੀਟਲ ਗ੍ਰਿਫਤਾਰੀ ਦੇ ਮਾਮਲਿਆਂ ਨਾਲ ਸਖਤੀ ਨਾਲ ਨਜਿੱਠਣ ਦੀ ਜ਼ਰੂਰਤ ਹੈ। ਦੇਸ਼ ਵਿੱਚ ਅਜਿਹੇ ਸਾਈਬਰ ਅਪਰਾਧਾਂ ਦੇ ਪੈਮਾਨੇ 'ਤੇ ਹੈਰਾਨੀ ਪ੍ਰਗਟਾਈ ਸੀ, ਜਿਸ ਵਿੱਚ ਬਜ਼ੁਰਗ ਨਾਗਰਿਕਾਂ ਸਮੇਤ ਪੀੜਤਾਂ ਤੋਂ ਕਥਿਤ ਤੌਰ 'ਤੇ 3,000 ਕਰੋੜ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਗਈ ਹੈ।

# ਦਰਵੇਸ਼ ਨੂੰ ਲੈ ਕੇ ਕਲੇਸ਼



**ਨਵੀਂ ਦਿੱਲੀ** : ਕਾਂਗਰਸ ਸੰਸਦ ਮੈਂਬਰ ਰੇਣੂਕਾ ਚੌਧਰੀ ਵੱਲੋਂ ਸੰਸਦ ਭਵਨ ਕੰਪਲੈਕਸ ਵਿੱਚ ਕੁੱਤਾ ਲਿਆਉਣ 'ਤੇ ਵਿਵਾਦ ਖੜ੍ਹਾ ਹੋ ਗਿਆ। ਇਸ 'ਤੇ ਗੁੱਸੇ ਵਿੱਚ ਆਈ ਰੇਣੂਕਾ ਨੇ ਪੱਤਰਕਾਰਾਂ ਨੂੰ ਪੁੱਛਿਆ ਕਿ ਕੀ ਸੰਸਦ ਵਿੱਚ ਕੁੱਤਿਆਂ ਨੂੰ ਲਿਆਉਣ ਤੋਂ ਰੋਕਣ ਵਾਲਾ ਕੋਈ ਕਾਨੂੰਨ ਹੈ? ਉਸ ਨੇ ਕਿਹਾ, 'ਮੈਂ ਸੜਕ 'ਤੇ ਆ ਰਹੀ ਸੀ, ਜਦੋਂ ਇੱਕ ਸਕੂਟਰ ਚਾਲਕ ਇੱਕ ਕਾਰ ਚਾਲਕ ਨਾਲ ਟਕਰਾ ਗਿਆ। ਉੱਥੇ ਇਹ ਛੋਟਾ ਕੁੱਤਾ ਸੜਕ 'ਤੇ ਘੁੰਮ ਰਿਹਾ ਸੀ। ਮੈਂ ਸੋਚਿਆ ਕਿ ਇਹ ਕਿਸੇ ਵਾਹਨ ਦੇ ਟਾਇਰ ਹੇਠਾਂ ਆ ਜਾਵੇਗਾ। ਇਸ ਲਈ ਮੈਂ ਇਸ ਨੂੰ ਚੁੱਕਿਆ, ਕਾਰ ਵਿੱਚ ਪਾਇਆ ਅਤੇ ਲੈ ਆਈ।' ਰੇਣੂਕਾ ਨੇ ਅੱਗੇ ਕਿਹਾ, 'ਮੈਂ ਕੁੱਤਾ ਵਾਪਸ ਭੇਜ ਦਿੱਤਾ। ਕਾਰ ਵੀ ਚਲੀ ਗਈ ਅਤੇ ਕੁੱਤਾ ਵੀ, ਤਾਂ ਚਰਚਾ ਕਿਸ ਬਾਰੇ ਹੈ?' ਰੇਣੂਕਾ ਨੇ ਕਿਹਾ ਕਿ ਉਸ ਦੇ ਕੋਲ ਅਜਿਹੇ ਬਹੁਤ ਸਾਰੇ ਗਲੀ ਦੇ ਕੁੱਤੇ ਹਨ। ਜੇ ਤੁਸੀਂ ਚਾਹੋ, ਤਾਂ 10-20 ਦੇ ਸਕਦੀ ਹਾਂ।

# ਨਿਰਮਲ ਨਿੰਮਾ ਨੇ ਕਾਂਗਰਸ ਛੱਡੀ

**ਸ਼ਹਿਣਾ** : ਸਾਬਕਾ ਵਿਧਾਇਕ ਨਿਰਮਲ ਸਿੰਘ ਨਿੰਮਾ ਨੇ ਕਾਂਗਰਸ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ। ਨਿੰਮਾ 1992 ਵਿੱਚ ਵਿਧਾਇਕ ਚੁਣੇ ਗਏ ਸਨ ਤੇ 2016 ਵਿੱਚ ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਦੇ ਕਾਂਗਰਸ ਵਿੱਚ ਮਰਜ਼ ਹੋਣ ਸਮੇਂ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਉਹ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਸਾਥੀਆਂ ਵਿੱਚੋਂ ਹਨ। ਉਨ੍ਹਾ ਕਿਹਾ ਕਿ ਕਾਂਗਰਸ ਨੇ ਉਨ੍ਹਾ ਨੂੰ ਲਗਾਤਾਰ ਅਣਗੌਲਿਆ। ਉਹ 2017 ਵਿੱਚ ਕਾਂਗਰਸ ਵੱਲੋਂ ਭਦੌੜ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਏ ਗਏ ਸਨ, ਪਰ ਕੁਝ ਕਾਰਨਾਂ ਕਾਰਨ ਉਨ੍ਹਾ ਦੀ ਟਿਕਟ ਚੋਣ ਪ੍ਰਕਿਰਿਆ ਵਿੱਚ ਹੀ ਕੱਟ ਦਿੱਤੀ ਗਈ ਸੀ। ਮਨਪ੍ਰੀਤ ਬਾਦਲ ਭਾਵੇਂ ਭਾਜਪਾ ਵਿੱਚ ਚਲੇ ਗਏ ਹਨ, ਪਰ ਉਨ੍ਹਾ ਕਾਂਗਰਸ ਨਹੀਂ ਛੱਡੀ ਸੀ।

# ਪਰਾਲੀ ਸਾੜਨ ਨੂੰ ਬੇਲੋੜਾ ਸਿਆਸੀ ਮੁੱਦਾ ਨਾ ਬਣਾਓ : ਚੀਫ ਜਸਟਿਸ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਦਿੱਲੀ-ਐੱਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਸਿਰਫ ਸਰਦੀਆਂ ਦੇ ਮਹੀਨਿਆਂ ਦੌਰਾਨ ਸੁਣਵਾਈ ਨਾ ਹੋਵੇ ਬਲਕਿ ਇਸ ਗੰਭੀਰ ਮਾਮਲੇ ਦੇ ਸਥਾਈ ਹੱਲ ਲਈ ਹਰ ਮਹੀਨੇ ਦੋ ਵਾਰ ਵਿਚਾਰ ਕੀਤਾ ਜਾਵੇ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਪਰਾਲੀ ਸਾੜਨ ਦਾ ਮੁੱਦਾ ਬੇਲੋੜਾ ਰਾਜਨੀਤਕ ਮੁੱਦਾ ਜਾਂ ਹੰਕਾਰ ਦਾ ਮੁੱਦਾ ਨਹੀਂ ਬਣਨਾ ਚਾਹੀਦਾ। ਚੀਫ ਜਸਟਿਸ ਨੇ ਕਿਹਾ, 'ਕੋਵਿਡ ਦੌਰਾਨ ਪਰਾਲੀ ਸਾੜਨ ਦਾ ਕੰਮ ਚਲਦਾ ਰਿਹਾ ਪਰ ਉਸ ਵੇਲੇ ਲੋਕਾਂ ਨੇ ਸਾਫ ਤੇ ਨੀਲਾ ਅਸਮਾਨ ਕਿਉਂ ਦੇਖਿਆ। ਅਸੀਂ ਪਰਾਲੀ ਸਾੜਨ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ।' ਸੀਜੇਆਈ ਨੇ ਕਿਹਾ ਕਿ ਪਰਾਲੀ ਸਾੜਨ ਦੇ ਮੁੱਦੇ ਨੂੰ ਬੇਲੋੜਾ ਰਾਜਨੀਤਕ ਮੁੱਦਾ ਜਾਂ ਹੰਕਾਰ ਦਾ ਮੁੱਦਾ ਨਹੀਂ ਬਣਨਾ ਚਾਹੀਦਾ। ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਕਾਰਕਾਂ ਦੀ ਵੀ ਨਿਸ਼ਾਨਦੇਹੀ ਕਰ ਕੇ ਸਥਾਈ ਹੱਲ ਕੱਢਣਾ ਚਾਹੀਦਾ ਹੈ।

## ਪੰਜਾਬ 'ਚ ਵੱਧ ਠੰਢ ਪਏਗੀ

**ਨਵੀਂ ਦਿੱਲੀ** : ਭਾਰਤੀ ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜਯ ਮਹਾਪਾਤਰਾ ਨੇ ਸੋਮਵਾਰ ਕਿਹਾ ਕਿ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਦੇ ਕੁਝ ਹਿੱਸਿਆਂ ਵਿੱਚ ਆਮ ਨਾਲੋਂ ਠੰਢ ਵਧੇਗੀ। ਉਨ੍ਹਾ ਕਿਹਾ ਕਿ ਆਉਣ ਵਾਲੇ ਸਰਦੀਆਂ ਦੇ ਮੌਸਮ (ਦਸੰਬਰ 2025 ਤੋਂ ਫਰਵਰੀ 2026) ਦੌਰਾਨ ਮੱਧ ਭਾਰਤ ਅਤੇ ਨਾਲ ਲੱਗਦੇ ਪ੍ਰਾਇਦੀਪ ਅਤੇ ਉੱਤਰ-ਪੱਛਮੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਘੱਟ ਤਾਪਮਾਨ ਰਹਿਣ ਦੀ ਸੰਭਾਵਨਾ ਹੈ।

# ਇਮਰਾਨ ਦੀ ਤਿੰਨ ਹਫਤਿਆਂ ਤੋਂ ਕੋਈ ਖਬਰਸਾਰ ਨਹੀਂ



**ਕਰਾਚੀ** : ਜੇਲ੍ਹਬੰਦ ਸਾਬਕਾ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਪੁੱਤਰਾਂ ਨੂੰ ਡਰ ਹੈ ਕਿ ਅਧਿਕਾਰੀ ਉਨ੍ਹਾ ਦੀ ਸਥਿਤੀ ਬਾਰੇ ਕੁਝ ਲੁਕਾ ਰਹੇ ਹਨ, ਕਿਉਂਕਿ ਤਿੰਨ ਹਫਤਿਆਂ ਤੋਂ ਵੱਧ ਸਮੇਂ ਤੋਂ ਇਸ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਉਹ ਅਜੇ ਵੀ ਜ਼ਿੰਦਾ ਹਨ।

ਉਨ੍ਹਾਂ ਦੇ ਇੱਕ ਪੁੱਤਰ ਨੇ ਇਹ ਜਾਣਕਾਰੀ ਦਿੱਤੀ ਕਿ ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਜੇਲ੍ਹ ਮੁਲਾਕਾਤਾਂ 'ਤੇ ਲੱਗੀ ਰੋਕ ਕਾਇਮ ਹੈ ਅਤੇ ਸੰਭਾਵਤ ਜੇਲ੍ਹ ਤਬਾਦਲੇ ਬਾਰੇ ਅਫਵਾਹਾਂ ਫੈਲ ਰਹੀਆਂ ਹਨ। ਉਨ੍ਹਾਂ ਦੇ ਬੇਟੇ ਕਾਸਿਮ ਖਾਨ ਨੇ ਦੱਸਿਆ ਕਿ ਹਫਤਾਵਾਰੀ ਮੁਲਾਕਾਤਾਂ ਦੇ ਅਦਾਲਤੀ ਹੁਕਮ ਦੇ ਬਾਵਜੂਦ ਪਰਵਾਰ ਦਾ ਖਾਨ ਨਾਲ ਕੋਈ ਸਿੱਧਾ ਜਾਂ ਤਸਦੀਕਯੋਗ ਸੰਪਰਕ ਨਹੀਂ ਹੋਇਆ।

ਪੁੱਤਰ ਨੇ ਅੱਗੇ ਕਿਹਾ, 'ਅੱਜ ਸਾਡੇ ਕੋਲ ਉਨ੍ਹਾ ਦੀ ਹਾਲਤ ਬਾਰੇ ਕੋਈ ਤਸਦੀਕਯੋਗ ਜਾਣਕਾਰੀ ਨਹੀਂ। ਸਾਡਾ ਸਭ ਤੋਂ ਵੱਡਾ ਡਰ ਇਹ ਹੈ ਕਿ ਕੋਈ ਅਟੱਲ ਚੀਜ਼ ਸਾਡੇ ਤੋਂ ਲੁਕਾਈ ਜਾ ਰਹੀ ਹੈ। ਪਰਵਾਰ ਨੇ ਵਾਰ-ਵਾਰ ਖਾਨ ਦੇ ਨਿੱਜੀ ਡਾਕਟਰ ਲਈ ਪਹੁੰਚ ਦੀ ਮੰਗ ਕੀਤੀ ਹੈ, ਜਿਨ੍ਹਾ ਨੂੰ ਇੱਕ ਸਾਲ ਤੋਂ ਵੱਧ ਸਮੇਂ ਤੋਂ ਉਨ੍ਹਾ ਦੀ ਜਾਂਚ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।'

ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਟਿੱਪਣੀ ਲਈ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦੇ ਹੋਏ ਇੱਕ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਖਾਨ ਦੀ ਸਿਹਤ ਠੀਕ ਹੈ ਅਤੇ ਅੱਗੇ ਕਿਹਾ ਕਿ ਉਨ੍ਹਾ ਨੂੰ ਕਿਸੇ ਉੱਚ-ਸੁਰੱਖਿਆ ਵਾਲੀ ਸਹੂਲਤ ਵਿੱਚ ਤਬਦੀਲ ਕਰਨ ਦੀ ਕਿਸੇ ਯੋਜਨਾ ਬਾਰੇ ਕੋਈ ਜਾਣਕਾਰੀ ਨਹੀਂ। 72 ਸਾਲਾ ਖਾਨ ਅਗਸਤ 2023 ਤੋਂ ਜੇਲ੍ਹ ਵਿੱਚ ਹਨ। ਉਨ੍ਹਾ ਨੂੰ ਕਈ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦਾ ਕਹਿਣਾ ਹੈ ਕਿ ਇਹ ਮੁਕੱਦਮੇ ਉਨ੍ਹਾ ਨੂੰ ਜਨਤਕ ਜੀਵਨ ਅਤੇ ਚੋਣਾਂ ਤੋਂ ਬਾਹਰ ਰੱਖਣ ਲਈ ਹਨ।

# ਬੀ ਐੱਲ ਏ ਦੇ ਤਿੰਨ ਲੜਾਕੇ ਮਾਰਨ ਦਾ ਦਾਅਵਾ

**ਕੋਇਟਾ** : ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਵਿੱਚ ਇੱਕ ਅਰਧ ਸੈਨਿਕ ਬਲ ਦੇ ਹੈੱਡਕੁਆਰਟਰ 'ਤੇ ਹੋਏ ਹਮਲੇ ਨੂੰ ਪਾਬੰਦੀਸ਼ੁਦਾ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ ਐੱਲ ਏ) ਦੇ ਤਿੰਨ ਲੜਾਕੂਆਂ ਨੂੰ ਮਾਰ ਕੇ ਨਾਕਾਮ ਕਰ ਦੇਣ ਦਾ ਦਾਅਵਾ ਕੀਤਾ ਗਿਆ ਹੈ।

ਅਰਧ ਸੈਨਿਕ ਬਲ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਰਾਤ ਨੂੰ ਚਾਗਾਈ ਜ਼ਿਲ੍ਹੇ ਦੇ ਨੋਕੁੰਦੀ ਕਸਬੇ ਵਿੱਚ ਵਾਪਰੀ, ਜਦੋਂ ਇੱਕ ਆਤਮਘਾਤੀ ਹਮਲਾਵਰ ਨੇ ਮੁੱਖ ਗੇਟ 'ਤੇ ਖੁਦ ਨੂੰ ਉਡਾ ਲਿਆ, ਜਿਸ ਤੋਂ ਬਾਅਦ 6 ਅੱਤਵਾਦੀਆਂ ਨੇ ਫਰੰਟੀਅਰ ਕੋਰ ਦੇ ਹੈੱਡਕੁਆਰਟਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਅੰਦਰ ਵੜਨ ਵਿੱਚ ਕਾਮਯਾਬ ਰਹੇ ਤਿੰਨ ਨੂੰ ਜਵਾਨਾਂ ਨੇ ਮਾਰ ਦਿੱਤਾ।

# ਭਾਰਤੀ ਹੁਨਰਮੰਦਾਂ ਦਾ ਅਮਰੀਕਾ ਨੂੰ ਲਾਭ ਹੋਇਆ : ਮਸਕ

**ਨਿਊ ਯਾਰਕ** : ਟੈਸਲਾ ਦੇ ਸੀ ਈ ਓ ਐਲਨ ਮਸਕ ਨੇ ਕਿਹਾ ਹੈ ਕਿ ਅਮਰੀਕਾ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਇਮੀਗ੍ਰੇਸ਼ਨ ਨੀਤੀਆਂ ਅਤੇ ਆਲਮੀ ਪ੍ਰਤਿਭਾ ਨੂੰ ਆਕਰਸ਼ਤ ਕਰਨ ਦੀ ਮਹੱਤਤਾ ਬਾਰੇ ਚੱਲ ਰਹੀਆਂ ਚਰਚਾਵਾਂ ਦੌਰਾਨ ਮਸਕ ਨੇ ਅਮਰੀਕਾ ਵਿੱਚ ਭਾਰਤੀ ਪ੍ਰਤਿਭਾ ਦੇ ਮਹੱਤਵਪੂਰਨ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਦੇਸ਼ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਜ਼ੀਰੋਧਾ ਦੇ ਸਹਿ-ਸੰਸਥਾਪਕ ਨਿਖਿਲ ਕਾਮਥ ਨਾਲ ਇੱਕ ਇੰਟਰਵਿਊ ਵਿੱਚ ਮਸਕ ਨੇ ਕਿਹਾ, 'ਮੇਰਾ ਖਿਆਲ ਹੈ ਕਿ ਅਮਰੀਕਾ ਨੂੰ ਅਮਰੀਕਾ ਆਏ ਪ੍ਰਤਿਭਾਸ਼ਾਲੀ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਭਾਰਤੀ ਮੂਲ ਦੇ ਕਈ ਵਿਅਕਤੀਆਂ ਨੇ ਅਮਰੀਕੀ ਅਰਥ ਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਵਿਕਾਸ ਨੂੰ ਹੁਲਾਰਾ ਮਿਲਿਆ ਹੈ।'

## ਮਸਕ ਦੇ ਇੱਕ ਮੁੰਡੇ ਦਾ ਨਾਂਅ ਸ਼ੇਖਰ

**ਨਿਊ ਯਾਰਕ** : ਐਲਨ ਮਸਕ ਨੇ ਖੁਲਾਸਾ ਕੀਤਾ ਹੈ ਕਿ ਉਸ ਦੇ ਇੱਕ ਪੁੱਤਰ ਦਾ ਨਾਂਅ 'ਸ਼ੇਖਰ' ਹੈ। ਉਸ ਨੇ ਕਿਹਾ ਕਿ ਉਸ ਦੀ ਸਾਥਣ ਸ਼ਿਵੋਨ ਜਿਲਿਸ ਅੱਧੀ ਭਾਰਤੀ ਹੈ ਅਤੇ ਉਸ ਨੇ ਆਪਣੇ ਇੱਕ ਬੱਚੇ ਦਾ ਵਿਚਕਾਰਲਾ ਨਾਂਅ ਨੋਬਲ ਪੁਰਸਕਾਰ ਜੇਤੂ ਸੁਬਰਾਮਨੀਅਨ ਚੰਦਰਸ਼ੇਖਰ ਦੇ ਨਾਂਅ 'ਤੇ ਸ਼ੇਖਰ ਰੱਖਿਆ ਹੈ। ਜਿਲਿਸ ਤੇ ਮਸਕ ਦੇ ਚਾਰ ਬੱਚੇ ਹਨ।

ਜਿਲਿਸ ਮਸਕ ਦੀ ਇੱਕ ਕੰਪਨੀ ਨਿਊਰਾਲਿੰਕ ਵਿੱਚ ਅਪਰੇਸ਼ਨਲ ਤੇ ਸਪੈਸ਼ਲ ਪ੍ਰਾਜੈਕਟਸ ਵਿੱਚ ਨਿਰਦੇਸ਼ਕ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਜਿਲਿਸ ਭਾਰਤ ਵਿੱਚ ਰਹੀ ਹੈ, ਮਸਕ ਨੇ ਕਿਹਾ ਕਿ ਜਦੋਂ ਉਹ ਛੋਟੀ ਸੀ ਤਾਂ ਉਸ ਨੂੰ ਗੋਦ ਲੈ ਲਿਆ ਗਿਆ ਸੀ ਅਤੇ ਉਹ ਕੈਨੇਡਾ ਵਿੱਚ ਪਲੀ-ਵਧੀ ਹੈ।

# ਹਰਿਆਣਾ ਨੂੰ ਚੰਡੀਗੜ੍ਹ 'ਚ ਅਸੰਬਲੀ ਲਈ ਥਾਂ ਨਾ ਮਿਲਣਾ ਮਾਨ ਸਰਕਾਰ ਦੇ ਦ੍ਰਿੜ੍ਹ ਸਟੈਂਡ ਦਾ ਨਤੀਜਾ : ਧਾਲੀਵਾਲ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਹਰਿਆਣਾ ਦੀ ਮੰਗ ਨੂੰ ਰੱਦ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ।ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਦ੍ਰਿੜ੍ਹ ਸਟੈਂਡ ਦਾ ਨਤੀਜਾ ਹੈ, ਜਿਸ ਅੱਗੇ ਕੇਂਦਰ ਨੂੰ ਝੁਕਣਾ ਪਿਆ।

ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਹਰਿਆਣਾ ਲੰਮੇ ਸਮੇਂ ਤੋਂ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਜਗ੍ਹਾ ਦੀ ਮੰਗ ਕਰ ਰਿਹਾ ਸੀ। ਉਨ੍ਹਾ ਕਿਹਾ ਕਿ ਸਾਡੀ ਸਰਕਾਰ ਅਤੇ ਪਾਰਟੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਹਿਲਾਂ ਹੀ ਕੇਂਦਰ ਸਰਕਾਰ ਤੋਂ ਮੰਗ ਕਰ ਚੁੱਕੀ ਹੈ ਕਿ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਲਈ ਹਰਿਆਣਾ ਨੂੰ ਜਗ੍ਹਾ ਨਹੀਂ ਦਿੱਤੀ ਜਾ ਸਕਦੀ।

ਉਹਨਾ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਦੀ ਜ਼ਮੀਨ 'ਤੇ ਬਣਿਆ ਹੈ। ਉਨ੍ਹਾ ਕੇਂਦਰ ਸਰਕਾਰ ਦੇ ਹਾਲੀਆ ਫੈਸਲੇ ਦਾ ਸਵਾਗਤ ਕੀਤਾ। ਇਹ ਸਿਰਫ਼ ਇਸ ਲਈ ਸੰਭਵ ਹੋਇਆ, ਕਿਉਂਕਿ ਅਸੀਂ ਹਾਲ ਹੀ ਦੇ ਸਾਲਾਂ ਵਿੱਚ ਇਸ ਮੁੱਦੇ 'ਤੇ ਦ੍ਰਿੜ੍ਹ ਸਟੈਂਡ ਲਿਆ ਸੀ। ਉਨ੍ਹਾ ਇਸ ਜਿੱਤ ਨੂੰ ਕਿਸੇ ਪਾਰਟੀ ਦੀ ਨਹੀਂ, ਸਗੋਂ ਸਾਰੇ ਪੰਜਾਬੀਆਂ ਦੀ ਜਿੱਤ ਦੱਸਿਆ। ਉਨ੍ਹਾ ਇਹ ਵੀ ਯਾਦ ਦਿਵਾਇਆ ਕਿ ਮੁੱਖ ਮੰਤਰੀ ਨੇ ਉਸ ਸਮੇਂ ਇਸ ਸੰਬੰਧ ਵਿੱਚ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਲਿਖਿਆ ਸੀ।

ਉਨ੍ਹਾ ਕਿਹਾ ਕਿ ਇੱਥੇ ਕਿਸੇ ਹੋਰ ਦਾ ਕੋਈ ਦਾਅਵਾ ਨਹੀਂ, ਨਾ ਹੀ ਅਸੀਂ ਕਿਸੇ ਹੋਰ ਦਾ ਦਾਅਵਾ ਸਵੀਕਾਰ ਕਰਦੇ ਹਾਂ। ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਦਾ ਹੀ ਰਹੇਗਾ।

ਉਨ੍ਹਾ ਮੰਗ ਕੀਤੀ ਕਿ ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਹੋਰ ਮਜ਼ਬੂਤ ਕੀਤਾ ਜਾਵੇ।

ਪੰਜਾਬੀ ਸਾਡੀ ਮੁੱਖ ਮਾਤ ਭਾਸ਼ਾ ਹੈ ਅਤੇ ਇਸ ਨੂੰ ਚੰਡੀਗੜ੍ਹ ਵਿੱਚ ਉਸੇ ਤਰ੍ਹਾਂ ਲਾਗੂ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਇਹ ਪੰਜਾਬ ਵਿੱਚ ਹੈ।

# ਜਮਹੂਰੀ ਤੇ ਕਮਿਊਨਿਸਟ ਧਿਰਾਂ ਦਾ ਅੱਗੇ ਵਧਣਾ ਸਮੇਂ ਦੀ ਮੰਗ : ਕੈਲੇ

## ਗਿਆਨ ਸੈਦਪੁਰੀ ਤਹਿਸੀਲ ਸਕੱਤਰ ਬਣੇ



**ਸ਼ਾਹਕੋਟ (ਪੱਤਰ ਪ੍ਰੇਰਕ)**

'ਵੱਖ-ਵੱਖ ਭਾਈਚਾਰਿਆਂ ਅੰਦਰ ਫਿਰਕੂ ਜ਼ਹਿਰ ਫੈਲਾਉਣ, ਇੱਕ ਵਿਸ਼ੇਸ਼ ਭਾਈਚਾਰੇ ਨੂੰ ਸਰਕਾਰੀ ਪੱਧਰ 'ਤੇ ਦਬਾਉਣ, ਮਜ਼ਦੂਰ ਵਰਗ ਲਈ ਕੁਝ ਰਾਹਤ ਦਿੰਦੀ ਮਨਰੇਗਾ ਸਕੀਮ ਨੂੰ ਖਤਮ ਕਰਨ ਤੇ ਕਿਸਾਨਾਂ ਦੇ ਮਸਲਿਆਂ ਨੂੰ ਅਣਡਿੱਠ ਕਰਨ ਦੇ ਇਸ ਦੌਰ ਵਿੱਚ ਇੱਕ ਮਜ਼ਬੂਤ ਵਿਰੋਧੀ ਧਿਰ ਹੋਂਦ ਵਿੱਚ ਆਉਣੀ ਬੇਹੱਦ ਜ਼ਰੂਰੀ ਹੋ ਗਈ ਹੈ। ਇਸ ਮਾਮਲੇ ਲਈ ਜਮਹੂਰੀ ਤੇ ਕਮਿਊਨਿਸਟ ਧਿਰਾਂ ਨੂੰ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਕੇ ਅੱਗੇ ਵਧਣਾ ਸਮੇਂ ਦੀ ਮੰਗ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਸ਼ਪਾਲ ਕੈਲੇ ਨੇ ਕੀਤਾ। ਉਹ ਸੀ ਪੀ ਆਈ ਤਹਿਸੀਲ ਸ਼ਾਹਕੋਟ ਦੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਲੰਘੇ ਸਤੰਬਰ ਮਹੀਨੇ ਵਿੱਚ ਹੋਈ ਪਾਰਟੀ ਕਾਂਗਰਸ ਵਿੱਚ ਇਸ ਗੱਲ ਦਾ ਅਹਿਦ ਕੀਤਾ ਗਿਆ ਕਿ ਪਾਰਟੀ ਨੂੰ ਬਰਾਂਚ ਪੱਧਰ 'ਤੇ ਮਜ਼ਬੂਤ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਕੈਲੇ ਤਹਿਸੀਲ ਕਾਨਫਰੰਸ ਵਿੱਚ ਅਬਜ਼ਰਵਰ ਵਜੋਂ ਸ਼ਾਮਿਲ ਹੋਏ ਸਨ। ਸੀ ਪੀ ਆਈ (ਐੱਮ) ਦੇ ਆਗੂ ਵਰਿੰਦਰ ਪਾਲ ਕਾਲਾ ਨੇ ਭਰਾਤਰੀ ਸੰਦੇਸ਼ ਵਿੱਚ ਸੀ ਪੀ ਆਈ ਦੇ ਵਧਣ-ਫੁੱਲਣ ਦੀ ਕਾਮਨਾ ਕੀਤੀ। ਦੂਸਰੇ ਅਬਜ਼ਰਵਰ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਐਗਜ਼ੈਕਟਿਵ ਮੈਂਬਰ ਸਿਕੰਦਰ ਸੰਧੂ ਨੇ ਆਪਣੇ ਸੰਬੋਧਨ ਵਿੱਚ ਪਾਰਟੀ ਕਾਰਕੁਨਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਪਿਛਲੇ ਸਮੇਂ ਦੇ ਕੰਮਾਂ ਦੀ ਰਿਪੋਰਟ ਗਿਆਨ ਸੈਦਪੁਰੀ ਨੇ ਪੇਸ਼ ਕੀਤੀ। ਰਿਪੋਰਟ ਸਰਬਸੰਮਤੀ ਨਾਲ ਪਾਸ ਹੋਈ। ਉਪਰੰਤ ਤਹਿਸੀਲ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਗਈ। ਕਮੇਟੀ ਦੇ 15 ਮੈਂਬਰਾਂ ਵਿੱਚ ਗੁਰਜੀਤ ਸਿੰਘ ਫਤਿਹਪੁਰ, ਸੁਖਦੇਵ ਸਿੰਘ ਧੰਜੂ, ਸੁਨੀਲ ਕੁਮਾਰ, ਗਿਆਨ ਸੈਦਪੁਰੀ, ਰਜਿੰਦਰ ਕੁਮਾਰ ਹੈਪੀ, ਸਵਰਨ ਸਿੰਘ ਕਾਕੜ ਕਲਾਂ, ਸੁਰੇਸ਼ ਕੁਮਾਰ, ਕੁਲਵੰਤ ਸਿੰਘ, ਸੁਰਜੀਤ ਸਿੰਘ ਪੂਨੀਆ, ਡਾ. ਮੁਖਤਿਆਰ ਸਿੰਘ ਰਾਜੇਵਾਲ, ਬਲਵਿੰਦਰ ਸਿੰਘ ਸੈਦਪੁਰ, ਸਵਰਨ ਸਿੰਘ ਭੋਇਪੁਰੀ ਤੇ ਬਲਦੇਵ ਸਿੰਘ ਭੋਏਪੁਰੀ ਸ਼ਾਮਿਲ ਹਨ। ਰਕੇਸ਼ ਕੁਮਾਰ ਅਤੇ ਕੁਲਦੀਪ ਸਿੰਘ ਨੂੰ ਇਨਵਾਇਟੀ ਮੈਂਬਰ ਚੁਣਿਆ ਗਿਆ।

ਇਹਨਾਂ ਮੈਂਬਰਾਂ ਨੇ ਸਰਬਸੰਮਤੀ ਨਾਲ ਗਿਆਨ ਸੈਦਪੁਰੀ ਨੂੰ ਸਕੱਤਰ, ਗੁਰਜੀਤ ਸਿੰਘ ਫਤਿਹਪੁਰੀ ਤੇ ਰਜਿੰਦਰ ਕੁਮਾਰ ਹੈਪੀ ਨੂੰ ਸਹਾਇਕ ਸਕੱਤਰ ਤੇ ਸੁਨੀਲ ਕੁਮਾਰ ਨੂੰ ਵਿੱਤ ਸਕੱਤਰ ਚੁਣਿਆ। ਜ਼ਿਲ੍ਹਾ ਕਾਨਫਰੰਸ ਲਈ 15 ਡੈਲੀਗੇਟਾਂ ਦੀ ਚੋਣ ਕੀਤੀ ਗਈ। ਹਰਦੇਵ ਸਿੰਘ ਤੇ ਰਣਜੀਤ ਨੂੰ ਬਦਲਵੇਂ ਡੈਲੀਗੇਟਾਂ ਵਿੱਚ ਚੁਣਿਆ ਗਿਆ।ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਅਬਜ਼ਰਵਰ ਰਸ਼ਪਾਲ ਕੈਲੇ ਅਤੇ ਸਿਕੰਦਰ ਸੰਧੂ ਨੂੰ ਲੋਈ ਅਤੇ ਸਨਮਾਨ ਚਿੰਨ ਭੇਟ ਕਰਕੇ ਸਨਮਾਨਤ ਕੀਤਾ।

# ਅੱਜ-ਨਾਮਾ

ਆਈ ਇਹ ਖਬਰ ਕਿ ਵਿੱਚ ਪੰਜਾਬ ਛੇਤੀ,
ਐੱਸ ਆਈ ਆਰ ਦਾ ਚੱਲੇਗਾ ਗੇੜ ਬੇਲੀ।
ਜੀਹਦਾ ਰੌਲਾ ਸੀ ਦੇਸ਼ ਵਿੱਚ ਬਹੁਤ ਪੈਂਦਾ,
ਏਥੇ ਵੀ ਲੱਗੀ ਉਹ ਛਿੜਨ ਹੈ ਛੇੜ ਬੇਲੀ।
ਚੱਲਦੀ ਚਰਚਾ ਤਾਂ ਕਈ ਆ ਦਹਿਲ ਜਾਂਦੇ,
ਕਿਤੇ ਉਹ ਦੇਵੇ ਨਹੀਂ ਜੜ੍ਹਾਂ ਉਖੇੜ ਬੇਲੀ।
ਪੱਖ ਤੇ ਵਿਰੋਧ ਦੀ ਵੱਖੋ-ਵੱਖ ਸੋਚ ਬੇਲੀ,
ਹੋਊ ਮੈਦਾਨ ਵਿੱਚ ਏਸ ਨਾਲ ਭੇੜ ਬੇਲੀ।
ਜਿਨ੍ਹਾਂ ਨੂੰ ਗੰਢੀ ਕਸਤੂਰੀ ਦੀ ਜਾਪਦੀ ਊ,
ਕਹਿੰਦੇ ਭਾਰਤ ਨੂੰ ਇਹੀ ਆ ਲੋੜ ਬੇਲੀ।
ਦੂਸਰੇ ਆਖਦੇ ਜਾਣਾ ਇਹ ਵਹਿਣ ਜਿੱਥੇ,
ਤਾਣਾ ਸਮਾਜ ਦਾ ਦੇਊ ਇਹ ਤੋੜ ਬੇਲੀ।

-ਤੀਸ ਮਾਰ ਖਾਂ

# ਕੈਪਟਨ-ਸੁਖਬੀਰ ਦੀ ਮੈਚ ਫਿਕਸਿੰਗ ਸਫਲ ਨਹੀਂ ਹੋਣ ਦੇਵਾਂਗੇ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਨੇ ਸੋਮਵਾਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਰਵਾਰ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਸੂਬੇ ਦੇ ਸਰੋਤਾਂ ਨੂੰ ਲੁੱਟਣ ਦੀ ਦੋ ਦਹਾਕਿਆਂ ਤੋਂ ਚੱਲ ਰਹੀ ਸਾਜ਼ਿਸ਼ ਲਈ ਜ਼ਿੰਮੇਵਾਰ ਠਹਿਰਾਇਆ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਅਤੇ 'ਆਪ' ਦੇ ਸੀਨੀਅਰ ਆਗੂ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਨਕਾਰੇ ਗਏ ਆਗੂ, ਜਿਨ੍ਹਾਂ ਵਿੱਚ ਦੋ ਵਾਰ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾ ਦੇ ਸਾਂਢੂ ਸਿਮਰਨਜੀਤ ਸਿੰਘ ਮਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸ਼ਾਮਲ ਹਨ, ਇੱਕ ਵਾਰ ਫਿਰ ਸੱਤਾ ਵਿੱਚ ਵਾਪਸੀ ਦੇ ਸੁਪਨੇ ਦੇਖ ਰਹੇ ਹਨ। ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਹੁਣ ਇਨ੍ਹਾਂ ਦੋ ਪਰਵਾਰਾਂ ਦੀ ਲੁੱਟ ਦੀ ਰਾਜਨੀਤੀ ਨੂੰ ਹੋਰ ਬਰਦਾਸ਼ਤ ਨਹੀਂ ਕਰੇਗਾ।

ਇਸ ਗੱਲ ਦਾ ਵੇਰਵਾ ਦਿੰਦਿਆਂ ਕਿ ਕਿਵੇਂ ਦੋਵਾਂ ਪਰਵਾਰਾਂ ਨੇ 2002 ਤੋਂ 2022 ਦਰਮਿਆਨ ਵਾਰੀ-ਵਾਰੀ ਸੱਤਾ ਸੰਭਾਲੀ, ਯੋਜਨਾਬੱਧ ਢੰਗ ਨਾਲ ਆਪਣੀਆਂ ਜੇਬਾਂ ਭਰੀਆਂ ਅਤੇ ਇੱਕ-ਦੂਜੇ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਇਆ, ਚੀਮਾ ਨੇ ਖੁਲਾਸਾ ਕੀਤਾ ਕਿ 2002-2007 ਦੀ ਕੈਪਟਨ ਸਰਕਾਰ ਦੌਰਾਨ ਬਾਦਲ ਪਰਵਾਰ ਵਿਰੁੱਧ ਲਗਭਗ 4000 ਕਰੋੜ ਰੁਪਏ ਦੀ ਬੇਹਿਸਾਬੀ ਜਾਇਦਾਦ ਨਾਲ ਸੰਬੰਧਤ ਕੇਸ ਦਰਜ ਕੀਤੇ ਗਏ ਸਨ। ਹਾਲਾਂਕਿ, ਕੈਪਟਨ ਅਮਰਿੰਦਰ ਸਿੰਘ ਨੇ ਜਾਣਬੁੱਝ ਕੇ ਇਨ੍ਹਾਂ ਕੇਸਾਂ ਦੀ ਕਾਰਵਾਈ ਵਿੱਚ ਦੇਰੀ ਕੀਤੀ। ਜਦੋਂ 2007 ਵਿੱਚ ਅਕਾਲੀ-ਭਾਜਪਾ ਸਰਕਾਰ ਆਈ ਤਾਂ ਸਾਰੇ ਕੇਸ ਤੁਰੰਤ ਖਾਰਜ ਕਰ ਦਿੱਤੇ ਗਏ। ਉਹਨਾ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ, 'ਇਹ ਕੋਈ ਇਤਫ਼ਾਕ ਨਹੀਂ ਸੀ, ਇਹ ਬਾਦਲ ਅਤੇ ਕੈਪਟਨ ਪਰਵਾਰਾਂ ਵਿਚਕਾਰ ਇੱਕ-ਦੂਜੇ ਨੂੰ ਸੁਰੱਖਿਅਤ ਰੱਖਣ ਅਤੇ ਸੂਬੇ ਦੀ ਲੁੱਟ ਨੂੰ ਆਸਾਨ ਬਣਾਉਣ ਲਈ ਇੱਕ ਡੂੰਘਾ, ਲੁਕਵਾਂ ਸਮਝੌਤਾ ਸੀ।'

ਵਿੱਤ ਮੰਤਰੀ ਨੇ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਦੋਵਾਂ ਪਰਵਾਰਾਂ ਦੀਆਂ ਸਰਕਾਰਾਂ ਦੀ ਨਾਕਾਮੀ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਸੱਤਾ ਦੇ ਹੰਕਾਰ ਕਾਰਨ ਘਟਨਾਵਾਂ ਵਾਪਰਨ ਦੇਣ ਲਈ ਬਾਦਲ ਪਰਵਾਰ ਨੂੰ ਲੰਮੇ ਹੱਥੀਂ ਲਿਆ ਅਤੇ ਕੈਪਟਨ ਅਮਰਿੰਦਰ ਸਿੰਘ 'ਤੇ 2017 ਵਿੱਚ ਗੁਟਕਾ ਸਾਹਿਬ ਹੱਥ ਵਿੱਚ ਫੜ ਕੇ ਝੂਠਾ ਵਾਅਦਾ ਕਰਨ ਲਈ ਤਿੱਖਾ ਨਿਸ਼ਾਨਾ ਸਾਧਿਆ। ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਨੇ ਜਸਟਿਸ ਰਣਜੀਤ ਸਿੰਘ ਅਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨਾਂ ਦੀ ਵਰਤੋਂ ਸਿਰਫ਼ ਪੰਚਾਇਤੀ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਲਈ ਕੀਤੀ, ਦੋਸ਼ੀਆਂ ਵਿਰੁੱਧ ਕੋਈ ਠੋਸ ਕਾਰਵਾਈ ਕਰਨ ਵਿੱਚ ਅਸਫਲ ਰਹੇ।

ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਭਰੋਸੇਯੋਗਤਾ 'ਤੇ ਹਮਲਾ ਕਰਦਿਆਂ ਵਿੱਤ ਮੰਤਰੀ ਨੇ ਉਨ੍ਹਾ ਨੂੰ 'ਦਲ-ਬਦਲੀ ਦਾ ਮਾਸਟਰ' ਕਰਾਰ ਦਿੱਤਾ, ਜਿਸ • ਬਾਕੀ ਸਫ਼ਾ 2 'ਤੇ

CMYK

# ਬਲਾਕ ਸੰਮਤੀ ਚੋਣਾਂ ਸੰਬੰਧੀ ਕਾਂਗਰਸ ਵੱਲੋਂ ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ

**ਉਮੀਦਵਾਰਾਂ ਨੂੰ ਜਿਤਾਉਣ ਲਈ ਵਰਕਰ ਘਰ-ਘਰ ਜਾ ਕੇ ਚੋਣ ਪ੍ਰਚਾਰ ਕਰਨਗੇ : ਰਾਜਾ ਗਿੱਲ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਦੇ ਤਿੰਨ ਜ਼ੋਨਾਂ ਤੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸੰਬੰਧੀ ਕਾਂਗਰਸ ਪਾਰਟੀ ਵੱਲੋਂ ਪਹਿਲ ਕਰਦਿਆਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਕਾਂਗਰਸ ਪਾਰਟੀ ਦੇ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਉਮੀਦਵਾਰਾਂ ਦਾ ਐਲਾਨ ਕਰਦਿਆਂ ਦੱਸਿਆ ਕਿ ਚਕਲੀ ਆਦਲ ਜ਼ੋਨ ਤੋਂ ਭਿੰਦਰ ਕੌਰ ਪਤਨੀ ਗੁਰਦੇਵ ਸਿੰਘ ਸਾਬਕਾ ਸਰਪੰਚ ਧਨੂੰਰ, ਭਰਥਲਾ ਜ਼ੋਨ ਤੋਂ ਰਿਤਿਕਾ ਭਾਰਦਵਾਜ ਪਤਨੀ ਅਰੁਣ ਕੁਮਾਰ ਸਰਪੰਚ ਤੇ ਮਾਣੇਵਾਲ ਤੋਂ ਲਖਵੀਰ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸੁਰਜ ਬੀਟਨ, ਸੁਖਦੀਪ ਸਿੰਘ ਸੋਨੀ ਵੀ ਮੌਜੂਦ ਸਨ। ਰਾਜਾ ਗਿੱਲ ਨੇ ਕਿਹਾ ਕਿ ਮਾਛੀਵਾੜਾ ਬਲਾਕ ਦੇ ਬਾਕੀ 13 ਬਲਾਕ ਸੰਮਤੀ ਜ਼ੋਨ ਤੇ 3 ਜ਼ਿਲ੍ਹਾ ਪ੍ਰੀਸ਼ਦ ਜ਼ੋਨ ਲਈ ਉਮੀਦਵਾਰਾਂ ਦਾ ਐਲਾਨ ਜਲਦ ਕਰ ਦਿੱਤਾ ਜਾਵੇਗਾ। ਰਾਜਾ ਗਿੱਲ ਨੇ ਕਿਹਾ ਕਿ ਇਹ ਚੋਣ ਕਾਂਗਰਸ ਦੇ ਚੋਣ ਨਿਸ਼ਾਨ 'ਤੇ ਲੜੀ ਜਾਵੇਗੀ ਤੇ ਸਾਡੀ ਪਾਰਟੀ ਦਾ ਹਰੇਕ ਵਰਕਰ ਉਮੀਦਵਾਰਾਂ ਨੂੰ ਜਿਤਾਉਣ ਲਈ ਪਿੰਡ ਪਿੰਡ ਜਾ ਕੇ ਚੋਣ ਪ੍ਰਚਾਰ ਕਰੇਗਾ।

# ਹੜ੍ਹ ਮਾਰੂ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਫ਼ਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਪੰਜਾਬ ਗੌਰਮੈਂਟ ਪੈਨਸ਼ਨਰ ਐਸੋਸੀਏਸ਼ਨ (ਰਜਿ:) ਨੇ ਆਪਣੀ ਸਟੇਟ ਬਾਡੀ ਦੇ ਕਨਵੀਨਰ ਭਜਨ ਸਿੰਘ ਗਿੱਲ ਤੇ ਸੁਰਿੰਦਰ ਰਾਮ ਕੁਸਾ ਸਟੇਟ ਜਨਰਲ ਸਕੱਤਰ ਪੰਜਾਬ ਵੱਲੋਂ ਦਿੱਤੀ ਵਿੱਤ ਰਾਸ਼ੀ ਦੇ ਸਹਿਯੋਗ ਨਾਲ ਹੜ੍ਹ ਮਾਰੂ ਇਲਾਕੇ (ਹੁਸੈਨੀਵਾਲਾ) ਦੇ ਦੋ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਸਟੇਸ਼ਨ ਦੀ ਵੰਡ ਕੀਤੀ ਗਈ। ਪੰਜਾਬ ਗੌਰਮੈਂਟ ਪੈਨਸ਼ਨ ਐਸੋਸੀਏਸ਼ਨ ਦੇ ਆਗੂਆਂ ਪ੍ਰਤਾਪ ਸਿੰਘ ਪ੍ਰਧਾਨ, ਸੁਰਿੰਦਰ ਕੁਮਾਰ ਜੋਸ਼ਨ ਵਿੱਤ ਸਕੱਤਰ, ਅਜੀਤ ਸਿੰਘ ਸੋਢੀ ਜਨਰਲ ਸਕੱਤਰ, ਬੂਟਾ ਸਿੰਘ ਸੀਨੀਅਰ ਵਾਈਸ ਪ੍ਰਧਾਨ ਤੇ ਸਰਵਨਜੀਤ ਸਿੰਘ ਵਾਈਸ ਪ੍ਰਧਾਨ ਨੇ ਹੜ੍ਹ ਪ੍ਰਭਾਵਤ ਸਕੂਲਾਂ ਸਰਕਾਰੀ ਸਮਾਰਟ ਸਕੂਲ ਭਖੜਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਟੇਂਡੀਵਾਲਾ ਵਿੱਚ ਨਿੱਜੀ ਪੱਧਰ 'ਤੇ ਜਾ ਕੇ ਦੋਵਾਂ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਸੰਬੰਧਤ ਟੀਚਰਾਂ ਦੀ ਹਾਜ਼ਰੀ ਵਿੱਚ ਸਟੇਸ਼ਨਰੀ ਵੰਡ ਕੀਤੀ ਗਈ। ਬੱਚਿਆਂ ਦੇ ਪਰਵਾਰਕ ਮੈਂਬਰਾਂ ਤੇ ਟੀਚਰਾਂ ਨੇ ਪੰਜਾਬ ਗੌਰਮੈਂਟ ਪੈਨਸ਼ਨ ਫਿਰੋਜ਼ਪੁਰ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਦੱਸਿਆ ਕਿ ਇਨ੍ਹਾਂ ਗਰੀਬ ਬੱਚਿਆਂ ਦੀ ਪਹਿਲਾਂ ਕਿਸੇ ਨੇ ਮਦਦ ਨਹੀਂ ਕੀਤੀ। ਪੈਨਸ਼ਨਰ ਐਸੋਸੀਏਸ਼ਨ ਨੇ ਇਨ੍ਹਾਂ ਬੱਚਿਆਂ ਤੇ ਟੀਚਰਾਂ ਨੂੰ ਭਰੋਸਾ ਦਿੱਤਾ ਕਿ ਅੱਗੇ ਵੀ ਜਿਵੇਂ ਫੰਡ ਉਪਲਬਧ ਹੋਣਗੇ, ਸਮੇਂ-ਸਮੇਂ ਸਿਰ ਮਦਦ ਕੀਤੀ ਜਾਵੇਗੀ।

# ਸ੍ਰੀਮਤੀ ਤਾਰਾ ਦੇਵੀ ਜਿੰਦਲ ਆਰਿਆ ਵਿੱਦਿਆ ਮੰਦਰ ਪ੍ਰਾਈਡ ਆਫ਼ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਤਾਰਾ ਦੇਵੀ ਜਿੰਦਲ ਆਰਿਆ ਵਿੱਦਿਆ ਮੰਦਰ ਦੇ ਪ੍ਰਿੰਸੀਪਲ ਮੈਡਮ ਮਨੂ ਪ੍ਰਿਆ ਨੂੰ ਪ੍ਰਾਈਡ ਆਫ਼ ਸਕੂਲ ਅਵਾਰਡ ਬੈਸਟ ਪ੍ਰਿੰਸੀਪਲ ਦੇ ਐਵਾਰਡ ਸਨਮਾਨਤ ਕੀਤਾ ਗਿਆ।ਇਹ ਐਵਾਰਡ ਫੈਪ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ, ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਡਾ. ਸਤਨਾਮ ਸਿੰਘ ਸੰਧੂ ਤੇ ਅਮਰਪਾਲ ਸਿੰਘ ਚੇਅਰਮੈਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਦਿੱਤਾ ਗਿਆ।ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਵੱਲੋਂ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਸਾਨੂੰ ਤੁਹਾਡੇ ਵਰਗੇ ਅਧਿਆਪਕਾ 'ਤੇ ਮਾਣ ਹੈ ਕਿ ਤੁਸੀਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਸਹੀ ਮਾਰਗ ਦਰਸ਼ਨ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਸਹੀ ਸੇਧ ਦੇ ਰਹੇ ਹੋ। ਇਸ ਸਨਮਾਨ ਦਾ ਮਿਲਣਾ ਨਾਲ ਪ੍ਰਿੰਸੀਪਲ ਮੈਡਮ ਲਈ ਹੀ ਨਹੀਂ, ਸਗੋਂ ਸਾਰੇ ਸਕੂਲ ਅਧਿਆਪਕਾਂ ਤੇ ਸਕੂਲ ਦੀ ਮੈਨੇਜਮੈਂਟ ਲਈ ਮਾਨ ਵਾਲੀ ਗੱਲ ਹੈ।ਇਸ ਐਵਾਰਡ ਨੂੰ ਮਿਲਣ ਤੇ ਪ੍ਰਿੰਸੀਪਲ ਮੈਡਮ ਮਨੂ ਪ੍ਰਿਆ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਮੇਰੇ ਸਕੂਲ ਦੇ ਸਾਰੇ ਅਧਿਆਪਕਾ ਦੀ ਮਿਹਨਤ ਲਗਨ ਤੇ ਟੀਮ ਵਰਕ ਅਤੇ ਮੈਨੇਜਮੈਂਟ ਦੁਆਰਾ ਦਿੱਤੇ ਗਏ ਮਾਰਗ ਦਰਸ਼ਨ ਦਾ ਨਤੀਜਾ ਹੈ।

# ਡਾ. ਦਵਿੰਦਰ ਗਿਰਧਰ ਨੂੰ ਦਾ ਪ੍ਰਾਈਡ ਆਫ਼ ਸਕੂਲ ਨੈਸ਼ਨਲ ਐਵਾਰਡ ਨਾਲ ਕੀਤਾ ਸਨਮਾਨਤ



**ਜਲਾਲਾਬਾਦ (ਬਲਵਿੰਦਰ ਸਿੰਘ)**-ਆਪਣੀ ਹੁਨਰ-ਅਧਾਰਤ ਅਤੇ ਤਕਨੀਕੀ ਸਿੱਖਿਆ ਲਈ ਮਸ਼ਹੂਰ ਮਾਰਵਲਸ ਕਾਨਵੈਂਟ ਸਕੂਲ, ਘੁਬਾਇਆ ਦੇ ਪ੍ਰਿੰਸੀਪਲ ਡਾ. ਦਵਿੰਦਰ ਗਿਰਧਰ ਨੂੰ ਫੈਪ ਦੁਆਰਾ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਆਯੋਜਿਤ ਰਾਸ਼ਟਰੀ ਪੁਰਸਕਾਰ ਸਮਾਰੋਹ ਦੌਰਾਨ ਪ੍ਰਾਈਡ ਆਫ਼ ਸਕੂਲ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਡਾ. ਜੀ. ਇਮੈਨੁਅਲ, ਆਈ.ਸੀ.ਐਸ.ਈ. ਬੋਰਡ, ਨਵੀਂ ਦਿੱਲੀ ਦੇ ਚੇਅਰਮੈਨ ਅਤੇ ਡਾ. ਅਮਰਪਾਲ ਸਿੰਘ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਦੇ ਚੇਅਰਮੈਨ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਪੰਜਾਬੀ ਗਾਇਕ ਗੁਰਨਾਮ ਭੁੱਲਰ ਅਤੇ ਜਸਬੀਰ ਜੱਸੀ ਵੀ ਸ਼ਾਮਲ ਹੋਏ। ਇਸ ਮੌਕੇ ਤੇ ਫੈਪ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਅਤੇ ਰਾਜ ਸਭਾ ਦੇ ਸੰਸਦ ਮੈਂਬਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਮੌਜੂਦ ਸਨ। ਇਸ ਸ਼ਾਨਦਾਰ ਰਾਸ਼ਟਰੀ ਸਮਾਰੋਹ ਵਿੱਚ, ਭਾਰਤ ਭਰ ਦੇ ਲਗਭਗ 18 ਰਾਜਾਂ ਦੇ ਸਿੱਖਿਆ ਆਗੂਆਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਅਤੇ ਰਾਸ਼ਟਰੀ ਪੁਰਸਕਾਰ ਨੂੰ ਪ੍ਰਾਪਤ ਕਰਨ ਤੇ, ਡਾ. ਦਵਿੰਦਰ ਗਿਰਧਰ ਨੇ ਮੁੱਖ ਮਹਿਮਾਨਾਂ, ਖਾਸ ਕਰਕੇ ਫੈਪ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ, ਉਨ੍ਹਾਂ ਦੀ ਪੂਰੀ ਟੀਮ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਦਾ ਧੰਨਵਾਦ ਪ੍ਰਗਟ ਕੀਤਾ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਕਿਹਾ ਕਿ ਇਹ ਰਾਸ਼ਟਰੀ ਪੁਰਸਕਾਰ ਉਹਨਾਂ ਦਾ ਮਾਰਗਦਰਸ਼ਨ ਕਰੇਗਾ ਅਤੇ ਸਿੱਖਿਆ ਦੇ ਖੇਤਰ ਵਿੱਚ ਸੇਵਾ ਕਰਦੇ ਰਹਿਣ ਲਈ ਪ੍ਰੇਰਿਤ ਕਰੇਗਾ। ਡਾ. ਗਿਰਧਰ ਨੇ ਮਾਰਵਲਸ ਕਾਨਵੈਂਟ ਸਕੂਲ, ਘੁਬਾਇਆ ਦੀ ਸਮੁੱਚੀ ਪ੍ਰਬੰਧਕ ਕਮੇਟੀ ਦਾ ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤ ਹੋਏ ਮਾਣ-ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ। ਡਾ. ਗਿਰਧਰ ਨੂੰ ਪਹਿਲਾਂ ਵੀ ਕਈ ਸਮਾਜਿਕ ਅਤੇ ਵਿਦਿਅਕ ਸੰਗਠਨਾਂ ਦੁਆਰਾ ਸਨਮਾਨਿਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਸੀ.ਟੀ. ਯੂਨੀਵਰਸਿਟੀ, ਲੁਧਿਆਣਾ, ਚੰਡੀਗੜ੍ਹ ਯੂਨੀਵਰਸਿਟੀ, ਪਾਰੁਲ ਯੂਨੀਵਰਸਿਟੀ, ਵਡੋਦਰਾ (ਗੁਜਰਾਤ), ਐਸ.ਆਰ.ਐਮ. ਯੂਨੀਵਰਸਿਟੀ, ਆਂਧਰਾ ਪ੍ਰਦੇਸ਼ ਅਤੇ ਫੈਪ ਸ਼ਾਮਲ ਹਨ।

# ਸੇਂਟ ਜੈਵੀਅਰਜ਼ ਸਕੂਲ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸੇਂਟ ਜੈਵੀਅਰਜ਼ ਇੰਟਰਨੈਸ਼ਨਲ ਸਕੂਲ ਅਤਾਲਾਂ ਘੱਗਾ ਦੇ ਵਿਦਿਆਰਥੀਆਂ ਨੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਮੱਲਾਂ ਮਾਰ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਖੇਡਾਂ ਵਿੱਚ ਸ਼ਾਨਦਾਰ ਉਪਲੱਬਧੀਆਂ ਹਾਸਲ ਕਰਨ ਵਾਲੇ ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਪ੍ਰਿੰਸੀਪਲ ਵਿਕਾਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲਾ ਵਿੱਚ ਹੋਈ ਵਾਲੀਬਾਲ ਦੇ ਸੂਬਾ ਪੱਧਰੀ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਹਾਸਲ ਕੀਤਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਸਕੂਲ ਦੀ ਟੀਮ ਵਿੱਚ ਹੋਣਹਾਰ ਵਿਦਿਆਰਥੀ ਦਿਲਪ੍ਰੀਤ ਸਿੰਘ, ਦਮਨਪ੍ਰੀਤ ਸਿੰਘ, ਗੁਰਜੋਤ ਸਿੰਘ, ਖੁਸ਼ਪ੍ਰੀਤ ਸਿੰਘ, ਗਗਨਦੀਪ ਸਿੰਘ, ਅਮਰਿੰਦਰ ਸਿੰਘ, ਏਕਮਜੋਤ ਸਿੰਘ, ਦਿਲਬਰ ਸਿੰਘ, ਅਕਾਸ਼ਦੀਪ ਸਿੰਘ, ਗੁਰਵੰਸ਼ ਸਿੰਘ ਤੇ ਪ੍ਰਭਜੋਤ ਸਿੰਘ ਸ਼ਾਮਲ ਸਨ, ਜਿਨ੍ਹਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਕਾਬਲੇ-ਤਾਰੀਫ਼ ਪ੍ਰਦਰਸ਼ਨ ਕੀਤਾ।ਉਨ੍ਹਾਂ ਦੱਸਿਆ ਕਿ ਇੱਕ ਹੋਰ ਉਪਲਬਧੀ ਹਾਸਲ ਕਰਦਿਆਂ ਮਨਵਜੋਤ ਸਿੰਘ ਤੇ ਪਾਰਸਦੀਪ ਸਿੰਘ ਨੇ ਜੈਪੁਰ, ਰਾਜਸਥਾਨ 'ਚ ਹੋਈ ਨੈਸ਼ਨਲ ਤਾਇਕਵਾਂਡੋ ਚੈਂਪੀਅਨਸ਼ਿਪ ਵਿੱਚ ਸਕੂਲ ਦਾ ਮਾਣ ਵਧਾਇਆ।ਇਸ ਦੌਰਾਨ ਵਿਦਿਆਰਥੀਆਂ ਮਨਵਜੋਤ ਸਿੰਘ ਨੇ ਸੋਨ ਤਮਗਾ ਜਿੱਤਿਆ, ਜਦਕਿ ਪਾਰਸਦੀਪ ਸਿੰਘ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ।ਸਕੂਲ ਦੇ ਡਾਇਰੈਕਟਰ ਅਰਨਬ ਸਰਕਾਰ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖੇਡਾਂ ਨਾਲ ਨਿਰੰਤਰ ਜੁੜੇ ਰਹਿਣ ਨਾਲ, ਜਿੱਥੇ ਵਿਦਿਆਰਥੀਆਂ ਵਿੱਚ ਤੰਦਰੁਸਤੀ, ਅਨੁਸ਼ਾਸਨ ਤੇ ਹਿੰਮਤ ਪੈਦਾ ਕਰਦਾ ਹੈ, ਉਥੇ ਵਿਦਿਆਰਥੀਆਂ ਨੂੰ ਨਸ਼ੇ ਵਰਗੀਆਂ ਨਕਾਰਾਤਮਕ ਆਦਤਾਂ ਤੋਂ ਬਚਾਉਂਦਿਆਂ ਉਨ੍ਹਾਂ ਨੂੰ ਆਤਮਵਿਸ਼ਵਾਸੀ, ਤੰਦਰੁਸਤ ਤੇ ਸੰਪੂਰਨ ਵਿਅਕਤੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ।

# ਡੇਅਰੀਆਂ ਨੂੰ ਨਗਰ ਨਿਗਮ ਦੀ ਹੱਦ ਤੋਂ ਬਾਹਰ ਸ਼ਿਫਟ ਕਰਨ ਲਈ ਕਾਰਵਾਈ ਤੇਜ਼ : ਕਮਿਸ਼ਨਰ

**ਜਲਦ ਹੀ ਡੇਅਰੀ ਮਾਲਕਾਂ ਨਾਲ ਕੀਤੀ ਜਾਵੇਗੀ ਮੀਟਿੰਗ : ਕੋਹਲੀ, ਮੇਅਰ ਤੇ ਕਮਿਸ਼ਨਰ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆਂ ਨੂੰ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਸ਼ਿਫਟ ਕਰਨ ਸੰਬੰਧੀ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਕਮਿਸ਼ਨਰ ਪਰਮਜੀਤ ਸਿੰਘ ਆਈਏਐੱਸ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆਂ ਕਰਕੇ ਪੈਦਾ ਹੋ ਰਹੇ ਮੁਸ਼ਕਲ ਪ੍ਰਸਥਿਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਬਹੁਤ ਜਲਦ ਹੀ ਡੇਅਰੀ ਮਾਲਕਾਂ ਨਾਲ ਵੀ ਇਸ ਸੰਬੰਧੀ ਮੀਟਿੰਗ ਕੀਤੀ ਜਾਵੇਗੀ।

ਇਸ ਵਿਸ਼ੇਸ਼ ਮੀਟਿੰਗ ਦੀ ਅਗਵਾਈ ਮਾਨਯੋਗ ਐੱਮ.ਐੱਲ.ਏ. ਸ਼ਹਿਰੀ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਰਾਜਿੰਦਰ ਚੋਪੜਾ ਨਿਗਰਾਨ ਇੰਜੀਨੀਅਰਿੰਗ, ਸ੍ਰੀ ਜਤਿੰਦਰਪਾਲ ਸਿੰਘ ਨਿਗਰਾਨ ਇੰਜੀਨੀਅਰ, ਸੁਰਜੀਤ ਸਿੰਘ ਚੀਮਾ ਸਕੱਤਰ, ਨਰਾਇਣ ਦਾਸ ਨਿਗਮ ਇੰਜੀਨੀਅਰ, ਦਰਪਨ ਕੁਮਾਰ ਸੁਪਰਡੈਂਟ ਲੈਂਡ ਸ਼ਾਖਾ ਤੇ ਸ੍ਰੀ ਰਿਸ਼ਭ ਗੁਪਤਾ ਸੈਨੇਟਰੀ ਇੰਸਪੈਕਟਰ ਸਮੇਤ ਕਈ ਸੀਨੀਅਰ ਅਧਿਕਾਰੀ ਹਾਜ਼ਰ ਸਨ।ਵਿਧਾਇਕ ਕੋਹਲੀ, ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਡੇਅਰੀਆਂ ਤੋਂ ਤਿਆਰ ਹੋਣ ਵਾਲਾ ਗੋਬਰ, ਗੰਧਲਾ ਪਾਣੀ ਤੇ ਹੋਰ ਬਚਾਵਟ ਸਮੱਗਰੀ ਬਿਨਾਂ ਸਹੀ ਪ੍ਰਬੰਧਾਂ ਦੇ ਸਿੱਧਾ ਸੀਵਰੇਜ ਲਾਈਨਾਂ ਵਿੱਚ ਪੈ ਜਾਂਦਾ ਹੈ, ਜਿਸ ਕਾਰਨ ਸਿਵਰੇਜ ਸਿਸਟਮ ਵਾਰ ਵਾਰ ਬਲਾਕ ਹੋ ਰਿਹਾ ਹੈ।ਇਸ ਬਲੋਕੇਜ ਦੀ ਸਫਾਈ ਲਈ ਹਰ ਸਾਲ ਕਰੋੜਾਂ ਰੁਪਏ ਦਾ ਖਰਚਾ ਨਗਰ ਨਿਗਮ ਨੂੰ ਝੱਲਣਾ ਪੈ ਰਿਹਾ ਹੈ, ਜੋ ਕਿ ਨਗਰ ਨਿਗਮ ਦੇ ਵਿੱਤੀ ਬਜਟ ਉੱਤੇ ਭਾਰੀ ਬੋਝ ਹੈ।ਇਸ ਦੇ ਨਾਲ-ਨਾਲ ਡੇਅਰੀਆਂ ਦੇ ਬੇਕਾਬੂ ਵਾਧੇ ਨਾਲ ਬਦਬੂ, ਮੱਖੀਆਂ ਆਦਿ ਦੇ ਕਾਰਨ ਸ਼ਹਿਰ ਵਾਸੀਆਂ ਦੀ ਸਿਹਤ 'ਤੇ ਵੀ ਗੰਭੀਰ ਪ੍ਰਭਾਵ ਪੈ ਰਿਹਾ ਹੈ ਅਤੇ ਬਿਮਾਰੀਆਂ ਫੈਲਣ ਦਾ ਵੱਡਾ ਖਤਰਾ ਬਣਿਆ ਰਹਿੰਦਾ ਹੈ।ਉਪਰੋਕਤ ਵੱਲੋਂ ਵਿਸ਼ੇਸ਼ ਤੌਰ 'ਤੇ ਦੱਸਿਆ ਗਿਆ ਕਿ ਇਨ੍ਹਾਂ ਸਭ ਸਮੱਸਿਆਵਾਂ ਨੂੰ ਦੇਖਦਿਆਂ ਮੀਟਿੰਗ ਵਿੱਚ ਇਕਮਤ ਹੋ ਕੇ ਫ਼ੈਸਲਾ ਲਿਆ ਗਿਆ ਹੈ ਕਿ ਸ਼ਹਿਰ ਦੀ ਸੀਮਾਵਾਂ ਵਿੱਚ ਮੌਜੂਦ ਸਾਰੀਆਂ ਡੇਅਰੀਆਂ ਨੂੰ 25 ਦਸੰਬਰ 2025 ਤੱਕ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਸ਼ਿਫਟ ਕਰਨਾ ਲਾਜ਼ਮੀ ਹੈ।ਡੇਅਰੀ ਮਾਲਕਾਂ ਨੂੰ ਨਿਰਧਾਰਤ ਮਿਤੀ ਤੱਕ ਆਪਣੀ ਡੇਅਰੀ ਖੁਦ ਬਾਹਰ ਸ਼ਿਫਟ ਕਰਨ ਦੀ ਹਦਾਇਤ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਪੂਰਾ ਸਹਿਯੋਗ ਤੇ ਸਮਾਂ ਪ੍ਰਦਾਨ ਕੀਤਾ ਜਾ ਰਿਹਾ ਹੈ।ਇਸ ਸੰਬੰਧੀ ਮੇਅਰ ਤੇ ਕਮਿਸ਼ਨਰ ਨੇ ਕਿਹਾ ਕਿ ਜੇਕਰ ਕੋਈ ਡੇਅਰੀ ਮਾਲਕ ਮਿਥੀ 30 ਦਸੰਬਰ 2025 ਤੱਕ ਡੇਅਰੀਆਂ ਸ਼ਿਫਟ ਨਹੀਂ ਕਰਦਾ ਤਾਂ ਨਗਰ ਨਿਗਮ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਤਹਿਤ ਉਨ੍ਹਾਂ ਦੇ ਪਾਣੀ ਤੇ ਸੀਵਰੇਜ ਕੁਨੈਕਸ਼ਨ ਤੁਰੰਤ ਕੱਟ ਦਿੱਤੇ ਜਾਣਗੇ।ਮੀਟਿੰਗ ਦੇ ਅੰਤ 'ਤੇ ਅਧਿਕਾਰੀਆਂ ਨੇ ਇਹ ਸਪੱਸ਼ਟ ਕੀਤਾ ਕਿ ਸ਼ਹਿਰ ਦੀ ਸੁੰਦਰਤਾ, ਸਿਹਤ ਸੁਰੱਖਿਆ ਤੇ ਵਿਕਾਸ ਨੂੰ ਬਰਕਰਾਰ ਰੱਖਣ ਲਈ ਇਹ ਫੈਸਲਾ ਬਹੁਤ ਜ਼ਰੂਰੀ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਏਡਜ਼ ਜਾਗਰੂਕਤਾ ਲਈ ਸਲੋਗਨ ਤੇ ਪੋਸਟਰ ਮੁਕਾਬਲੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪ੍ਰੋਫੈਸਰ ਰਚਨਾ ਭਾਰਦਵਾਜ ਦੀ ਰਹਿਨੁਮਾਈ ਹੇਠ ਰੈੱਡ ਰਿਬਨ ਕਲੱਬ ਤੇ ਐੱਨ ਐੱਸ ਐੱਸ ਵਿਭਾਗ ਵੱਲੋਂ ਵਿਸ਼ਵ ਏਡਜ਼ ਦਿਵਸ ਨੂੰ ਮੁੱਖ ਰੱਖਦੇ ਹੋਏ ਏਡਜ਼ ਦਿਵਸ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।ਇਸ ਦੌਰਾਨ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ. ਹਰਮੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਹ ਦਿਨ ਹਰ ਸਾਲ ਦੁਨੀਆ ਭਰ ਦੇ ਲੋਕਾਂ ਨੂੰ ਭਿਆਨਕ ਬਿਮਾਰੀ ਏਡਜ਼ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ।ਇਸ ਤਹਿਤ ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਇਆ ਜਾ ਸਕੇ।ਪ੍ਰੋਗਰਾਮ ਅਫ਼ਸਰ ਡਾ. ਜਸਵਿੰਦਰ ਸ਼ਰਮਾ ਨੇ ਕਿਹਾ ਕਿ ਏਡਜ਼ ਇੱਕ ਛੂਤ ਦਾ ਰੋਗ ਨਹੀਂ ਹੈ, ਇਸ ਤੋਂ ਬਚਣ ਲਈ ਦ੍ਰਿੜ੍ਹ ਸੰਕਲਪ ਲੈਣਾ ਪਵੇਗਾ। ਏਡਜ਼ ਬਾਰੇ ਸਹੀ ਜਾਣਕਾਰੀ ਹੀ ਸਾਨੂੰ ਇਸ ਤੋਂ ਬਚਾ ਸਕਦੀ ਹੈ।ਏਡਜ਼ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕਾਲਜ ਵਿੱਚ ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੀ ਜੱਜਮੈਂਟ, ਪ੍ਰੋ. ਭੁਪਿੰਦਰ ਕੌਰ, ਪ੍ਰੋ. ਕੁਲਵਿੰਦਰ ਕੌਰ ਤੇ ਪ੍ਰੋ. ਹਰਮੀਤ ਸਿੰਘ ਵੱਲੋਂ ਕੀਤੀ ਗਈ।ਜੇਤੂ ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਤੇ ਸਟਾਫ ਵੱਲੋਂ ਸਨਮਾਨਤ ਕੀਤਾ ਗਿਆ।

# 21ਵਾਂ ਆਲ ਇੰਡੀਆ ਮੁਸ਼ਾਇਰਾ : 'ਵੱਡਿਆਂ ਦਾ ਸਤਕਾਰ ਕਰੋ' ਦੇ ਸੰਦੇਸ਼ ਨਾਲ ਰੂਹ ਨੂੰ ਛੂਹਣ ਵਾਲਾ ਕਲਾਮ

**ਮੋਹਨ ਲਾਲ ਭਾਸਕਰ ਫਾਊਂਡੇਸ਼ਨ ਵੱਲੋਂ ਉੱਘੀਆਂ ਸ਼ਖ਼ਸੀਅਤਾਂ ਦਾ ਸਨਮਾਨ**



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਹਾਨ ਦੇਸ਼-ਭਗਤ ਸਵ. ਮੋਹਨ ਲਾਲ ਭਾਸਕਰ ਦੀ ਯਾਦ 'ਚ ਮੋਹਨ ਲਾਲ ਭਾਸਕਰ ਫਾਊਂਡੇਸ਼ਨ ਵੱਲੋਂ 21ਵਾਂ 'ਆਲ ਇੰਡੀਆ ਮੁਸ਼ਾਇਰਾ' ਆਯੋਜਤ ਕੀਤਾ ਗਿਆ। ਇਸ ਸਾਲ ਮੁਸ਼ਾਇਰਾ 'ਵੱਡਿਆਂ ਦਾ ਸਤਕਾਰ ਕਰੋ' ਦੇ ਸ਼ਕਤੀਸ਼ਾਲੀ ਸੰਦੇਸ਼ ਨੂੰ ਸਮਾਜ ਤੱਕ ਪੁਚਾਉਣ ਦਾ ਇੱਕ ਪ੍ਰੇਰਣਾਦਾਇਕ ਮੰਚ ਬਣ ਕੇ ਉੱਭਰਿਆ, ਜੋ ਪੀੜ੍ਹੀਆਂ ਵਿੱਚ ਆਪਸੀ ਸਨਮਾਨ ਨੂੰ ਮਜ਼ਬੂਤ ਕਰਨ ਦੀ ਅਪੀਲ ਕਰਦਾ ਹੈ। ਦੇਸ਼ ਭਰ ਤੋਂ ਪਹੁੰਚੇ ਉੱਘੇ ਸ਼ਾਇਰਾਂ ਨੇ ਆਪਣੇ ਰੂਹ ਨੂੰ ਛੂਹਣ ਵਾਲੇ ਕਲਾਮ ਨਾਲ ਦਰਸ਼ਕਾਂ ਨੂੰ ਮੁਗਧ ਕਰ ਦਿੱਤਾ। ਮੋਹਨ ਲਾਲ ਭਾਸਕਰ ਫਾਊਂਡੇਸ਼ਨ ਦੇ ਵਾਈਸ ਪ੍ਰਧਾਨ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਸਰਪ੍ਰਸਤ ਪ੍ਰਭਾ ਭਾਸਕਰ, ਡੀਜੀਪੀ ਪੰਜਾਬ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਏਡੀਜੀਪੀ ਪੰਜਾਬ ਐੱਮਐੱਫ ਫਾਰੂਕੀ ਤੇ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਸਮੇਤ ਹੋਰ ਪਤਵੰਤਿਆਂ ਵੱਲੋਂ ਦੀਪ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਮੇਜਰ ਜਨਰਲ ਆਰਐੱਸ ਮਨਰਾਲ, ਡੀਆਈਜੀ ਬੀਐੱਸਐੱਫ ਮੋਹਿੰਦਰ ਲਾਲ, ਐੱਸਐੱਸਪੀ ਫ਼ਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਆਪਣੇ ਸੰਬੋਧਨ ਵਿਚ ਅਰਪਿਤ ਸ਼ੁਕਲਾ ਨੇ ਕਿਹਾ ਕਿ ਅੱਜ ਸਮਾਜ ਨੂੰ ਮੋਹਨ ਲਾਲ ਭਾਸਕਰ ਫਾਊਂਡੇਸ਼ਨ ਦੇ ਸੁਨੇਹੇ ਅਨੁਸਾਰ ਵੱਡਿਆਂ ਦੇ ਸਤਿਕਾਰ ਲਈ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਸਾਡਾ ਸਮਾਜਿਕ ਢਾਂਚਾ ਮਜ਼ਬੂਤ ਰਹੇ।

ਡਾ. ਗੌਰਵ ਸਾਗਰ ਭਾਸਕਰ, ਜਨਰਲ ਸੈਕਟਰੀ ਫਾਊਂਡੇਸ਼ਨ, ਨੇ ਮੁਸ਼ਾਇਰੇ ਦੀ 21 ਸਾਲਾਂ ਦੀ ਸ਼ਾਨਦਾਰ ਯਾਤਰਾ ਨੂੰ ਯਾਦ ਕਰਦਿਆਂ ਸਾਰਿਆਂ ਦਾ ਸਵਾਗਤ ਕੀਤਾ। ਇਸ ਮੌਕੇ ਪਰਉਪਕਾਰੀ ਯੋਗਦਾਨ ਲਈ ਸੰਤ ਬਾਬਾ ਗੁਰਨਾਮ ਸਿੰਘ ਜੀ (ਡਰੋਲੀ ਭਾਈ, ਮੋਗਾ) ਨੂੰ ਐੱਮਐੱਲਬੀ ਲਾਈਫਟਾਈਮ ਅਚੀਵਮੈਂਟ ਐਵਾਰਡ 2025 ਨਾਲ ਤੇ ਪ੍ਰਸਿੱਧ ਰੰਗਮੰਚ ਕਲਾਕਾਰ ਅਨੀਤਾ ਸ਼ਬਦੀਸ਼ ਨੂੰ ਕਲਾ ਤੇ ਥੀਏਟਰ 'ਚ ਸ਼ਾਨਦਾਰ ਸਫਲਤਾਵਾਂ ਲਈ ਐੱਮਐੱਲਬੀ ਲਿਟਰੇਰੀ ਐਕਸੀਲੈਂਸ ਐਵਾਰਡ 2025 ਨਾਲ ਸਨਮਾਨਤ ਕੀਤਾ ਗਿਆ। ਮੁਸ਼ਾਇਰੇ 'ਚ ਮੁੰਬਈ ਤੋਂ ਜਨਾਬ ਮਹਸ਼ਰ ਅਫ਼ਰੀਦੀ, ਲਖਨਊ ਤੋਂ ਜਨਾਬ ਤਬਰੇਜ਼ ਰਾਨਾ, ਮੇਰਠ ਤੋਂ ਯੁਵਾ ਸ਼ਾਇਰਾ ਹਿਮਾਂਸ਼ੀ ਬਾਬਰਾ ਅਤੇ ਚਿੰਦੌਸੀ ਤੋਂ ਚਿਰਾਗ ਸ਼ਰਮਾ (ਜਿਨ੍ਹਾਂ ਨੇ ਨਜ਼ਾਮਤ ਦੀ ਜ਼ਿੰਮੇਵਾਰੀ ਵੀ ਸੰਭਾਲੀ) ਸਮੇਤ ਪਟਿਆਲਾ ਤੋਂ ਅਮਰਦੀਪ ਸਿੰਘ ਅਤੇ ਜੈਪੁਰ ਤੋਂ ਇਬ੍ਰਾਹੀਮ ਜੀਸ਼ਾਨ ਵਰਗੇ ਸ਼ਾਇਰਾਂ ਨੇ ਹਾਜ਼ਰੀ ਭਰੀ।

ਸਾਬਕਾ ਡੀਆਈਜੀ ਡਾ. ਨਰਿੰਦਰ ਭਾਰਗਵ ਨੇ ਸਾਰੇ ਮਹਿਮਾਨਾਂ, ਸ਼ਾਇਰਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਸਵ. ਮੋਹਨ ਲਾਲ ਭਾਸਕਰ ਇਕ ਮਹਾਨ ਦੇਸ਼-ਭਗਤ, ਰਾਸ਼ਟਰੀ ਪੁਰਸਕਾਰ ਜੇਤੂ, ਕਵੀ, ਲੇਖਕ ਅਤੇ ਫ਼ਿਲਮ ਨਿਰਮਾਤਾ ਸਨ। ਉਨ੍ਹਾਂ ਨੇ ਭਾਰਤੀ ਸੁਰੱਖਿਆ ਏਜੰਸੀਆਂ ਲਈ ਕੰਮ ਕੀਤਾ ਤੇ ਉਨ੍ਹਾਂ ਦੀ ਕਿਤਾਬ 'ਮੈਂ ਪਾਕਿਸਤਾਨ ਵਿਚ ਭਾਰਤ ਦਾ ਜਾਸੂਸ' ਨੂੰ 1989 ਵਿੱਚ ਸਾਹਿਤ ਸ਼੍ਰੀਕਾਂਤ ਵਰਮਾ ਰਾਸ਼ਟਰੀ ਪੁਰਸਕਾਰ ਮਿਲਿਆ ਸੀ।

# ਮੇਅਰ ਚਾਨੀ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਅਹੁਦੇ ਤੇ ਪਾਰਟੀ 'ਚੋਂ ਬਰਖਾਸਤ ਕੀਤੇ : ਸੰਨਿਆਸੀ, ਖਾਲਸਾ

**ਚਾਨੀ ਦੇ ਹੱਕ 'ਚ ਮੋਗਾ ਦੀਆਂ ਵੱਖ-ਵੱਖ ਜਥੇਬੰਦੀਆਂ ਦੀ ਹੋਈ ਇਕੱਤਰਤਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਮੇਅਰ ਬਲਜੀਤ ਸਿੰਘ ਚਾਨੀ ਨੂੰ ਅਹੁਦੇ ਤੋਂ ਹਟਾਏ ਜਾਣ ਦੇ ਮਾਮਲੇ ਨੇ ਸ਼ਹਿਰ ਭਰ ਵਿੱਚ ਗੰਭੀਰ ਚਰਚਾ ਛੇੜ ਦਿੱਤੀ ਹੈ।ਸ਼ਹਿਰ ਦੀਆਂ ਪ੍ਰਮੁੱਖ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਭਾਰੀ ਇਕੱਤਰਤਾ ਕਰਕੇ ਇਸ ਮਸਲੇ 'ਤੇ ਵਿਚਾਰ-ਵਟਾਂਦਰਾ ਕੀਤਾ, ਜਿਸ ਦੌਰਾਨ ਸਾਰੇ ਨੁਮਾਇੰਦੇ ਇੱਕ ਮੱਤ ਨਜ਼ਰ ਆਏ।ਨੁਮਾਇੰਦਿਆਂ ਨੇ ਕਿਹਾ ਕਿ ਬਲਜੀਤ ਸਿੰਘ ਚਾਨੀ, ਜੋ ਆਪਣੀ ਸਾਫ-ਸੁਥਰੀ ਛਵੀ ਤੇ ਸਮਾਜ ਸੇਵਾ ਕਾਰਨ ਸ਼ਹਿਰ ਵਿੱਚ ਜਾਣੇ ਜਾਂਦੇ ਹਨ, ਨੂੰ ਇਸ ਤਰ੍ਹਾਂ ਅਚਾਨਕ ਤੇ ਵਿਵਾਦਤ ਢੰਗ ਨਾਲ ਹਟਾਇਆ ਜਾਣਾ ਨਿੰਦਾ-ਯੋਗ ਹੈ।ਉਨ੍ਹਾਂ ਦੱਸਿਆ ਕਿ ਜੋ ਦੋਸ਼ ਲਗਾਏ ਗਏ ਹਨ, ਉਨ੍ਹਾਂ ਨਾਲ ਚਾਨੀ ਦੀ ਛਵੀ ਨੂੰ ਢਾਹ ਲੱਗੀ ਹੈ ਤੇ ਇਸ ਸਮੁੱਚੀ ਕਾਰਵਾਈ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।ਇਹ ਵੀ ਦੋਹਰਾਇਆ ਗਿਆ ਕਿ ਮੇਅਰ ਚਾਨੀ ਕਿਸੇ ਡੂੰਘੀ ਸਾਜ਼ਿਸ਼ ਦਾ ਸ਼ਿਕਾਰ ਬਣੇ ਹਨ ਤੇ ਅਸਲ ਜ਼ਿੰਮੇਵਾਰਾਂ 'ਤੇ ਕਾਰਵਾਈ ਹੋਣੀ ਚਾਹੀਦੀ ਹੈ।ਸ਼ਹਿਰ ਦਾ ਵੱਡਾ ਹਿੱਸਾ ਮੇਅਰ ਚਾਨੀ ਦੇ ਹੱਕ ਵਿੱਚ ਖੜ੍ਹਾ ਹੋਇਆ ਹੈ, ਕਿਉਂਕਿ ਉਹ ਆਪਣੇ ਸਾਫ ਸੁਥਰੇ ਅਕਸ ਤੇ ਸੇਵਾਵਾਂ ਕਰ ਕੇ ਲੋਕਾਂ ਵਿੱਚ ਹਰਮਨ ਪਿਆਰੇ ਹਨ, ਸੋ ਅਜਿਹੇ ਵਿਚ ਜੇਕਰ ਇਸ ਮਾਮਲੇ 'ਤੇ ਮੁੜ ਵਿਚਾਰ ਨਾ ਕੀਤਾ ਗਿਆ ਤਾਂ ਵੱਖ-ਵੱਖ ਸੰਸਥਾਵਾਂ ਵੱਲੋਂ ਸਾਂਝੇ ਰੂਪ ਵਿਚ ਹੀ ਅਗਲੀ ਰਣਨੀਤੀ ਉਲੀਕੀ ਜਾਵੇਗੀ।ਇਸ ਸਮੇਂ ਗੁਰਸੇਵਕ ਸਿੰਘ ਸੰਨਿਆਸੀ ਪ੍ਰਧਾਨ ਸਮਾਜ ਸੇਵਾ ਸੁਸਾਇਟੀ, ਪਰਮਜੋਤ ਸਿੰਘ ਖਾਲਸਾ ਪ੍ਰਧਾਨ ਖਾਲਸਾ ਸੇਵਾ ਸੁਸਾਇਟੀ ਮੋਗਾ, ਗੁਰਨਾਮ ਸਿੰਘ ਭਾਈ ਘਨੱਈਆ ਜੀ ਬਲੱਡ ਸੇਵਾ ਸੁਸਾਇਟੀ, ਗੁਰਜੋਤ ਸਿੰਘ ਕੰਡਾ ਬਲੱਡ ਸੇਵਾ ਸੁਸਾਇਟੀ, ਸ਼ਮਸ਼ੇਰ ਸਿੰਘ ਗੁਰੂ ਦੀ ਗੋਲਕ ਚੈਰੀਟੇਬਲ, ਰਸ਼ਪਾਲ ਸਿੰਘ ਰਾਮਗੜ੍ਹੀਆ ਸੰਗਠਨ, ਕੁਲਵਿੰਦਰ ਸਿੰਘ ਪਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ, ਸੁਰਿੰਦਰ ਸਿੰਘ ਓਬੀਸੀ ਭਾਈਚਾਰਾ, ਵਿਸ਼ਵਕਰਮਾ ਆਟੋ ਯੂਨੀਅਨ, ਕਾਰ-ਜੀਪ ਬਜ਼ਾਰ ਮੋਗਾ, ਮੀਰੀ ਪੀਰੀ ਗਤਕਾ ਅਖਾੜਾ, ਆਜ਼ਾਦ ਵੈੱਲਫੇਅਰ ਕਲੱਬ, ਦਸਤਾਰ ਚੇਤਨਾ ਮਾਰਚ ਕਮੇਟੀ, ਸੁਲੇਖ ਸਭਾ ਮੋਗਾ, ਕਮੇਟੀ ਗੁ ਨਾਮਦੇਵ ਭਵਨ ਆਦਿ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ।

# ਸਰਕਾਰੀ ਹਾਈ ਸਕੂਲ ਮਹਿਲ ਖ਼ੁਰਦ 'ਚ ਬਾਲ ਉਤਸਵ ਮਨਾਇਆ

**ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵਿੱਦਿਆ, ਖੇਡਾਂ ਦੇ ਖੇਤਰ 'ਚ ਮਾਰ ਰਹੇ ਨੇ ਮੱਲਾਂ : ਪੰਡੋਰੀ**



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਸਿੱਖਿਆ ਅਫਸਰ (ਸ) ਸੁਨੀਤਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸ) ਬਰਜਿੰਦਰਪਾਲ ਸਿੰਘ ਦੀ ਗਤੀਸ਼ੀਲ ਅਗਵਾਈ ਹੇਠ ਸਰਕਾਰੀ ਪ੍ਰਇਮਰੀ, ਹਾਈ ਸਕੂਲ ਮਹਿਲ ਖ਼ੁਰਦ ਦੀ ਸਾਂਝੀ ਪੇਸ਼ਕਾਰੀ ਸਾਲਾਨਾ ਇਨਾਮ ਵੰਡ ਸਮਾਗਮ ਬਾਲ ਉਤਸਵ-25 ਧੂਮਧਾਮ ਨਾਲ ਮਨਾਇਆ ਗਿਆ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਮੁਹਤਬਰਾਂ ਦੀ ਹਾਜ਼ਰੀ 'ਚ ਕੀਤਾ।ਉਨ੍ਹਾਂ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ, ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਯਤਨਾਂ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵਿੱਦਿਆ, ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ, ਜੋ ਬੇਹੱਦ ਖੁਸ਼ੀ ਦੀ ਗੱਲ ਹੈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ।ਉਪਰੰਤ ਵਿਦਿਆਰਥੀਆਂ ਵੱਲੋਂ ਗਰੁੱਪ ਡਾਂਸ, ਕੋਰੀਓਗ੍ਰਾਫੀ, ਮਾਈਮ, ਭੰਗੜਾ ਤੇ ਗਿੱਧੇ ਨੇ ਦਰਸ਼ਕਾਂ ਦਾ ਖੂਬ ਮੰਨੋਰੰਜਨ ਕੀਤਾ।ਹੈੱਡਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਇਸ ਵਾਰ ਨਿਵੇਕਲੀ ਪਹਿਲ ਕਦਮੀ ਨਾਲ ਪ੍ਰਾਇਮਰੀ ਸਕੂਲ ਨਾਲ ਸਾਂਝੇ ਤੌਰ 'ਤੇ ਇਕ ਸਮਾਗਮ ਕੀਤਾ ਗਿਆ ਹੈ, ਜਿਸ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸੂਫੀ ਪੰਜਾਬੀ ਗਾਇਕ ਸਾਈਂ ਸੁਲਤਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੇ ਨਾਲ ਹੀ ਸਕੂਲ ਨਾਲ ਜੁੜੇ ਸਮਾਜ ਸੇਵੀ, ਐੱਨ ਆਰ ਆਈ, ਸਕੂਲ ਕਮੇਟੀ ਤੇ ਸਮੁੱਚੀ ਪੰਚਾਇਤ ਨੂੰ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਹਰੀਸ਼ ਬਾਂਸਲ, ਬੀ ਐੱਨ ਓ ਸ੍ਰੀਮਤੀ ਸੁਰੇਸ਼ਟਾ ਰਾਣੀ, ਪ੍ਰਿੰਸੀਪਲ ਸੰਜੈ ਸਿੰਗਲਾ, ਪ੍ਰਿੰਸੀਪਲ ਰਾਜਿੰਦਰਪਾਲ ਸਿੰਘ, ਹੈੱਡ ਮਾਸਟਰ ਭੁਪਿੰਦਰ ਸਿੰਘ, ਕਥਾਵਾਚਕ ਬਹਾਦਰ ਸਿੰਘ ਘਨੌਰੀ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਭੇਟ ਕਰਦਿਆਂ ਭਵਿੱਖ ਵਿੱਚ ਵਧੇਰੇ ਲਗਨ ਮਿਹਨਤ ਨਾਲ ਬੁਲੰਦੀਆਂ ਨੂੰ ਸਰ ਕਰਨ ਲਈ ਉਤਸ਼ਾਹਤ ਕੀਤਾ।ਸਰਪੰਚ ਹਰਪਾਲ ਸਿੰਘ, ਹੈੱਡ ਟੀਚਰ ਸ੍ਰੀਮਤੀ ਸਤਬੀਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਮੰਚ ਦੀ ਜ਼ਿੰਮੇਵਾਰੀ ਜਸਵਿੰਦਰਪਾਲ ਸਿੰਘ ਬੁੱਟਰ ਨੇ ਬਾਖੂਬੀ ਨਿਭਾਈ।ਇਸ ਮੌਕੇ ਚੇਅਰਮੈਨ ਰਕੇਸ਼ ਕੁਮਾਰ, ਜਗਸੀਰ ਸਿੰਘ, ਸੂਬੇਦਾਰ ਜਗਤਾਰ ਸਿੰਘ, ਸੂਬੇਦਾਰ ਗੁਰਜੰਟ ਸਿੰਘ, ਹਰਜੀਤ ਸਿੰਘ ਕੈਨੇਡਾ, ਭਾਈ ਜਗਸੀਰ ਸਿੰਘ ਖ਼ਾਲਸਾ, ਬਲਜੀਤ ਸਿੰਘ ਕੁਤਬਾ, ਪੀ ਏ ਬਿੰਦਰ ਸਿੰਘ ਖ਼ਾਲਸਾ, ਗੁਰੀ ਔਲਖ ਆੜ੍ਹਤੀਆ, ਜੱਸਾ ਕੈਨੇਡਾ, ਪ੍ਰਧਾਨ ਅਵਤਾਰ ਸਿੰਘ, ਜੇ ਈ ਬਲਰਾਜ ਸਿੰਘ, ਆਤਮਾ ਸਿੰਘ ਫੌਜੀ, ਤਰਸੇਮ ਸਿੰਘ ਪਲੰਬਰ, ਸਿੰਦਰ ਸਿੰਘ ਪ੍ਰਧਾਨ, ਬਲੌਰ ਸਿੰਘ ਪ੍ਰਧਾਨ ਤੇ ਸਮੂਹ ਸਟਾਫ ਮੈਂਬਰ, ਮੁਹਤਬਰ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਵੱਲੋਂ ਪੰਜ ਦਿਨਾ ਕਮਿਊਨਟੀ ਆਊਟਰੀਚ ਪ੍ਰੋਗਰਾਮ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਦੀ ਐਨਵਾਇਰਨਮੈਂਟ ਐਜੂਕੇਸ਼ਨਲ ਸੋਸਾਇਟੀ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਪਵਿੱਤਰ ਸ਼ਹੀਦੀ ਪੁਰਬ ਨੂੰ ਸਮਰਪਤ ਪੰਜ-ਦਿਨਾਂ ਦਾ ਕਮਿਊਨਟੀ ਆਊਟਰੀਚ ਪ੍ਰੋਗਰਾਮ ਖੇਤਰ ਦੇ ਕਈ ਸਕੂਲਾਂ ਵਿੱਚ ਸਫਲਤਾਪੂਰਵਕ ਆਯੋਜਤ ਕੀਤਾ ਗਿਆ।ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਾਂਸਕ੍ਰਿਤਿਕ ਜਾਗਰੂਕਤਾ, ਮਨੁੱਖੀ ਮੁੱਲਾਂ ਤੇ ਵਾਤਾਵਰਣਕ ਜ਼ਿੰਮੇਵਾਰੀ ਨੂੰ ਮਜ਼ਬੂਤ ਕਰਨਾ ਸੀ।

ਡਾ. ਹਰਨੀਤ ਬਿਲਿੰਗ, ਹੈੱਡ, ਸਿੱਖਿਆ ਵਿਭਾਗ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਜੀਵਨ, ਉਪਦੇਸ਼ਾਂ ਤੇ ਅਦਵਿੱਤੀ ਬਲਿਦਾਨ ਨਾਲ ਜਾਣੂ ਕਰਾਉਣ ਵਾਲੀਆਂ ਰੁਚਿਕਰ ਗਤੀਵਿਧੀਆਂ ਨਾਲ ਹੋਈ। ਪਲਾਂਟ ਪ੍ਰੋਟੈਕਸ਼ਨ ਤਹਿਤ ਵਾਤਾਵਰਣਕ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੀ ਹਰਿਆਵਲੀ ਦੀ ਸੁਰੱਖਿਆ ਲਈ ਪ੍ਰੇਰਿਤ ਕੀਤਾ ਗਿਆ।ਦੂਜੇ ਦਿਨ ਸਰਕਾਰੀ ਹਾਈ ਸਕੂਲ, ਸਰਹਿੰਦ ਵਿੱਚ ਵਿਦਿਆਰਥੀਆਂ ਨੇ ਸਿੱਖ ਇਤਿਹਾਸ ਨਾਲ ਸੰਬੰਧਤ ਪ੍ਰੇਰਣਾਦਾਇਕ ਫ਼ਿਲਮ ਦੀ ਸਕਰੀਨਿੰਗ ਦੇਖੀ, ਜਿਸ ਤੋਂ ਬਾਅਦ ਅੰਤਰਕ੍ਰਿਆਤਮਕ ਗਤੀਵਿਧੀ ਸੇ ਨੋ ਟੂ ਫੀਅਰ ਕਰਾਈ ਗਈ।ਇਸ ਤੋਂ ਇਲਾਵਾ ਸ਼ਹੀਦੀ ਸਵੇਰ ਸਿੱਖ ਵਿਰਸੇ ਦੀ ਬਾਤ ਸਿਰਲੇਖ ਹੇਠ ਵਿਸ਼ੇ-ਅਧਾਰਤ ਰੈਲੀ ਆਯੋਜਤ ਕੀਤੀ ਗਈ, ਜਿਸ ਰਾਹੀਂ ਸਿੱਖ ਵਿਰਸੇ ਅਤੇ ਵਿਸ਼ਵਭਰਮੀ ਮਨੁੱਖੀ ਅਧਿਕਾਰਾਂ ਦਾ ਸੰਦੇਸ਼ ਪ੍ਰਚਾਰਿਆ ਗਿਆ।

ਤੀਜੇ ਦਿਨ ਰੋਇਲ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੋਸਟਰ-ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਅਤੇ ਵਾਤਾਵਰਣ ਸੰਭਾਲ ਨਾਲ ਸੰਬੰਧਤ ਚਿੱਤਰਕਲਾ ਤਿਆਰ ਕੀਤੀ।ਇਸ ਦੌਰਾਨ ਗੁਰਬਾਣੀ ਦੇ ਵਾਕ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ ਤੋਂ ਪ੍ਰੇਰਿਤ ਵਾਤਾਵਰਨਕ ਸੰਦੇਸ਼ ਸਾਂਝਾ ਕੀਤਾ ਗਿਆ।ਵਿਦਿਆਰਥੀਆਂ ਨੇ ਸਕੂਲ-ਪੱਧਰੀ ਸਫ਼ਾਈ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲਿਆ। ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਵਾਈਸ-ਚਾਂਸਲਰ ਤੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਿੱਖਿਆ ਵਿਭਾਗ ਦੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਤੇ ਅਸਿਸਟੈਂਟ ਪ੍ਰੋਫੈਸਰ ਸ੍ਰੀਮਤੀ ਨਵਜੋਤ ਕੌਰ ਦੀ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕਮਿਊਨਟੀ ਆਊਟਰੀਚ ਪ੍ਰੋਗਰਾਮ ਨੌਜਵਾਨ ਪੀੜ੍ਹੀ ਵਿੱਚ ਨੈਤਿਕ, ਸਾਂਸਕ੍ਰਿਤਿਕ ਤੇ ਵਾਤਾਵਰਣਕ ਮੁੱਲਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਸਮੁਦਾਇਕ ਜੋੜ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ।

# ਸੀ ਪੀ ਆਈ ਸਬ-ਡਵੀਜ਼ਨ ਬਠਿੰਡਾ ਦੀ ਬਹਿਮਣ ਦਿਵਾਨਾ 'ਚ ਡੈਲੀਗੇਟ ਕਾਨਫਰੰਸ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਤੋਂ 10 ਕਿਲੋਮੀਟਰ ਦੂਰ ਪਿੰਡ ਬਹਿਮਣ ਦਿਵਾਨਾ ਵਿਖੇ ਸੀ ਪੀ ਆਈ (ਭਾਰਤੀ ਕਮਿਊਨਿਸਟ ਪਾਰਟੀ) ਸਬ ਡਵੀਜ਼ਨ ਬਠਿੰਡਾ ਦੀ ਮਨਦੀਪ ਸਰਦਾਰਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਡੈਲੀਗੇਟ ਕਾਨਫਰੰਸ ਵਿੱਚ ਪੰਜਾਬ ਸਰਕਾਰ ਵੱਲੋਂ ਵੋਟਾਂ ਵੇਲੇ ਲੋਕਾਂ ਨਾਲ ਕੀਤੇ ਵਾਅਦਿਆਂ ਤੇ ਗਰੰਟੀਆਂ ਤੋਂ ਮੁੱਕਰ ਜਾਣ ਦੀ ਸਖ਼ਤ ਨਿਖੇਧੀ ਕੀਤੀ ਗਈ।ਔਰਤਾਂ ਨੂੰ ਹਜ਼ਾਰ ਰੁਪੈ ਮਹੀਨਾ ਦੇਣ, ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਹਰ ਘਰ ਵਿਚ ਇੱਕ ਇਨਸਾਨ ਨੂੰ ਨੌਕਰੀ ਦੇਣ ਦੇ ਸਾਰੇ ਕੀਤੇ ਵਾਅਦੇ ਜੁਮਲੇ ਸਾਬਿਤ ਹੋਏ ਹਨ।ਕਾਨਫਰੰਸ ਨੇ ਗਰੀਬਾਂ ਲਈ ਹਰ ਮਹੀਨੇ ਕਣਕ ਦੇਣ ਵਿੱਚ ਕੀਤੀ ਕਟੌਤੀ ਦੀ ਘੋਰ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਵਾਅਦੇ ਮੁਤਾਬਕ ਵਿਧਵਾ, ਬੁਢਾਪਾ, ਅਪੰਗ ਤੇ ਬੇਸਹਾਰਾ ਪੈਨਸ਼ਨ 1500 ਤੋਂ ਵਧਾ ਕੇ 2500 ਰੁਪੈ ਕੀਤੀ ਜਾਵੇ।ਡੈਲੀਗੇਟ ਕਾਨਫਰੰਸ ਨੂੰ ਸੀ ਪੀ ਆਈ ਦੇ ਜ਼ਿਲ੍ਹਾ ਤੇ ਸੂਬਾਈ ਆਗੂਆਂ ਜਗਜੀਤ ਸਿੰਘ ਜੋਗਾ, ਸੁਰਜੀਤ ਸਿੰਘ ਸੋਹੀ, ਜਸਵੀਰ ਕੌਰ ਸਰਾਂ, ਪਰਮਜੀਤ ਸੇਖਪੁਰਾ ਨੇ ਸੰਬੋਧਨ ਕੀਤਾ।ਇਸ ਮੌਕੇ ਡੈਲੀਗੇਟਾਂ ਵੱਲੋਂ 19 ਮੈਂਬਰੀ ਸਬ ਡਵੀਜ਼ਨ ਕਮੇਟੀ ਚੁਣੀ ਗਈ, ਜਿਸ ਦਾ ਸੁਰਜੀਤ ਸਿੰਘ ਸਰਦਾਰਗੜ੍ਹ ਨੂੰ ਮੁੜ ਸਕੱਤਰ ਤੇ ਜਸਵੀਰ ਕੌਰ ਸਰਾਂ ਤੇ ਮਨਦੀਪ ਸਿੰਘ ਨੂੰ ਮੀਤ ਸਕੱਤਰ ਚੁਣਿਆ ਗਿਆ।ਕਾਨਫਰੰਸ ਨੇ ਜ਼ਿਲ੍ਹਾ ਪਾਰਟੀ ਦੀ ਚੋਣ ਲਈ 15 ਡੈਲੀਗੇਟ ਵੀ ਚੁਣੇ।ਨਵੇਂ ਚੁਣੇ ਤਹਿਸੀਲ ਸਕੱਤਰ ਸੁਰਜੀਤ ਸਿੰਘ ਸਰਦਾਰਗੜ੍ਹ ਨੇ ਕਿਹਾ ਕਿ ਜੇਕਰ ਨਰੇਗਾ ਦੇ ਬੰਦ ਪਏ ਕੰਮ ਇੱਕ ਹਫ਼ਤੇ ਵਿੱਚ ਸ਼ੁਰੂ ਨਾ ਕੀਤੇ ਗਏ ਤਾਂ ਕਮਿਊਨਿਸਟ ਪਾਰਟੀ ਮਜ਼ਦੂਰ ਸਭਾਵਾਂ ਦੇ ਸਹਿਯੋਗ ਨਾਲ ਡੀ ਸੀ ਦਫ਼ਤਰ ਅੱਗੇ ਸੰਘਰਸ਼ ਸ਼ੁਰੂ ਕਰੇਗੀ।

# ਮੀਡੀਆ ਲਈ ਸਰਕਾਰਾਂ ਦਾ ਰਵੱਈਆ ਨਕਾਰਾਤਮਕ ਕਰਾਰ

**ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਚੌਥੀ ਸੂਬਾਈ ਕਾਨਫਰੰਸ**



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੀ ਚੌਥੀ ਸੂਬਾਈ ਕਾਨਫਰੰਸ ਬਰਨਾਲਾ ਵਿੱਚ ਹੋਈ।ਮਹਾਂਸ਼ਕਤੀ ਕਲਾਂ ਮੰਦਰ ਵਿਖੇ ਹੋਈ ਇਸ ਕਾਨਫਰੰਸ ਵਿੱਚ ਯੂਨੀਅਨ ਵੱਲੋਂ ਪੰਜਾਬ ਚੇਅਰਮੈਨ ਬਲਵਿੰਦਰ ਜੰਮੂ, ਸੂਬਾ ਪ੍ਰਧਾਨ ਬਲਵੀਰ ਜੰਡੂ, ਕਾਰਜਕਾਰੀ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ, ਸੂਬਾ ਖ਼ਜ਼ਾਨਚੀ ਬਿੰਦੂ ਸਿੰਘ, ਸੂਬਾ ਸਕੱਤਰ ਭੂਸ਼ਣ ਸੂਦ, ਜਥੇਬੰਦਕ ਸਕੱਤਰ ਅਤੇ ਮਾਲਵਾ ਇੰਚਾਰਜ ਸੰਤੋਖ ਗਿੱਲ ਅਤੇ ਪ੍ਰੀਤਮ ਰੁਪਾਲ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਮੌਕੇ ਸ੍ਰੀ ਜੰਡੂ ਤੇ ਹੋਰ ਬੁਲਾਰਿਆਂ ਨੇ ਕੇਂਦਰ ਤੇ ਰਾਜ ਸਰਕਾਰਾਂ ਦੀ ਮੀਡੀਆ ਖ਼ਿਲਾਫ਼ ਅਪਣਾਈ ਨਕਾਰਾਤਮਕ ਪਹੁੰਚ ਦੀ ਨਿਖੇਧੀ ਕਰਦਿਆਂ ਲੋਕਤੰਤਰ ਦੇ ਚੌਥੇ ਥੰਮ੍ਹ ਦੇ ਵਜੂਦ ਨੂੰ ਬਚਾਉਣ ਵਾਸਤੇ ਸੁਹਿਰਦ ਪੱਤਰਕਾਰਾਂ ਨੂੰ ਮੈਦਾਨ ਵਿੱਚ ਨਿੱਤਰਨ ਦਾ ਸੱਦਾ ਦਿੱਤਾ।ਕਾਨਫਰੰਸ ਦੇ ਪਹਿਲੇ ਸੈਸ਼ਨ ਦੌਰਾਨ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਤੇ ਸਾਬਕਾ ਸੰਸਦੀ ਸਕੱਤਰ ਸੰਤ ਬਲਬੀਰ ਸਿੰਘ ਘੁੰਨਸ ਨੇ ਸ਼ਿਰਕਤ ਕੀਤੀ।ਇਸ ਮੌਕੇ ਬਲਵਿੰਦਰ ਜੰਮੂ, ਬਲਵੀਰ ਜੰਡੂ ਤੇ ਸੰਤੋਖ ਗਿੱਲ ਨੇ ਪੱਤਰਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਚਰਚਾ ਕੀਤੀ।ਉਨ੍ਹਾਂ ਯੂਨੀਅਨ ਵੱਲੋਂ ਸਰਕਾਰ ਅੱਗੇ ਲੰਮੇ ਸਮੇਂ ਤੋਂ ਚੁੱਕੀਆਂ ਜਾ ਰਹੀਆਂ ਮੰਗਾਂ, ਜਿਨ੍ਹਾਂ ਵਿੱਚ ਖਾਸ ਕਰਕੇ ਵਰਕਿੰਗ ਜਰਨੀਲਿਸਟ ਐਕਟ ਬਹਾਲ ਕਰਨਾ ਤੇ ਵੇਜ ਬੋਰਡ ਬਹਾਲ ਕਰਨਾ ਆਦਿ ਦਾ ਜ਼ਿਕਰ ਕੀਤਾ।ਉਨ੍ਹਾਂ ਇਸ ਮੌਕੇ ਹਾਜ਼ਰ ਸਿਆਸੀ ਆਗੂਆਂ ਨੂੰ ਮੰਗ ਪੱਤਰ ਵੀ ਸੌਂਪਿਆ।ਸਪੀਕਰ ਸ੍ਰੀ ਸੰਧਵਾਂ ਤੇ ਮੰਤਰੀ ਅਰੋੜਾ ਨੇ ਮੰਗ ਪੱਤਰ ਵਿੱਚ ਦਰਜ ਮੰਗਾਂ ਸਬੰਧੀ ਚਰਚਾ ਕਰਨ ਲਈ ਯੂਨੀਅਨ ਦੀ ਸਟੇਟ ਕਮੇਟੀ ਆਗੂਆਂ ਨੂੰ ਸੱਦਾ ਦਿੱਤਾ ਤੇ ਸਬੰਧਤ ਮੰਗਾਂ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ 'ਚ ਲਿਆਉਣ ਦਾ ਭਰੋਸਾ ਦਿਵਾਇਆ। ਕਾਨਫਰੰਸ ਦੇ ਦੂਜੇ ਸੈਸ਼ਨ ਦੌਰਾਨ ਬਲਵਿੰਦਰ ਜੰਮੂ ਨੇ ਜਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਬਲਵੀਰ ਜੰਡੂ ਨੇ ਕਾਰਜਕਾਰੀ ਤੇ ਬਿੰਦੂ ਸਿੰਘ ਨੇ ਵਿੱਤੀ ਰਿਪੋਰਟ ਪੇਸ਼ ਕੀਤੀ।ਚਰਚਾ ਦੌਰਾਨ ਜੈ ਸਿੰਘ ਛਿੱਬਰ, ਭੂਸ਼ਣ ਸੂਦ, ਸੰਤੋਖ ਗਿੱਲ, ਜਗਤਾਰ ਸਿੰਘ ਭੁੱਲਰ ਤੇ ਬਲਵਿੰਦਰ ਸਿਪਰੇ ਆਦਿ ਨੇ ਪੱਤਰਕਾਰਾਂ ਦੀ ਏਕਤਾ 'ਤੇ ਜ਼ੋਰ ਦਿੱਤਾ।ਇਸ ਮਗਰੋਂ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ।

# ਪੰਜਾਬ ਰੋਡਵੇਜ਼ ਤੇ ਪਨਬੱਸ ਬੱਸਾਂ ਦੀਆਂ ਬਾਡੀਆਂ ਰਾਜਸਥਾਨ ਤੋਂ ਕਿਉਂ ਲਵਾਈਆਂ ਜਾ ਰਹੀਆਂ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਾਨੂੰ ਇਸ ਗੱਲ ਦਾ ਬਹੁਤ ਦੁੱਖ ਤੇ ਹੈਰਾਨੀ ਹੋਈ ਹੈ ਕਿ ਜਦੋਂ ਸੈਂਟਰ ਦੀ ਸਰਕਾਰ ਪੰਜਾਬ ਵਿਚ ਕੋਈ ਵੱਡੀ ਇੰਡਸਟਰੀ ਨਹੀਂ ਦੇ ਰਹੀ ਅਤੇ ਇਥੋਂ ਦੀ ਬੇਰੁਜ਼ਗਾਰੀ ਖਤਮ ਕਰਨ ਲਈ ਕੋਈ ਅਮਲ ਨਹੀਂ ਕਰ ਰਹੀ ਤਾਂ ਸਾਡੀਆ ਛੋਟੀਆਂ ਇੰਡਸਟਰੀਆਂ, ਜਿਨ੍ਹਾਂ ਵਿੱਚ ਸਾਡੇ ਪੰਜਾਬੀ ਵੱਡੀ ਗਿਣਤੀ ਵਿਚ ਰੁਜ਼ਗਾਰ ਕਰਦੇ ਹਨ ਤੇ ਉਨ੍ਹਾਂ ਦੇ ਮਾਲਕ ਇਥੋਂ ਦੀ ਪੂੰਜੀ ਨੂੰ ਮਿਹਨਤ ਕਰਕੇ ਵਧਾ ਰਹੇ ਹਨ ਤਾਂ ਪੰਜਾਬ ਸਰਕਾਰ ਅਧੀਨ ਟਰਾਸਪੋਰਟ ਵਿਭਾਗ ਵੱਲੋਂ ਪੰਜਾਬ ਰੋਡਵੇਜ਼ ਤੇ ਪਨਬੱਸ ਦੀਆਂ ਸਰਕਾਰੀ ਬੱਸਾਂ ਦੀਆਂ ਬਾਡੀਆਂ ਵੱਧ ਕੀਮਤਾਂ ਉਤੇ ਰਾਜਸਥਾਨ ਵਿੱਚੋਂ ਬਣਵਾਉਣ ਲਈ ਕਿਉਂ ਭੇਜੀਆਂ ਜਾ ਰਹੀਆਂ ਹਨ। ਇਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਪੰਜਾਬ ਸਰਕਾਰ ਤੇ ਟਰਾਸਪੋਰਟ ਵਿਭਾਗ ਵੱਲੋਂ ਇਸ ਵਿਚ ਵੱਡੀਆਂ ਰਿਸ਼ਵਤਾਂ ਖਾਣ ਦੇ ਮਕਸਦ ਨਾਲ ਇਨ੍ਹਾਂ ਬੱਸਾਂ ਦੀਆਂ ਬਾਡੀਆਂ ਰਾਜਸਥਾਨ ਬਣਾਉਣ ਲਈ ਭੇਜੀਆਂ ਜਾਂਦੀਆਂ ਹਨ, ਜਦੋਂਕਿ ਸਾਡੇ ਪੰਜਾਬ ਵਿਚ ਸਰਹਿੰਦ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਤੇ ਹੋਰ ਕਈ ਸਥਾਨਾਂ ਤੇ ਬਹੁਤ ਹੀ ਆਲਾ ਕਿਸਮ ਦੀਆਂ ਬਾਡੀਆਂ ਲਾਉਣ ਵਾਲੀ ਛੋਟੀ ਇੰਡਸਟਰੀ ਸ਼ਿੱਦਤ ਨਾਲ ਉਦਮ ਕਰ ਰਹੀ ਹੈ । ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਸਰਕਾਰ ਦੀਆਂ ਅਤੇ ਟਰਾਂਸਪੋਰਟ ਵਿਭਾਗ ਨਾਲ ਸੰਬੰਧਤ ਅਫਸਰਸਾਹੀ ਦੀਆਂ ਦਿਸ਼ਾਹੀਣ, ਰਿਸ਼ਵਤਖੋਰੀ ਨਾਲ ਜਰਖੇਜ਼ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪੰਜਾਬ ਸੂਬੇ ਤੇ ਪੰਜਾਬੀਆਂ ਨਾਲ ਸਰਕਾਰ ਅਤੇ ਅਫਸਰਸਾਹੀ ਵੱਲੋਂ ਵੱਡੇ ਧੋਖੇ-ਫਰੇਬ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜਦੋਂ ਪਹਿਲੇ ਹੀ ਸੈਂਟਰ ਸਰਕਾਰ ਦੀ ਮੰਦਭਾਵਨਾ ਅਧੀਨ ਹਰਿਆਣਾ, ਹਿਮਾਚਲ, ਰਾਜਸਥਾਨ, ਗੁਜਰਾਤ ਆਦਿ ਸਰਹੱਦੀ ਸੂਬਿਆ ਨੂੰ ਵੱਡੇ ਉਦਯੋਗ ਦਿੱਤੇ ਗਏ ਹਨ ਤੇ ਪੰਜਾਬ ਨਾਲ ਲੰਮੇ ਸਮੇਂ ਤੋਂ ਇਸ ਵਿਸ਼ੇ ਉਤੇ ਵਿਤਕਰਾ ਹੁੰਦਾ ਆ ਰਿਹਾ ਹੈ ਅਤੇ ਹੁਣ ਸਾਡੀ ਬੱਸਾਂ ਦੀਆਂ ਬਾਡੀਆ ਬਣਾਉਣ ਵਾਲੀ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਦੀ ਬਜਾਇ ਉਨ੍ਹਾਂ ਨਾਲ ਸੰਬੰਧਤ ਮਜਦੂਰਾਂ ਤੇ ਮਾਲਕਾਂ ਨੂੰ ਮਾਲੀ ਨੁਕਸਾਨ ਪਹੁੰਚਾਉਣ ਲਈ ਰਾਜਸਥਾਂਨ ਵਰਗੇ ਸੂਬੇ ਵਿਚ ਬਾਡੀਆਂ ਲਾਉਣ ਲਈ ਭੇਜਿਆ ਜਾ ਰਿਹਾ ਹੈ ਤਾਂ ਇਹ ਵੀ ਇਕ ਹਕੂਮਤੀ ਪੱਧਰ ਦੀ ਪੰਜਾਬ ਸੂਬੇ ਤੇ ਪੰਜਾਬੀਆ ਨੂੰ ਮਾਲੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਹੀ ਜਾਪਦੀ ਹੈ, ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਿੱਥੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਾ ਹੈ, ਉਥੇ ਪੰਜਾਬ ਦੀ ਮੌਜੂਦਾ ਸਰਕਾਰ ਅਤੇ ਸਾਡੇ ਟਰਾਂਸਪੋਰਟ ਵਿਭਾਗ ਦੀ ਅਫ਼ਸਰਸਾਹੀ ਨੂੰ ਪੰਜਾਬ ਦੇ ਬਿਨ੍ਹਾ 'ਤੇ ਇਹ ਖਬਰਦਾਰ ਕਰਨਾ ਆਪਣਾ ਫ਼ਰਜ਼ ਸਮਝਦਾ ਹੈ ਕਿ ਜੇਕਰ ਉਨ੍ਹਾਂ ਨੇ ਆਪਣੀ ਇਸ ਪੰਜਾਬ ਤੇ ਪੰਜਾਬੀ ਵਿਰੋਧੀ ਨੀਤੀ ਨੂੰ ਤਿਆਗ ਕੇ ਸੰਜੀਦਗੀ ਨਾਲ ਪੰਜਾਬ ਦੀ ਇੰਡਸਟਰੀ ਨੂੰ ਵਧਾਉਣ, ਇਥੋਂ ਦੀ ਬੇਰੁਜ਼ਗਾਰੀ ਨੂੰ ਖਤਮ ਕਰਨ ਅਤੇ ਛੋਟੇ ਵਪਾਰੀਆਂ ਤੇ ਉਦਯੋਗਾਂ ਦੇ ਮਾਲਕਾਂ ਨੂੰ ਸਹਿਯੋਗ ਕਰਨ ਦੀ ਨੀਤੀ ਨੂੰ ਨਾ ਅਪਣਾਇਆ ਤਾਂ ਪੰਜਾਬ ਦਾ ਮਾਲੀ ਤੌਰ 'ਤੇ ਹੋਣ ਵਾਲੇ ਵੱਡੇ ਨੁਕਸਾਨ ਲਈ ਇਹ ਸਰਕਾਰਾਂ ਅਤੇ ਅਫ਼ਸਰਸ਼ਾਹੀ ਦੋਸ਼ੀ ਹੋਵੇਗੀ ਤੇ ਅਜਿਹੀਆਂ ਨੀਤੀਆਂ ਨੂੰ ਪੰਜਾਬੀ ਬਰਦਾਸ਼ਤ ਨਹੀਂ ਕਰਨਗੇ।

## ਸਫਾ 1 ਦੇ ਬਾਕੀ...

### ਕੈਪਟਨ-ਸੁਖਬੀਰ ਦੀ...

ਵਿੱਚ ਉਨ੍ਹਾਂ ਦੇ ਅਕਾਲੀ ਦਲ ਤੋਂ ਕਾਂਗਰਸ ਤੱਕ ਦੇ ਸਫ਼ਰ, ਆਪਣੀ ਪਾਰਟੀ ਬਣਾਉਣ ਅਤੇ ਅੰਤ ਵਿੱਚ ਭਾਜਪਾ ਵਿੱਚ ਸ਼ਾਮਲ ਹੋਣ ਨੂੰ ਉਜਾਗਰ ਕੀਤਾ। ਚੀਮਾ ਨੇ 'ਆਪ' ਦੇ ਪੁਰਾਣੇ ਦਾਅਵੇ ਨੂੰ ਦੁਹਰਾਇਆ ਕਿ ਆਪਣੇ 2017-2022 ਦੇ ਕਾਰਜਕਾਲ ਦੌਰਾਨ ਕਿਵੇਂ ਕੈਪਟਨ ਅਮਰਿੰਦਰ ਨੇ ਕਾਂਗਰਸ ਨਾਲੋਂ ਭਾਜਪਾ ਦੇ ਮੁੱਖ ਮੰਤਰੀ ਵਜੋਂ ਜ਼ਿਆਦਾ ਕੰਮ ਕੀਤਾ। ਉਹਨਾ ਕਿਹਾ ਕਿ ਕੈਪਟਨ ਅਮਰਿੰਦਰ ਇੱਕ ਦੁਸ਼ਮਣ ਦੇਸ਼ ਦੀ ਔਰਤ ਨਾਲ ਆਪਣੇ ਸੰਬੰਧਾਂ, ਇੱਕ ਅਜਿਹਾ ਰਿਸ਼ਤਾ, ਜੋ ਸੰਵਿਧਾਨਕ ਅਹੁਦੇ 'ਤੇ ਬੈਠੇ ਕਿਸੇ ਵੀ ਵਿਅਕਤੀ ਦੇ ਵਿਰੁੱਧ ਹੈ, ਤੋਂ ਪੈਦਾ ਹੋਈਆਂ ਕੌਮੀ ਸੁਰੱਖਿਆ ਸੰਬੰਧੀ ਚਿੰਤਾਵਾਂ ਕਾਰਨ ਕੇਂਦਰੀ ਭਾਜਪਾ ਸਰਕਾਰ ਦੇ ਅਧੀਨ ਸਨ।ਵਿੱਤ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਵੀ ਉਜਾਗਰ ਕੀਤਾ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਦੇ ਅਧੀਨ ਪੰਜਾਬ ਦੇ 3 ਕਰੋੜ ਲੋਕਾਂ ਨੂੰ ਨਸ਼ਾ, ਸ਼ਰਾਬ ਅਤੇ ਰੇਤ ਮਾਫੀਆ ਤੋਂ ਰਾਹਤ ਮਿਲੀ ਹੈ, ਜੋ ਪਿਛਲੀਆਂ ਸਰਕਾਰਾਂ ਦੌਰਾਨ ਵਧ-ਫੁੱਲ ਰਿਹਾ ਸੀ। ਸਿਆਸੀ ਪਰਵਾਰਾਂ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਵਿੱਤ ਮੰਤਰੀ ਨੇ ਕਿਹਾ—ਇਹ ਲੋਕ ਸੋਚਦੇ ਹਨ ਕਿ ਪੰਜਾਬੀ ਉਨ੍ਹਾਂ ਦੀਆਂ ਧੋਖੇਬਾਜ਼ ਚਾਲਾਂ ਨੂੰ ਭੁੱਲ ਗਏ ਹਨ, ਪਰ ਉਹ ਸ਼ਾਇਦ ਇਹ ਭੁੱਲ ਗਏ ਹਨ ਕਿ ਪੰਜਾਬੀ 20 ਸਾਲ ਬਾਅਦ ਵੀ ਬਦਲਾ ਲੈਂਦੇ ਹਨ। ਲੋਕ ਕਦੇ ਨਹੀਂ ਭੁੱਲਣਗੇ ਕਿ ਕਿਵੇਂ ਇਨ੍ਹਾਂ ਆਗੂਆਂ ਨੇ, ਜੋ ਪਰਦੇ ਪਿੱਛੇ ਇੱਕਜੁੱਟ ਸਨ, ਲੋਕਾਂ ਨੂੰ ਗੁੰਮਰਾਹ ਕਰਨ ਲਈ ਗੁੰਝਲਦਾਰ ਸਾਜ਼ਿਸ਼ਾਂ ਚਲਾਈਆਂ, ਕਿਵੇਂ ਉਨ੍ਹਾਂ ਸੂਬੇ ਦੀ ਦੌਲਤ ਨੂੰ ਲੁੱਟਿਆ ਅਤੇ ਕਿਵੇਂ ਪਵਿੱਤਰ ਪੰਥਕ ਅਹੁਦਿਆਂ ਉੱਤੇ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਅਤੇ ਫਿਰ ਸੁਖਬੀਰ ਸਿੰਘ ਬਾਦਲ ਦੁਆਰਾ ਆਪਣੇ ਚਹੇਤੇ ਥਾਪੇ ਗਏ। 'ਆਪ' ਸਰਕਾਰ ਆਮ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਏਗੀ ਕਿ ਇਨ੍ਹਾਂ ਪਰਵਾਰਾਂ ਦੀਆਂ ਸਾਜ਼ਿਸ਼ਾਂ ਕਦੇ ਕਾਮਯਾਬ ਨਾ ਹੋਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਇਕਾਈ ਲਾਲਪੁਰਾ ਦੀ ਹੰਗਾਮੀ ਮੀਟਿੰਗ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਖਡੂਰ ਸਾਹਿਬ ਦੀ ਇਕਾਈ ਲਾਲਪੁਰਾ ਵੱਲੋਂ ਇਕਾਈ ਪ੍ਰਧਾਨ ਰਣਜੀਤ ਸਿੰਘ, ਕਿਸਾਨ ਆਗੂ ਪਾਖਰ ਸਿੰਘ ਲਾਲਪੁਰਾ ਨੇ ਕਿਹਾ ਕਿ ਬਿਜਲੀ ਸੋਧ ਬਿੱਲ-2025 ਹੈ, ਇਸ ਨਾਲ ਆਮ ਲੋਕਾਂ ਉਤੇ ਵਾਧੂ ਬੋਝ ਪਾਇਆ ਜਾਣ ਵਾਲਾ ਹੈ, ਜਿਸ ਨਾਲ ਇਸ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਵੀ ਪ੍ਰਾਈਵੇਟ ਅਦਾਰਿਆਂ ਹੇਠ ਅਧੀਨ ਕਰਨ ਲਈ ਸਰਕਾਰ ਯੋਜਨਾ ਬਣਾ ਰਹੀ ਹੈ। ਅਗਰ ਇਹ ਪ੍ਰਾਈਵੇਟ ਹੱਥਾਂ ਵਿੱਚ ਚਲੀ ਜਾਵੇਗੀ ਤਾਂ ਉਨ੍ਹਾਂ ਵੱਲੋਂ ਬਿਨੈਕਾਰਾਂ ਨੂੰ ਵੀ ਕਾਨੂੰਨੀ ਤੌਰ ਤੇ ਪਰੇਸ਼ਾਨ ਕੀਤਾ ਜਾਵੇਗਾ।ਇਸ ਲਈ ਬਿਜਲੀ ਸੋਧ ਬਿੱਲ ਦਾ ਅਸੀਂ ਵਿਰੋਧ ਕਰਦੇ ਹਾਂਗੇ ਜਦੋਂ ਤੱਕ ਇਹ ਰੱਦ ਨਹੀਂ ਹੋ ਜਾਂਦਾ, ਸੰਘਰਸ਼ ਜਾਰੀ ਰਹੇਗਾ। ਇਕਾਈ ਆਗੂ ਵਕੀਲਦੇਵ ਹਰਪਾਲ ਸਿੰਘ ਕਿਹਾ ਕਿ 10 ਦਸੰਬਰ ਨੂੰ ਪਿੰਡ ਵਿੱਚੋਂ ਚਿੱਪਾਂ ਵਾਲੇ ਮੀਟਰ ਉਤਾਰ ਕੇ ਬਿਜਲੀ ਘਰਾਂ 'ਚ ਜਮ੍ਹਾ ਕਰਵਾਏ ਜਾਣਗੇ। ਕਿਸੇ ਵੀ ਕੀਮਤ 'ਤੇ ਪਿੰਡ 'ਚ ਚਿੱਪਾਂ ਵਾਲੇ ਮੀਟਰ ਨਹੀਂ ਲੱਗਣ ਦਿਆਂਗੇ। ਕਿਸਾਨ ਆਗੂ ਹਰਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਜੋ ਮੋਦੀ ਸਰਕਾਰ ਆਪਣੇ ਅਧੀਨ ਪੰਜਾਬ ਸਰਕਾਰ ਨਾਲ ਮਿਲ ਕੇ ਕਰਨਾ ਚਾਹੁੰਦੀ ਹੈ ਉਸ ਵਿੱਚ ਸਫਲ ਨਹੀਂ ਹੋਣ ਦੇਣਾ ਕਿਉਂਕਿ ਇਸ ਵਿੱਚ ਪੰਜਾਬ ਦੇ ਕਈ ਪੁਰਾਣੇ ਲੋਕਾਂ ਦਾ ਬਹੁਤ ਵੱਡਾ ਯੋਗਦਾਨ ਪਾ ਕੇ ਇਹ ਯੂਨੀਵਰਸਿਟੀ ਬਣਾਈ ਗਈ ਹੈ। ਇਸ ਉਤੇ ਪੰਜਾਬ ਦਾ ਹੀ ਹੱਕ ਹੋਣਾ ਚਾਹੀਦਾ ਹੈ। ਇਸ ਮੌਕੇ ਦੁਰਗਾ ਸਿੰਘ, ਹਰਪਾਲ ਸਿੰਘ, ਹਰਜੀਤ ਸਿੰਘ, ਪਿਆਰਾ ਸਿੰਘ, ਲੱਖਾ ਸਿੰਘ, ਰਛਪਾਲ ਸਿੰਘ, ਗੁਰਮੇਜ ਸਿੰਘ, ਕੁਲਦੀਪ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ, ਹਰਦੇਵ ਸਿੰਘ, ਰਣਜੀਤ ਸਿਘ ਰਾਜਾ, ਗੁਰਪਰੀਤ ਸਿੰਘ, ਵਿਰਸਾ ਸਿੰਘ, ਸੁਰਜੀਤ ਸਿੰਘ ਹਰਜੀਤ ਸਿੰਘ, ਹਰਦੀਪ ਸਿੰਘ, ਜਰਨੈਲ ਸਿੰਘ ਬੈਂਕ ਵਾਲੇ, ਕੁਲਦੀਪ ਸਿੰਘ ਆਦਿ ਆਗੂ ਹਾਜ਼ਰ ਸਨ।

# ਸੀ ਪੀ ਆਈ ਨੇ ਰਾਜਵਿੰਦਰ ਕੌਰ ਤੇ ਗੁਰਮੀਤ ਕੌਰ ਨੂੰ ਉਮੀਦਵਾਰ ਐਲਾਨਿਆ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**-ਭਾਰਤੀ ਕਮਿਊਨਿਸਟ ਬਲਾਕ ਕਮੇਟੀ ਖਡੂਰ ਸਾਹਿਬ ਦੀ ਅਹਿਮ ਮੀਟਿੰਗ ਬਲਦੇਵ ਸਿੰਘ ਧੂੰਦਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਦੀ ਕਾਰਵਾਈ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਬਲਾਕ ਸਕੱਤਰ ਕਾਮਰੇਡ ਬਲਜੀਤ ਸਿੰਘ ਫਤਿਆਬਾਦ ਨੇ ਦੱਸਿਆ ਕਿ ਆ ਰਹੀਆ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਹਲਕੇ ਖਡੂਰ ਸਾਹਿਬ ਤੋ ਦੋ ਸੰਮਤੀ ਜ਼ੋਨਾਂ ਜਿਨ੍ਹਾਂ 'ਚ ਧੂੰਦਾ ਜ਼ੋਨ ਤੋਂ ਕਾਮਰੇਡ ਰਾਜਵਿੰਦਰ ਕੌਰ ਧੂੰਦਾ ਤੇ ਵੇਈਂਪੂਈਂ ਜ਼ੋਨ ਤੋਂ ਕਾਮਰੇਡ ਗੁਰਮੀਤ ਕੌਰ ਵੇਈਂਪੂਈਂ ਨੂੰ ਉਮੀਦਵਾਰ ਬਣਾਇਆ ਗਿਆ। ਦੂਸਰੇ ਜ਼ੋਨ ਵਿਚਾਰ ਅਧੀਨ ਹਨ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਬਿਹਾਰੀਪੁਰ, ਮੇਜਰ ਸਿੰਘ ਦਾਰਾਪੁਰ, ਹਰਜੀਤ ਕੌਰ ਫਤਿਆਬਾਦ, ਜਸਵੰਤ ਸਿੰਘ ਖਡੂਰ ਸਾਹਿਬ, ਭਗਵੰਤ ਸਿੰਘ ਵੇਈਂਪੂਈਂ, ਘੱਕ ਸਿੰਘ ਵੇਈਂਪੂਈਂ ਆਦਿ ਸਾਥੀ ਹਾਜ਼ਰ ਸਨ।

# ਕੇਸ਼ੋਪੁਰ ਛੰਭ 'ਚ ਪ੍ਰਵਾਸੀ ਪੰਛੀਆਂ ਦੀ ਆਮਦ ਸ਼ੁਰੂ, ਕੁਦਰਤ ਪ੍ਰੇਮੀਆਂ ਲਈ ਛੰਭ ਬਣਿਆ ਖਿੱਚ ਦਾ ਕੇਂਦਰ

**ਗੁਰਦਾਸਪੁਰ, (ਜਨਕ ਮਹਾਜਨ)**

ਕੇਸ਼ੋਪੁਰ-ਮਿਆਣੀ ਛੰਭ ਵਿਚ ਪ੍ਰਵਾਸੀ ਪੰਛੀਆਂ ਨੇ ਦਸਤਕ ਦੇ ਦਿੱਤੀ ਹੈ। ਇਸ ਛੰਭ ਵਿੱਚ ਪੰਛੀਆਂ ਦੀਆਂ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਕਈ ਦਿਨਾਂ ਤੋਂ ਪ੍ਰਵਾਸੀ ਪੰਛੀ ਵੱਖ-ਵੱਖ ਦੇਸ਼ਾਂ ਤੋਂ ਕੇਸ਼ੋਪੁਰ ਛੰਭ ਵਿੱਚ ਇੱਥੇ ਦੇਖੇ ਗਏ ਹਨ। ਆਉਣ ਵਾਲੇ ਦਿਨਾਂ ਵਿਚ ਪੰਛੀਆਂ ਦੀ ਹੋਰ ਵੀ ਗਿਣਤੀ ਵੱਧ ਜਾਵੇਗੀ। ਇਸ ਕੇਸ਼ੋਪੁਰ ਛੰਭ ਵਿੱਚ ਸਰਦੀਆਂ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਵਿਦੇਸ਼ਾਂ ਤੋਂ ਧਰਤੀ ਤੋਂ ਵੱਡੀ ਗਿਣਤੀ ਵਿਚ ਪੰਛੀ ਇੱਥੇ ਆ ਕੇ ਸਰਦ ਰੁੱਤ ਦਾ ਆਨੰਦ ਮਾਣਦੇ ਹਨ। ਛੰਭ ਵਿਚ ਮੌਜੂਦ ਵਣ-ਗਾਰਡ ਮਨਵੀਰ ਸਿੰਘ ਨੇ ਦੱਸਿਆ ਕਿ ਇਸ ਸਮੇਂ 2000 ਦੇ ਕਰੀਬ ਪੰਛੀ ਇੱਥੇ ਆ ਚੁੱਕੇ ਹਨ ਅਤੇ ਦਸੰਬਰ ਮਹੀਨੇ ਦੇ ਅੰਤ ਵਿਚ ਇਨ੍ਹਾਂ ਪੰਛੀਆਂ ਦੀ ਗਿਣਤੀ 20 ਹਜ਼ਾਰ ਤੋਂ ਵੀ ਵੱਧ ਜਾਵੇਗੀ। ਉਨ੍ਹਾਂ ਦੱਸਿਆ ਕਿ ਤਿੰਨ ਸਾਲਾਂ ਤੋਂ ਵਿਦੇਸ਼ੀ ਮਹਿਮਾਨਾਂ ਦੀ ਸੰਖਿਆ 20 ਤੋਂ 22 ਤੱਕ ਪਹੁੰਚ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ 850 ਏਕੜ ਖੇਤਰ ਵਿੱਚ ਫੈਲਿਆ ਇਹ ਛੰਭ ਕਾਫੀ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਥੇ ਵੱਡੀ ਗਿਣਤੀ 'ਚ ਸਕੂਲੀ ਬੱਚੇ ਛੰਭ ਵਿਚ ਆ ਕੇ ਆਉਣ ਵਾਲੇ ਪੰਛੀਆਂ ਬਾਰੇ ਜਾਣਕਾਰੀ ਹਾਸਲ ਕਰਦੇ ਹਨ। ਬੱਚਿਆਂ ਦੀ ਜਾਣਕਾਰੀ ਲਈ ਇੱਥੇ ਕਈ ਤਰ੍ਹਾਂ ਦੇ ਕੈਂਪ ਵੀ ਲਗਾਏ ਜਾਂਦੇ ਹਨ ਜਿੱਥੇ ਬੱਚਿਆਂ ਨੂੰ ਇਸ ਛੰਭ ਬਾਰੇ ਪੂਰੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਇਹ ਛੰਭ ਗੁਰਦਾਸਪੁਰ-ਬਹਿਰਾਮਪੁਰ ਸੜਕ 'ਤੇ ਸਥਿਤ ਪੰਜ ਪੰਚਾਇਤਾਂ ਦੇ ਵਿੱਚ ਘਿਰਿਆ ਹੋਇਆ ਹੈ ਜਿਸ ਵਿੱਚ ਕੇਸ਼ੋਪੁਰ, ਮਿਆਣੀ, ਡਾਲਾ, ਮਗਰਮੂਦੀਆਂ ਅਤੇ ਮਟਮਾ ਪਿੰਡ ਸ਼ਾਮਲ ਹਨ। ਸਾਲ 2007 ਦੇ ਵਿੱਚ ਪੰਜਾਬ ਸਰਕਾਰ ਨੇ ਪੰਜਾਬ ਦਾ ਪਹਿਲਾ ਕਮਿਊਨਿਟੀ ਰਿਜ਼ਰਵ ਕੰਜ਼ਰਵ ਐਲਾਨ ਕੀਤਾ ਸੀ। ਇਸ ਛੰਭ ਵਿੱਚ ਹਰ ਸਾਲ ਰੂਸ, ਸਾਈਬੇਰੀਆ ਅਤੇ ਹੋਰਨਾਂ ਯੂਰਪੀ ਦੇਸ਼ਾਂ ਤੋਂ ਠੰਡ ਅਤੇ ਬਰਫਬਾਰੀ ਸ਼ੁਰੂ ਹੋਣ 'ਤੇ ਪੰਛੀ ਇਸ ਕੇਸ਼ੋਪੁਰ ਛੰਭ ਵਿਚ ਆਉਂਦੇ ਹਨ। ਇੱਥੇ ਪੰਛੀਆਂ ਦੀਆਂ 100 ਤੋਂ ਵੱਧ ਪ੍ਰਜਾਤੀਆਂ ਹਰ ਸਾਲ ਆਉਂਦੀਆਂ ਹਨ ਜਿਨ੍ਹਾਂ ਵਿਚ ਸਾਰ ਕਰੇਨ, ਨਾਰਥ ਪਿੰਨ, ਟੇਲ, ਨਾਰਦਨ, ਛਾਵਲਰ, ਗਡਵਾਲ ਗ੍ਰੇ, ਲੇਗ ਗੂਜ, ਪਰਪਲ ਹੇਰੇਨੇ, ਗ੍ਰੇ ਹੇਰੇਨ ਨੇ ਆਦਿ ਸ਼ਾਮਿਲ ਹਨ।



# ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਸਿਖਲਾਈ ਦਫਤਰ ਵੱਲੋਂ ਸੈਮੀਨਾਰ

**ਮਜੀਠਾ (ਸੋਇਮ ਆਨੰਦ)**

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਜ਼ਿਲ੍ਹਾ ਸਿਖਿਆ ਅਫਸਰ (ਸੈਕੰ:) ਅੰਮ੍ਰਿਤਸਰ ਸ੍ਰੀ ਰਾਜੇਸ਼ ਸ਼ਰਮਾ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਰੁਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਦਫਤਰ ਅੰਮ੍ਰਿਤਸਰ ਦੇ ਸਹਿਯੋਗ ਨਾਲ ਸੈਕੰਡਰੀ ਅਤੇ ਹਾਈ ਸਕੂਲਾਂ ਵਿਚ ਕੀਤੀ ਜਾ ਰਹੀ ਮਾਸ ਕਾਊਂਸਲਿੰਗ ਤਹਿਤ ਭਾਰਤੀ ਸ਼ਰਮਾ ਕਰੀਅਰ ਕੌਂਸਲਰ ਜ਼ਿਲ੍ਹਾ ਰੁਜ਼ਗਾਰ ਦਫਤਰ ਅੰਮ੍ਰਿਤਸਰ, ਸੁਖਪਾਲ ਸਿੰਘ ਜ਼ਿਲ੍ਹਾ ਗਾਈਡੈਂਸ ਕੌਂਸਲਰ ਦੀ ਅਗਵਾਈ ਹੇਠ ਸ਼ਹੀਦ ਅਮਰਦੀਪ ਸਿੰਘ ਪੀ. ਐੱਮ. ਸ਼੍ਰੀ ਸਰਕਾਰੀ ਸੀਨੀ: ਸੈਕੰ: ਸਕੂਲ ਮਜੀਠਾ ਵਿਖੇ ਬਲਾਕ ਮਜੀਠਾ-1 ਦੇ ਸਕੂਲਾਂ ਦੇ ਵਿਦਿਆਰਥੀਆਂ ਦੀ ਇੱਕ ਰੋਜ਼ਾ ਮਾਸ ਕਾਊਂਸਲਿੰਗ ਵਰਕਸ਼ਾਪ ਲਗਾਈ ਗਈ।ਇਸ ਮੌਕੇ ਜ਼ਿਲ੍ਹਾ ਪੱਧਰੀ ਟੀਮ ਦਾ ਸਕੂਲ ਵਿੱਚ ਪਹੁੰਚਣ 'ਤੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਰੰਧਾਵਾ, ਬਲਾਕ ਕਰੀਅਰ ਕੌਂਸਲਰ ਸੁਧੀਰ ਗੁਪਤਾ, ਸਕੂਲ ਕੌਂਸਲਰ ਸਤਿੰਦਰ ਕੌਰ, ਰੋਮਨਪ੍ਰੀਤ ਕੌਰ ਅਤੇ ਹੋਰ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੇ ਨਿੱਘਾ ਸਵਾਗਤ ਕੀਤਾ।ਇਸ ਮੌਕੇ ਵੱਖ-ਵੱਖ ਸਕੂਲਾਂ ਤੋਂ ਆਏ ਵਿਦਿਆਰਥੀਆਂ ਅਤੇ ਸਕੂਲ ਕਰੀਅਰ ਕੌਂਸਲਰਾਂ, ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਸ਼ਰਮਾ ਵੱਲੋਂ ਵੱਖ-ਵੱਖ ਕੋਰਸਾਂ, ਵੱਖ-ਵੱਖ ਰੁਜ਼ਗਾਰਾਂ ਅਤੇ ਕਿੱਤਿਆਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਸੁਖਪਾਲ ਸਿੰਘ ਵੱਲੋਂ ਵੱਖ-ਵੱਖ ਹਾਇਰ ਐਜੂਕੇਸ਼ਨ ਕਾਲਜ, ਕਰੀਅਰ ਕੌਂਸਲਿੰਗ ਸਬੰਧੀ ਜਾਣਕਾਰੀ ਦਿੱਤੀ ਗਈ।ਇਨ੍ਹਾਂ ਤੋਂ ਇਲਾਵਾ ਸ਼੍ਰੀ ਪਵਾਰ ਏ. ਆਰ. ਓ. ਆਰਮੀ ਭਰਤੀ, ਨੀਲਮ ਸ਼ਰਮਾ ਪੀਐੱਨਬੀ ਬਲਾਕ ਮਜੀਠਾ-1, ਪੁਨੀਤ ਕੌਰ ਰੰਧਾਵਾ ਪ੍ਰਿੰਸੀਪਲ ਵੇਰਕਾ ਕਾਲਜ, ਰੁਪਿੰਦਰਜੀਤ ਕੌਰ ਆਰਸੀਟੀ ਅਤੇ ਰੋਮਨਪ੍ਰੀਤ ਕੌਰ ਕੌਂਸਲਰ ਨੇ ਬੱਚਿਆਂ ਨੂੰ ਵੱਖ-ਵੱਖ ਕੋਰਸਾਂ/ਕਿੱਤਿਆਂ ਸਬੰਧੀ ਜਾਣਕਾਰੀ ਦਿੱਤੀ।ਆਏ ਹੋਏ ਮਹਿਮਾਨਾਂ ਨੂੰ ਸਕੂਲ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਰੰਧਾਵਾ ਅਤੇ ਸਮੂਹ ਸਕੂਲ ਸਟਾਫ ਮੈਂਬਰਾਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਵਰਕਸ਼ਾਪ ਵਿਚ ਵੱਡੀ ਗਿਣਤੀ ਵਿਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਵੀ ਹਾਜ਼ਰ ਸਨ।




# ਕੁੱਟਮਾਰ ਦੌਰਾਨ ਵਿਅਕਤੀ ਦੀ ਮੌਤ, ਚਾਰ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਤਿੱਬੜ ਦੀ ਪੁਲਸ ਨੇ ਕੁੱਟਮਾਰ ਕਰਨ 'ਤੇ ਇਕ ਵਿਅਕਤੀ ਦੀ ਮੌਤ ਹੋ ਜਾਣ ਦੇ ਦੋਸ਼ਾਂ ਹੇਠ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸਿਮਰਜੀਤ ਕੌਰ ਪਤਨੀ ਲੇਟ ਸੰਤੋਖ ਸਿੰਘ ਪੁੱਤਰ ਧਰਮ ਸਿੰਘ ਵਾਸੀ ਭੁੱਲੇਚੱਕ ਨੇ ਦੱਸਿਆ ਕਿ 30 ਨਵੰਬਰ ਨੂੰ ਸਵੇਰੇ 9.30 ਦੇ ਕਰੀਬ ਭੁਪਿੰਦਰ ਸਿੰਘ, ਕੁਲਵਿੰਦਰ ਸਿੰਘ ਪੁੱਤਰ ਧਰਮ ਸਿੰਘ, ਮਨਜੀਤ ਕੌਰ ਪਤਨੀ ਭੁਪਿੰਦਰ ਸਿੰਘ, ਅਕਵਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਭੁੱਲੇਚੱਕ ਆਪਣੇ ਹਿੱਸੇ ਦੀ ਜ਼ਮੀਨ 'ਤੇ ਨੀਹਾਂ ਪੁੱਟ ਰਹੇ ਸੀ ਕਿ ਸੰਤੋਖ ਸਿੰਘ ਵੱਲੋਂ ਆਪਣੀ ਸਾਂਝੀ ਮੋਟਰ ਦੇ ਗਰਿਪ ਮੰਗਣ 'ਤੇ ਕਥਿਤ ਦੋਸ਼ੀਆਂ ਨੇ ਸੰਤੋਖ ਸਿੰਘ ਨੂੰ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ, ਜਿਸ ਦੀ ਦੌਰਾਨੇ ਇਲਾਜ ਸਿਟੀ ਹਸਪਤਾਲ ਵਿਚ ਮੌਤ ਹੋ ਗਈ। ਝਗੜੇ ਦੀ ਵਜ੍ਹਾ ਰੰਜਿਸ਼ ਸਾਂਝੀ ਮੋਟਰ ਦੇ ਗਰਿਪ ਲੈਣ ਦੀ ਦੱਸੀ ਜਾ ਰਹੀ ਹੈ। ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਨਸ਼ਾ ਕਰਨ ਵਾਲੇ ਸਾਮਾਨ ਤੇ ਨਜਾਇਜ਼ ਸ਼ਰਾਬ ਸਣੇ ਦੋ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਧਾਰੀਵਾਲ ਦੇ ਏਐੱਸਆਈ. ਹਰਭਜਨ ਚੰਦ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ 'ਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਲਜੀਤ ਸਿੰਘ ਵਾਸੀ ਅਰਜਨਪੁਰ ਨੂੰ ਬਾਈਪਾਸ ਜਫਰਵਾਲ ਪੁਲ ਤੋਂ ਸਮੇਤ 15 ਹਜ਼ਾਰ ਐੱਮ. ਐੱਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਏ. ਐੱਸ. ਆਈ. ਜਸਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਪਨਿਆਰ ਮੜ੍ਹੀਆਂ ਝਾੜੀਆਂ ਵਿਚ ਲੁਕ ਕੇ ਬੈਠਾ ਇਕ ਨੌਜਵਾਨ ਦਿਖਾਈ ਦਿੱਤਾ, ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਸਾਜਨ ਪੁੱਤਰ ਬਲਵਿੰਦਰ ਵਾਸੀ ਪਾਹੜਾ ਦੱਸਿਆ ਜਿਸ ਪਾਸੋਂ ਦੌਰਾਨੇ ਤਲਾਸ਼ੀ ਇਕ ਸਿਲਵਰ ਪੇਪਰ ਪੰਨੀ, ਇਕ ਲਾਇਟਰ, 10 ਰੁਪਏ ਦੇ ਨੋਟ ਦੇ ਪਾਇਪ ਬਰਾਮਦ ਕੀਤਾ ਹੈ।

# ਅੰਮ੍ਰਿਤਸਰ ਸਣੇ ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇ ਕੇ ਮੁੱਖ ਮੰਤਰੀ ਨੇ ਇਤਿਹਾਸ ਰਚਿਆ : ਭੋਮਾ

**ਮਜੀਠਾ (ਸੋਇਮ ਆਨੰਦ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿੱਖ ਸੰਗਤਾਂ ਦੇ ਪਿਛਲੇ 15 ਸਾਲਾਂ ਦੇ ਲਗਾਤਾਰ ਸੰਘਰਸ਼ ਅਤੇ ਅਰਦਾਸਾਂ ਬੇਨਤੀਆਂ ਪ੍ਰਵਾਨ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦਾ ਐਲਾਨ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਮਜੀਠਾ ਵਿਖੇ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ।ਭੋਮਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਅਤੇ ਹੋਰ ਧਾਰਮਿਕ ਸੰਸਥਾਵਾਂ ਵੱਲੋਂ ਪਿਛਲੇ 15 ਸਾਲ ਤੋਂ ਲਗਾਤਾਰ ਪੰਜਾਬ ਸਰਕਾਰ ਨੂੰ ਮੰਗ ਪੱਤਰ ਦੇ ਕੇ ਇਨ੍ਹਾਂ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦੀ ਲਗਾਤਾਰ ਮੰਗ ਉਠਾਈ ਜਾ ਰਹੀ ਸੀ ਜਿਸ 'ਤੇ ਹਮਦਰਦੀ ਨਾਲ ਵਿਚਾਰ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਕਰਵਾਏ ਵਿਸ਼ੇਸ਼ ਅਜਲਾਸ ਦੌਰਾਨ ਐਲਾਨ ਕਰਕੇ ਸਮੁੱਚੀ ਸਿੱਖ ਸੰਗਤਾਂ ਦਾ ਦਿਲ ਜਿੱਤ ਲਿਆ ਹੈ।ਭੋਮਾ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸੰਸਥਾ ਸਮਾਜ ਸੁਧਾਰ ਸੰਸਥਾ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਇਨ੍ਹਾਂ ਸ਼ਹਿਰਾਂ ਦੀ ਪਵਿੱਤਰਤਾ ਦੀ ਬਹਾਲੀ ਹੋਣ 'ਤੇ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।ਭੋਮਾ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਤਖਤਾਂ ਤੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਆਪਣੇ ਪਰਿਵਾਰਾਂ ਸਮੇਤ ਦਰਸ਼ਨ ਕਰਨ ਅਤੇ ਨਤਮਸਤਕ ਹੋਣ ਆਉਂਦੀਆਂ ਹਨ ਪਰ ਇਨ੍ਹਾਂ ਤੀਰਥ ਅਸਥਾਨਾਂ ਦੇ ਰਸਤਿਆਂ ਵਿਚ ਸ਼ਰੇਆਮ ਸ਼ਰਾਬ ਦੇ ਠੇਕੇ, ਪਾਨ ਬੀੜੀ, ਤੰਬਾਕੂ ਦੀਆਂ ਦੁਕਾਨਾਂ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੱਡੀ ਸੱਟ ਮਾਰਦੀਆਂ ਹਨ, ਜਿਸ ਦੇ ਚਲਦਿਆਂ ਉਨ੍ਹਾਂ ਦੀ ਸੰਸਥਾ ਵੱਲੋਂ ਪਿਛਲੀਆਂ ਸਮੇਂ ਸਮੇਂ ਦੀਆਂ ਸਰਕਾਰਾਂ, ਤਖਤਾਂ ਦੇ ਸਨਮਾਨ ਯੋਗ ਜਥੇਦਾਰ ਸਾਹਿਬਾਨ ਨੂੰ ਮੰਗ ਪੱਤਰ ਦੇ ਕੇ ਅਤੇ ਸ਼ਾਂਤਮਈ ਨਗਰ ਕੀਰਤਨਾਂ ਦੇ ਰੂਪ ਵਿਚ ਅਰਦਾਸਾਂ ਬੇਨਤੀਆਂ ਕਰਦੀ ਆ ਰਹੀ ਹੈ ਪਰ ਨਾ ਤਾਂ ਪਿਛਲੀਆਂ ਸਰਕਾਰਾਂ ਅਤੇ ਨਾ ਹੀ ਤਖਤਾਂ ਦੇ ਜਥੇਦਾਰ ਸਾਹਿਬਾਨ ਨੇ ਇਸ ਪ੍ਰਤੀ ਕੋਈ ਦਿਲਚਸਪੀ ਦਿਖਾਈ ਹੈ।ਉਨ੍ਹਾਂ ਕਿਹਾ ਕਿ ਹੁਣ ਵਾਲੀ ਸਰਕਾਰ ਦੀ ਇਸ ਪਹਿਲਕਦਮੀ ਦੀ ਉਹ ਸ਼ਲਾਘਾ ਕਰਦੇ ਹਨ।

# ਤਰੁਣ ਚੁੱਘ ਨੇ ਕਾਮਾਖਿਆ ਮੰਦਰ ਦੇ ਕੀਤੇ ਦਰਸ਼ਨ ਦਿਦਾਰੇ

**ਛੇਹਰਟਾ, (ਮਨੋਜ ਕੁਮਾਰ)**-ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਗੁਹਾਟੀ ਦੇ ਪ੍ਰਾਚੀਨ ਕਾਮਾਖਿਆ ਮੰਦਰ ਦੇ ਦਰਸ਼ਨ ਕੀਤੇ, ਜਿੱਥੇ ਉਨ੍ਹਾਂ ਦੇਸ਼ ਦੀ ਤਰੱਕੀ, ਸਮਾਜਿਕ ਸਦਭਾਵਨਾ ਤੇ ਨਾਗਰਿਕਾਂ ਦੀ ਭਲਾਈ ਲਈ ਅਰਦਾਸ ਕੀਤੀ। ਚੁੱਘ ਨੇ ਕਿਹਾ ਕਿ ਮਾਂ ਕਾਮਾਖਿਆ ਮੰਦਰ ਆਉਣ ਨਾਲ ਹਮੇਸ਼ਾ ਅਧਿਆਤਮਿਕ ਊਰਜਾ ਮਿਲਦੀ ਹੈ। ਚੁੱਘ ਨੇ ਕਿਹਾ ਕਿ ਕਾਮਾਖਿਆ ਮੰਦਰ ਨਾ ਸਿਰਫ਼ ਆਸਥਾ ਦਾ ਕੇਂਦਰ ਹੈ, ਸਗੋਂ ਦੇਸ਼ ਦੀ ਸੱਭਿਆਚਾਰਕ ਵਿਰਾਸਤ ਦਾ ਇਕ ਅਨਮੋਲ ਪ੍ਰਤੀਕ ਵੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਵਿਚ ਮੋਦੀ ਸਰਕਾਰ ਨੇ ਉੱਤਰ-ਪੂਰਬ ਦੀ ਅਣਦੇਖੀ ਨੂੰ ਖ਼ਤਮ ਕੀਤਾ ਹੈ ਅਤੇ ਇਸ ਨੂੰ ਵਿਕਾਸ ਦੀ ਮੁੱਖ ਧਾਰਾ ਵਿਚ ਲਿਆਂਦਾ ਹੈ। ਅਸਾਮ ਦੀ ਸ਼ਾਂਤੀ, ਵਿਕਾਸ ਤੇ ਸਥਿਰਤਾ ਨੇ ਪੂਰੇ ਖੇਤਰ ਨੂੰ ਨਵੀਂ ਦਿਸ਼ਾ ਦਿੱਤੀ ਹੈ। ਇਹ ਮਾਂ ਕਾਮਾਖਿਆ ਦਾ ਆਸ਼ੀਰਵਾਦ ਹੀ ਹੈ ਕਿ ਅੱਜ ਪੂਰਾ ਉੱਤਰ-ਪੂਰਬ ਇਕ ਮਜ਼ਬੂਤ ਤੇ ਸੁਰੱਖਿਅਤ ਭਵਿੱਖ ਵੱਲ ਵਧ ਰਿਹਾ ਹੈ। ਦਰਸ਼ਨਾਂ ਤੋਂ ਬਾਅਦ ਤਰੁਣ ਚੁੱਘ ਨੇ ਉਮੀਦ ਪ੍ਰਗਟਾਈ ਕਿ ਮਾਂ ਦੇ ਆਸ਼ੀਰਵਾਦ ਨਾਲ ਦੇਸ਼ ਹੋਰ ਖ਼ੁਸ਼ਹਾਲ, ਸੁਰੱਖਿਅਤ ਤੇ ਇਕਜੁੱਟ ਹੋਵੇਗਾ।



## ਮਾਮਲਾ ਅੰਮ੍ਰਿਤਸਰ ਬਾਈਪਾਸ ਤੋਂ ਏਅਰਪੋਰਟ ਰੋਡ ਤੱਕ ਵੱਧ ਰਹੀ ਟ੍ਰੈਫਿਕ ਸਮੱਸਿਆ ਦਾ

# ਸਾਂਸਦ ਗੁਰਜੀਤ ਔਜਲਾ ਨੇ ਕੇਂਦਰੀ ਮੰਤਰੀ ਗਡਕਰੀ ਨੂੰ ਲਿਖਿਆ ਪੱਤਰ

**ਅੰਮ੍ਰਿਤਸਰ (ਜਸਬੀਰ ਸਿੰਘ, ਕੰਵਲਜੀਤ ਸਿੰਘ)**

ਸਾਂਸਦ ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ ਬਾਈਪਾਸ ਤੋਂ ਏਅਰਪੋਰਟ ਰੋਡ ਤੱਕ ਵੱਧ ਰਹੀ ਟ੍ਰੈਫਿਕ ਸਮੱਸਿਆ ਨੂੰ ਗੰਭੀਰ ਮੰਨਦੇ ਹੋਏ ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਵਿਸਥਾਰਪੂਰਕ ਪੱਤਰ ਲਿਖਿਆ ਹੈ। ਔਜਲਾ ਨੇ ਕਿਹਾ ਕਿ ਹਰ ਰੋਜ਼ ਭਾਰੀ ਜਾਮ, ਲੋਕਾਂ ਦੀ ਵਧਦੀ ਹੋਈ ਪਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਇਸ ਪੂਰੇ ਹਿੱਸੇ 'ਤੇ ਇੱਕ ਲੰਮਾ ਫਲਾਈਓਵਰ ਮਨਜ਼ੂਰ ਕੀਤਾ ਜਾਵੇ ਤਾਂ ਜੋ ਅੰਮ੍ਰਿਤਸਰ ਸ਼ਹਿਰ ਨੂੰ ਪੱਕਾ ਹੱਲ ਮਿਲ ਸਕੇ। ਸੰਸਦ ਔਜਲਾ ਨੇ ਆਪਣੇ ਪੱਤਰ ਵਿੱਚ ਦੱਸਿਆ ਕਿ ਅੰਮ੍ਰਿਤਸਰ ਬਾਈਪਾਸ ਦੀ ਹਾਲਤ ਹੁਣ ਆਮ ਟ੍ਰੈਫਿਕ ਪ੍ਰਬੰਧਨ ਨਾਲ ਨਹੀਂ ਸੰਭਾਲੀ ਜਾ ਸਕਦੀ। ਏਅਰਪੋਰਟ ਜਾਣ ਵਾਲੇ ਯਾਤਰੀਆਂ ਦੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਸਿਰਫ ਪੰਜਾਬ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਰਾਜਾਂ ਲਈ ਵੀ ਮਹੱਤਵਪੂਰਨ ਕੇਂਦਰ ਹੈ। ਇਸ ਕਰਕੇ ਇਸ ਰਾਹ 'ਤੇ ਹਮੇਸ਼ਾ ਯਾਤਰੀਆਂ ਅਤੇ ਸੈਲਾਨੀਆਂ ਦੀ ਭਾਰੀ ਆਵਾਜਾਈ ਰਹਿੰਦੀ ਹੈ। ਇਸਦੇ ਨਾਲ-ਨਾਲ ਔਜਲਾ ਨੇ ਦੱਸਿਆ ਕਿ ਇਹ ਬਾਈਪਾਸ ਭਾਰੀ ਵਾਹਨਾਂ, ਕੰਟੇਨਰ ਟਰੱਕਾਂ ਅਤੇ ਵਪਾਰਕ ਆਵਾਜਾਈ ਦਾ ਮੁੱਖ ਰਾਹ ਹੈ। ਅਟਾਰੀ ਬਾਰਡਰ ਵੱਲ ਜਾਣ ਵਾਲੇ ਸੁਰੱਖਿਆ ਬਲਾਂ ਦੀ ਆਵਾਜਾਈ ਵੀ ਇਸੇ ਰਾਹੋਂ ਹੁੰਦੀ ਹੈ, ਜਿਸ ਨਾਲ ਟ੍ਰੈਫਿਕ ਦਬਾਅ ਹੋਰ ਵਧਦਾ ਹੈ। ਇਸਦੇ ਇਲਾਵਾ ਇਸ ਖੇਤਰ ਵਿੱਚ ਕਈ ਵੱਡੇ ਸਕੂਲ ਵੀ ਹਨ, ਜਿੱਥੇ ਹਰ ਰੋਜ਼ ਲਗਭਗ ਹਜ਼ਾਰਾ ਬੱਚੇ ਆਉਂਦੇ-ਜਾਂਦੇ ਹਨ। ਜਾਮ ਕਾਰਨ ਉਨ੍ਹਾਂ ਦੇ ਸਫ਼ਰ ਵਿੱਚ ਦੇਰੀ ਅਤੇ ਸੁਰੱਖਿਆ ਦਾ ਖਤਰਾ ਲਗਾਤਾਰ ਰਹਿੰਦਾ ਹੈ। ਇਨ੍ਹਾਂ ਸਥਿਤੀਆਂ ਨੂੰ ਦੇਖਦੇ ਹੋਏ ਸੰਸਦ ਔਜਲਾ ਨੇ ਮੰਗ ਕੀਤੀ ਹੈ ਕਿ ਗੁਮਟਾਲਾ ਤੋਂ ਸ਼ੁਰੂ ਹੋ ਕੇ ਇਨ ਐਂਡ ਆਊਟ ਬੇਕਰੀ, ਪੈਟਰੋਲ ਪੰਪ ਵਾਲਾ ਮੋੜ, ਲੋਹਾਰਕਾ ਰੋਡ ਨਾਲ ਜੁੜਦੇ ਨਵੇਂ ਫਲਾਈਓਵਰ ਅਤੇ ਅੱਗੇ ਰੋਇਲ ਨਰਸਰੀ ਪੁਆਇੰਟ ਤੱਕ ਇੱਕ ਫਲਾਈਓਵਰ ਮਨਜ਼ੂਰ ਕੀਤਾ ਜਾਵੇ। ਇਸ ਨਾਲ ਮੁੱਖ ਟ੍ਰੈਫਿਕ ਉੱਪਰੋਂ ਗੁਜ਼ਰੇਗਾ ਅਤੇ ਹੇਠਾਂ ਤੋਂ ਸਥਾਨਕ ਆਵਾਜਾਈ ਸੁਰੱਖਿਅਤ ਤਰੀਕੇ ਨਾਲ ਚੱਲਦੀ ਰਹੇਗੀ। ਇਸ ਨਾਲ ਦੁਰਘਟਨਾਵਾਂ, ਐਂਬੂਲੈਂਸ ਦੀ ਦੇਰੀ ਅਤੇ ਨਿਯਮਤ ਜਾਮ ਦੀ ਸਮੱਸਿਆ ਕਾਫ਼ੀ ਹੱਦ ਤੱਕ ਖਤਮ ਹੋਵੇਗੀ। ਔਜਲਾ ਨੇ ਕੇਂਦਰੀ ਮੰਤਰੀ ਤੋਂ ਅਪੀਲ ਕੀਤੀ ਹੈ ਕਿ ਦੇ ਪ੍ਰੋਜੈਕਟ ਡਾਇਰੈਕਟਰ ਨੂੰ ਤੁਰੰਤ ਸਾਈਟ ਦਾ ਨਿਰੀਖਣ ਕਰਨ ਅਤੇ ਵਿਸਥਾਰਪੂਰਕ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਦੇ ਹੁਕਮ ਜਾਰੀ ਕਰਨ। ਉਨ੍ਹਾਂ ਨੇ ਉਮੀਦ ਜਤਾਈ ਕਿ ਮੰਤਰਾਲਾ ਇਸ ਮਹੱਤਵਪੂਰਣ ਮੰਗ 'ਤੇ ਜਲਦੀ ਸਾਕਾਰਾਤਮਕ ਕਾਰਵਾਈ ਕਰੇਗਾ।



# ਕਲੋਆ ਵਿਖੇ ਵਰਦੀਆਂ ਦੀ ਮੁਫ਼ਤ ਟ੍ਰੇਨਿੰਗ



**ਅੱਡਾ ਸਰਾਂ (ਜਸਵੀਰ ਕਾਜ)**-ਅੱਡਾ ਸਰਾਂ ਨਜ਼ਦੀਕ ਪਿੰਡ ਕਲੋਆ ਵਿਖੇ ਪੀ ਐਨ ਵੀ ਵਲੋਂ ਸਵੈ ਰੋਜ਼ਗਾਰ ਅਧੀਨ ਵਰਦੀਆਂ ਦੀ ਮੁਫਤ ਸਿਲਾਈ ਟ੍ਰੇਨਿੰਗ ਮੈਡਮ ਗੁਰਜੀਤ ਕੌਰ, ਮੈਡਮ ਸਦੀਪ ਕੌਰ ਅਤੇ ਮੈਡਮ ਸੁਖਵਿੰਦਰ ਕੌਰ ਵਲੋਂ ਦਿੱਤੀ ਗਈ ਅਤੇ ਇਹ ਟ੍ਰੇਨਿੰਗ ਪੂਰੀ ਹੋਣ 'ਤੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵਲੋਂ ਸੰਸਥਾ ਅੰਦਰ ਟ੍ਰੇਨਿੰਗ ਪੂਰੀ ਕਰ ਚੁੱਕੀਆਂ ਔਰਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਪਿੰਡ ਦੇ ਸਰਪੰਚ ਅਜੈਬ ਸਿੰਘ ਨੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਅਤੇ ਸਟਾਫ਼ ਦਾ ਧੰਨਵਾਦ ਕੀਤਾ। ਇਸ ਮੌਕੇ ਪੰਚ ਜੱਸਾ ਸਿੰਘ, ਪੰਚ ਦਲਜੀਤ ਸਿੰਘ, ਪੰਚ ਆਗਿਆ ਸਿੰਘ, ਪੰਚ ਪਰਮਜੀਤ ਕੌਰ, ਪੰਚ ਮਧੂਬਾਲਾ ਆਦਿ ਹਾਜ਼ਰ ਸਨ।

# ਬਾਪੂ ਤਰਸੇਮ ਸਿੰਘ ਵੱਲੋਂ ਪਾਰਟੀ ਦੇ ਮਿਹਨਤੀ ਵਰਕਰਾਂ ਦਾ ਸਿਰੋਪਾਓ ਨਾਲ ਸਨਮਾਨ

**ਤਰਨਤਾਰਨ (ਪ੍ਰਿਤਪਾਲ ਸਿੰਘ)**

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਗੁਰਦੁਆਰਾ ਰਸੂਲਪੁਰ ਨਹਿਰਾਂ, ਤਰਨਤਾਰਨ ਵਿਖੇ ਤਰਨਤਾਰਨ ਹਲਕੇ ਦੇ ਸਮੂਹ ਬੂਥ ਮੈਂਬਰਾਂ, ਬੂਥ ਇੰਚਾਰਜਾਂ, ਜ਼ੋਨ ਇੰਚਾਰਜਾਂ ਅਤੇ ਹਲਕਾ ਟੀਮ ਦੇ ਨਾਲ ਜ਼ਿਮਨੀ ਚੋਣ ਸਬੰਧੀ ਇਕ ਮਹੱਤਵਪੂਰਨ ਅਤੇ ਧੰਨਵਾਦੀ ਮੀਟਿੰਗ ਰੱਖੀ ਗਈ।ਇਸ ਮੀਟਿੰਗ ਵਿੱਚ ਬਾਪੂ ਤਰਸੇਮ ਸਿੰਘ ਸਮੇਤ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੇ ਪਹੁੰਚ ਕੇ ਮਿਹਨਤੀ ਵਰਕਰਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਚੋਣ ਦੌਰਾਨ ਉਨ੍ਹਾਂ ਵੱਲੋਂ ਕੀਤੇ ਯੋਗਦਾਨ ਨੂੰ ਖੁੱਲ੍ਹ ਕੇ ਸਰਾਹਿਆ।ਮੀਟਿੰਗ ਦੌਰਾਨ ਚੋਣ ਪ੍ਰਕਿਰਿਆ ਨਾਲ ਜੁੜੀਆਂ ਜ਼ਮੀਨੀ ਮੁਸ਼ਕਿਲਾਂ, ਵੋਟਿੰਗ ਵਾਲੇ ਦਿਨ ਆਈਆਂ ਦਿੱਕਤਾਂ, ਵਿਰੋਧੀਆਂ ਵੱਲੋਂ ਪਾਏ ਗਏ ਦਬਾਵਾਂ ਅਤੇ ਗਲਤ ਤਰੀਕਿਆਂ ਬਾਰੇ ਵਰਕਰਾਂ ਨੇ ਖੁੱਲ੍ਹ ਕੇ ਆਪਣੀ ਗੱਲ ਰੱਖੀ।ਹਰ ਬੂਥ ਅਤੇ ਹਰ ਜ਼ੋਨ ਇੰਚਾਰਜ ਵੱਲੋਂ ਪ੍ਰਾਪਤ ਤਜਰਬਿਆਂ ਅਤੇ ਅਹਿਮ ਸੁਝਾਵਾਂ ਨੂੰ ਬੜੀ ਗੰਭੀਰਤਾ ਨਾਲ ਸੁਣਿਆ ਗਿਆ ਅਤੇ ਨੋਟ ਕੀਤਾ ਗਿਆ ਤਾਂ ਜੋ ਅਗਲੇ ਸਮੇਂ ਦੀ ਰਣਨੀਤੀ ਹੋਰ ਮਜ਼ਬੂਤ, ਤਿਆਰੀ ਨਾਲ ਬਣਾਈ ਜਾ ਸਕੇ।ਇਸ ਮੌਕੇ ਬਾਪੂ ਤਰਸੇਮ ਸਿੰਘ ਅਤੇ ਸੀਨੀਅਰ ਲੀਡਰਸ਼ਿਪ ਵੱਲੋਂ ਜ਼ਿਮਨੀ ਚੋਣ ਦੌਰਾਨ ਲਗਾਤਾਰ ਜੁੜੇ ਰਹੇ ਸਮਰਪਿਤ ਅਤੇ ਇਮਾਨਦਾਰ ਵਰਕਰਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ, ਜਿਸ ਨਾਲ ਸਮੂਹ ਵਰਕਰਾਂ ਵਿੱਚ ਇਕ ਨਵਾਂ ਜਜ਼ਬਾ ਅਤੇ ਭਰੋਸਾ ਪੈਦਾ ਹੋਇਆ।ਪਾਰਟੀ ਨੇ ਸਪੱਸ਼ਟ ਕੀਤਾ ਕਿ ਵਰਕਰਾਂ ਦੀ ਮਿਹਨਤ ਅਤੇ ਦਿਲੋਂ ਨਿਭਾਏ ਫਰਜ਼ ਬਿਨਾਂ ਕੋਈ ਵੀ ਜਿੱਤ ਸੰਭਵ ਨਹੀਂ।ਮੀਟਿੰਗ ਵਿੱਚ ਪਾਰਟੀ ਦੀ ਅਗਲੀ ਰਣਨੀਤੀ 'ਤੇ ਵੀ ਚਰਚਾ ਕੀਤੀ ਗਈ, ਜਿਸ ਵਿੱਚ ਤਰਨਤਾਰਨ ਹਲਕੇ ਟੀਮ ਦੀ ਮਜ਼ਬੂਤੀ, ਨੌਜਵਾਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ, ਹਰ ਪਿੰਡ-ਬੂਥ ਪੱਧਰ 'ਤੇ ਨਵੇਂ ਵਰਕਰ ਜੋੜਨ ਅਤੇ ਲੋਕਾਂ ਦੇ ਸਮੱਸਿਆਵਾਂ ਨੂੰ ਸਿੱਧੇ ਹੱਲ ਕਰਵਾਉਣ ਲਈ ਯੋਜਨਾਵਾਂ ਤੇ ਵਿਚਾਰ ਕੀਤਾ ਗਿਆ।ਇਸ ਮੌਕੇ ਮੁੱਖ ਰੂਪ ਵਿੱਚ ਤਰਨਤਾਰਨ ਤੋਂ ਸਾਂਝੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਚਰਨਦੀਪ ਸਿੰਘ ਭਿੰਡਰ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਨਰਿੰਦਰ ਸਿੰਘ ਕਲਸੀਆਂ, ਭਾਈ ਮਨਜਿੰਦਰ ਸਿੰਘ ਕਲੇਰ, ਭਾਈ ਦਇਆ ਸਿੰਘ ਜੀ, ਐਡਵੋਕੇਟ ਕਰਨਵੀਰ ਸਿੰਘ ਪੰਨੂ, ਭਾਈ ਰਾਜ ਸਿੰਘ ਬਾਲਾ ਚੱਕ, ਭਾਈ ਪ੍ਰਗਟ ਸਿੰਘ ਕੋਟਲੀ, ਭਾਈ ਬਲਦੇਵ ਸਿੰਘ, ਭਾਈ ਸਰਬਜੀਤ ਸਿੰਘ ਬੈਂਕਾ, ਭਾਈ ਸੁਖਬੀਰ ਸਿੰਘ ਵਲਟੋਹਾ, ਭਾਈ ਨਿਰਵੈਰ ਸਿੰਘ ਖ਼ਾਲਸਾ, ਭਾਈ ਅਜੇਪਾਲ ਸਿੰਘ ਢਿੱਲੋਂ, ਭਾਈ ਮਹਿੰਦਰਪਾਲ ਸਿੰਘ ਬਾਜਵਾ, ਭਾਈ ਜਤਿੰਦਰ ਸਿੰਘ ਸੋਹਲ, ਭਾਈ ਜੁਗਰਾਜ ਸਿੰਘ ਲਾਲੇਨੰਗਲ, ਭਾਈ ਜਸਕਰਨ ਸਿੰਘ ਲੋਪੋਕੇ, ਭਾਈ ਜੁਗਰਾਜ ਸਿੰਘ ਮਹਿਤਾ, ਭਾਈ ਮਨਜਿੰਦਰ ਸਿੰਘ, ਭਾਈ ਰੇਸ਼ਮ ਸਿੰਘ, ਭਾਈ ਜਤਿੰਦਰ ਸਿੰਘ ਮਹਿਤਾ, ਭਾਈ ਪ੍ਰਿਤਪਾਲ ਸਿੰਘ ਮੀਰਾਂਕੋਟ, ਭਾਈ ਗੁਰਪ੍ਰੀਤ ਸਿੰਘ ਬਟਾਲਾ, ਭਾਈ ਮਹਿੰਦਰਪਾਲ ਸਿੰਘ ਬਾਜਵਾ, ਭਾਈ ਸਵਰਨ ਸਿੰਘ ਗੋਲਡਨ, ਭਾਈ ਜੁਗਰਾਜ ਸਿੰਘ ਭੰਗਵਾਂ, ਭਾਈ ਦਲਜੀਤ ਸਿੰਘ ਮਿਆਦੀਆਂ, ਭਾਈ ਸੁਖਬੀਰ ਸਿੰਘ ਚੀਮਾ ਅਤੇ ਭਾਈ ਹਰਪ੍ਰੀਤ ਸਿੰਘ ਖ਼ਾਲਸਾ ਵੀ ਮੌਜੂਦ ਸਨ।



# ਦਸ ਰੋਜ਼ਾ ਟਵੀਨਿੰਗ ਪ੍ਰੋਗਰਾਮ ਦੀ ਸ਼ੁਰੂਆਤ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਅਤੇ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੈਣੀ ਮੀਆਂ ਖਾਨ ਨੇ ਇੱਕ ਦੂਜੇ ਦੇ ਸਕੂਲਾਂ ਦਾ ਦੌਰਾ ਕੀਤਾ ਅਤੇ ਸਹੂਲਤਾਂ, ਕਲਾਸਰੂਮਾਂ, ਗਤੀਵਿਧੀਆਂ ਦੀ ਪੜਚੋਲ ਕੀਤੀ।ਇਸ ਆਦਾਨ-ਪ੍ਰਦਾਨ ਨੇ ਆਪਸੀ ਸਿੱਖਿਆ, ਟੀਮ ਵਰਕ ਅਤੇ ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕੀਤਾ।ਇਸ ਪਹਿਲਕਦਮੀ ਨੇ ਸਮਾਜਿਕ-ਭਾਵਨਾਤਮਕ ਵਿਕਾਸ, ਵਿਭਿੰਨਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕੀਤਾ।ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਸਟੇਟ ਐਵਾਰਡੀ ਨੇ ਪ੍ਰਿੰਸੀਪਲ ਨਿਸ਼ਾਨ ਸਿੰਘ ਵੱਲੋਂ ਦਿੱਤੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ, ਵਿਦਿਆਰਥੀਆਂ ਦੇ ਵਿੱਦਿਅਕ ਅਨੁਭਵਾਂ ਨੂੰ ਵਧਾਉਣ ਦੀ ਸੰਭਾਵਨਾ ਨੂੰ ਉਜਾਗਰ ਕੀਤਾ।ਇਸ ਮੌਕੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ।ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਹ ਪ੍ਰੋਗਰਾਮ ਪੀ. ਐੱਮ. ਸ੍ਰੀ ਸਕੀਮ ਦੇ ਉਦੇਸ਼ਾਂ, ਗੁਣਵੱਤਾਪੂਰਨ ਸਿੱਖਿਆ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ।ਇਸ ਮੌਕੇ ਪ੍ਰਿੰਸੀਪਲ ਨਿਸ਼ਾਨ ਸਿੰਘ ਵੱਲੋਂ ਵਿਦਿਆਰਥੀਆਂ ਦਾ ਭਰਪੂਰ ਸੁਆਗਤ ਕੀਤਾ ਗਿਆ।ਇਸ ਸਮੇਂ ਪ੍ਰਦੀਪ ਕੁਮਾਰ, ਦਿਨੇਸ਼ ਕੁਮਾਰ, ਨੀਰੂ ਭੰਡਾਰੀ, ਦਲਜਿੰਦਰ ਕੌਰ, ਕੈਂਪਸ ਮੈਨਜਰ ਗੁਰਨਾਮ ਸਿੰਘ ਅਤੇ ਅਜੇ ਕੁਮਾਰ ਹਾਜ਼ਰ ਸਨ।

# ਬਾਪੂ ਮੁਖਤਾਰ ਸਿੰਘ ਕੰਗ ਤੇ ਮਾਤਾ ਕੁਲਵੰਤ ਕੌਰ ਦੀ ਯਾਦ 'ਚ ਐਵਾਰਡ ਸਨਮਾਨ ਸਮਾਰੋਹ

## ਕਥਾਕਾਰ ਦੀਪ ਦਵਿੰਦਰ ਸਿੰਘ ਤੇ ਕਵਿੱਤਰੀ ਜਤਿੰਦਰਪਾਲ ਕੌਰ ਭਿੰਡਰ ਨੂੰ ਐਵਾਰਡਾਂ ਨਾਲ ਨਿਵਾਜਿਆ

**ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)**

ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਨਾਲ ਜੁੜੀ ਸਾਹਿਤਕ ਸੰਸਥਾ ਲੇਖਕ ਅਦਾਕਾਰ ਕਲਾ ਮੰਚ ਵੱਲੋਂ ਬਾਬਾ ਜੀਵਨ ਸਿੰਘ ਕਬੱਡੀ ਕਲੱਬ ਉੱਪਲ ਦੇ ਸਹਿਯੋਗ ਨਾਲ ਸ: ਸਕੱਤਰ ਸਿੰਘ ਪੁਰੇਵਾਲ ਦੇ ਸਵਰਗਵਾਸੀ ਪਿਤਾ ਸ: ਮੁਖਤਾਰ ਸਿੰਘ ਕੰਗ ਅਤੇ ਮਾਤਾ ਸਰਦਾਰਨੀ ਕੁਲਵੰਤ ਕੌਰ ਕੰਗ ਯਾਦਗਾਰੀ ਐਵਾਰਡ ਸਨਮਾਨ ਸਮਾਰੋਹ ਖੇਡ ਮੈਦਾਨ ਗਿੱਲ ਕਲੇਰ (ਉੱਪਲ) ਵਿਖੇ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਦਫਤਰ ਸਕੱਤਰ ਦੀਪ ਦਵਿੰਦਰ ਸਿੰਘ, ਮੇਲਿਆਂ ਦੇ ਬਾਦਸ਼ਾਹ ਪ੍ਰਸਿੱਧ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀਨੀਅਰ ਮੀਤ ਪ੍ਰਧਾਨ ਗਾਇਕ ਮੱਖਣ ਭੈਣੀਵਾਲਾ, ਮੱਖ ਅਧਿਆਪਕਾ ਤਰਸੇਮੀ ਗਿੱਲ, ਸਰਪੰਚ ਗੁਰਪ੍ਰੀਤ ਸਿੰਘ ਉੱਪਲ, ਕੋਚ ਜਸਵੰਤ ਸਿੰਘ ਗਿੱਲ, ਸਰਪੰਚ ਕੁਲਬੀਰ ਸਿੰਘ ਪੁਰੇਵਾਲ, ਕੋਚ ਸਤਨਾਮ ਸਿੰਘ ਉੱਪਲ ਆਦਿ ਸ਼ਾਮਿਲ ਸਨ। ਇਸ ਮੌਕੇ ਦੂਸਰਾ ਸਵਰਗਵਾਸੀ ਬਾਪੂ ਮੁਖਤਾਰ ਸਿੰਘ ਕੰਗ ਯਾਦਗਾਰੀ ਐਵਾਰਡ ਪ੍ਰਸਿੱਧ ਕਥਾਕਾਰ ਦੀਪਦਵਿੰਦਰ ਸਿੰਘ ਨੂੰ ਅਤੇ ਦੂਸਰਾ ਸਵਰਗਵਾਸੀ ਮਾਤਾ ਸਰਦਾਰਨੀ ਕੁਲਵੰਤ ਕੌਰ ਕੰਗ ਯਾਦਗਾਰੀ ਐਵਾਰਡ ਕਵਿੱਤਰੀ ਜਤਿੰਦਰਪਾਲ ਕੌਰ ਭਿੰਡਰ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਤੋਂ ਸੰਤੋਖ ਸਿੰਘ ਗੁਰਾਇਆ, ਮੱਖਣ ਸਿੰਘ ਭੈਣੀਵਾਲਾ, ਮਾ: ਲਖਵਿੰਦਦਰ ਸਿੰਘ ਮਾਨ, ਜਤਿੰਦਰਪਾਲ ਕੌਰ ਭਿੰਡਰ, ਸਿਮਰਨਜੀਤ ਕੌਰ ਮਾਹਲਾ, ਕਾਲੇ ਸ਼ਾਹ ਟਾਂਗਰਾ, ਬਲਵਿੰਦਰ ਸਿੰਘ ਉੱਪਲ, ਅਜੈਬ ਸਿੰਘ ਬੋਦੇਵਾਲ, ਸੁਲੱਖਣ ਸਿੰਘ ਦੇਲਾਂਵਾਲ, ਲਖਵਿੰਦਰ ਸਿੰਘ ਉੱਪਲ, ਸੁਬੇਗ ਸਿੰਘ ਮੀਆਂ ਵਿੰਡ, ਰਮਨਦੀਪ ਕੌਰ ਦਿਉਲ, ਡਾ: ਰਮਨ ਕੁਮਾਰ, ਸਕੱਤਰ ਸਿੰਘ ਪੁਰੇਵਾਲ, ਸੁਨੀਤਾ ਰਾਣੀ, ਕਲਵਿੰਦਰ ਕੌਰ, ਸਾਬ ਸਰਾਂ ਆਦਿ ਕਵੀਆਂ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਗਿੱਲ ਕਲੇਰ, ਰਵੀਸ਼ੇਰ ਸਿੰਘ, ਸੁਖਚੈਨ ਸਿੰਘ, ਮਾਸਟਰ ਗੁਰਵਿੰਦਰ ਸਿੰਘ ਬੋਦੇਵਾਲ, ਫੌਜੀ ਗੁਰਬੀਰ ਸਿੰਘ, ਮੈਂਬਰ ਬਖਸ਼ੀਸ ਸਿੰਘ, ਮੈਂਬਰ ਦਾਰਾ ਸਿੰਘ, ਬਾਬਾ ਸੁਖਦੇਵ ਸਿੰਘ ਬੋਦੇਵਾਲ, ਅਮਰੀਕ ਸਿੰਘ ਉੱਪਲ, ਸੋਨੂੰ ਪੇਂਟਰ ਉੱਪਲ, ਸੁਖਜੀਤ ਸਿੰਘ ਬੋਦੇਵਾਲ, ਮੈਨੇਜਰ ਸੁਮੀਤ ਕਾਲੀਆ, ਧਰਮਵੀਰ ਬਾਵਾ, ਵਿੱਕੀ ਕੈਰੋਂ, ਗੌਰਵ, ਰਮਨ ਸਿੰਘ ਉੱਪਲ, ਡਾ. ਸ਼ਮਸ਼ੇਰ ਸਿੰਘ ਸ਼ੇਰਾ, ਰੋਸ਼ਨ ਸਿੰਘ, ਮਨਪ੍ਰੀਤ ਸਿੰਘ, ਅਰਮਾਨ ਜੋਤ ਸਿੰਘ ਦਿਉਲ ਆਦਿ ਹਾਜ਼ਰ ਸਨ।



# ਬਲਬੀਰ ਜੰਡੂ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸਰਬਸੰਮਤੀ ਨਾਲ ਚੇਅਰਮੈਨ ਬਣੇ

**ਜੈ ਸਿੰਘ ਛਿੱਬਰ ਪ੍ਰਧਾਨ, ਸੰਤੋਖ ਗਿੱਲ ਸਕੱਤਰ ਜਨਰਲ ਅਤੇ ਬਿੰਦੂ ਸਿੰਘ ਖ਼ਜ਼ਾਨਚੀ ਚੁਣੇ ਗਏ**

**ਰਈਆ, ( ਡੀ. ਕੇ. ਰੈਂਡੀ)**-ਇੱਥੇ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਚੌਥੀ ਕਾਨਫ਼ਰੰਸ ਦੇ ਦੂਸਰੇ ਸੈਸ਼ਨ ਦੌਰਾਨ ਪੱਤਰਕਾਰਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੂਬਾ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਅਮਲ ਨਾ ਕਰਨ ਦੀ ਸੂਰਤ ਵਿਚ ਸੂਬਾ ਪੱਧਰ 'ਤੇ ਸੰਘਰਸ਼ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ।ਸੈਸ਼ਨ ਦੀ ਸਮਾਪਤੀ ਮੌਕੇ ਸਰਬਸੰਮਤੀ ਨਾਲ ਬਲਬੀਰ ਸਿੰਘ ਜੰਡੂ ਚੇਅਰਮੈਨ, ਜੈ ਸਿੰਘ ਛਿੱਬਰ ਪ੍ਰਧਾਨ, ਸੰਤੋਖ ਗਿੱਲ ਸਕੱਤਰ ਜਨਰਲ ਅਤੇ ਬਿੰਦੂ ਸਿੰਘ ਖ਼ਜ਼ਾਨਚੀ ਚੁਣੇ ਗਏ।ਇਸ ਤੋਂ ਇਲਾਵਾ ਭੂਸ਼ਨ ਸੂਦ ਸੀਨੀਅਰ ਮੀਤ ਪ੍ਰਧਾਨ, ਰਾਜਨ ਮਾਨ, ਗਗਨਦੀਪ ਅਰੋੜਾ, ਜਗਸੀਰ ਸਿੰਘ ਸੰਧੂ, ਜਸਵੰਤ ਸਿੰਘ ਥਿੰਦ ਮੀਤ ਪ੍ਰਧਾਨ, ਦਵਿੰਦਰ ਸਿੰਘ ਭੰਗੂ ਜਥੇਬੰਦਕ ਸਕੱਤਰ, ਐੱਨ. ਪੀ. ਧਵਨ, ਬਲਵਿੰਦਰ ਸਿੰਘ ਸਿਪਰੇ, ਸਰਬਜੀਤ ਭੱਟੀ ਅਤੇ ਵੀਰਪਾਲ ਭਗਤਾ ਸਕੱਤਰ ਚੁਣੇ ਗਏ।ਇਸ ਮੌਕੇ ਜਥੇਬੰਦੀ ਦੇ ਸੰਵਿਧਾਨ ਵਿੱਚ ਵੀ ਕੁਝ ਸੋਧਾਂ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।ਇਸ ਮੌਕੇ ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਨੇ ਦੇਸ਼ ਹੀ ਨਹੀਂ ਕੌਮਾਂਤਰੀ ਪੱਧਰ 'ਤੇ ਪੱਤਰਕਾਰਾਂ ਉਪਰ ਵਧ ਰਹੇ ਹਮਲਿਆਂ ਦੀ ਨਿੰਦਾ ਕਰਦਿਆਂ ਪ੍ਰੈੱਸ ਦੀ ਆਜ਼ਾਦੀ ਬਹਾਲ ਕਰਨ ਦੀ ਮੰਗ ਕੀਤੀ।ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਤੋਂ ਪੱਤਰਕਾਰਾਂ ਦੀ ਸੁਰੱਖਿਆ ਲਈ ਮੀਡੀਆ ਕਮਿਸ਼ਨ ਬਣਾਉਣ ਦੀ ਵੀ ਮੰਗ ਕੀਤੀ।ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚੇਅਰਮੈਨ ਬਲਬੀਰ ਜੰਡੂ ਨੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਸਿੱਧੂ, ਪ੍ਰੀਤਮ ਰੁਪਾਲ, ਗੁਰਦੀਪ ਸਿੰਘ ਲਾਲੀ, ਨਿਰਮਲ ਪੰਡੋਰੀ, ਬਲਵਿੰਦਰ ਸਿੰਘ ਧਾਲੀਵਾਲ, ਰਵਿੰਦਰ ਰਵੀ, ਵਿਪਿਨ ਰਾਣਾ, ਬਲਵਿੰਦਰ ਸਿੰਘ ਭੰਗੂ, ਹਰਜੀਤ ਸਿੰਘ, ਭਾਰਤ ਭੂਸ਼ਨ ਡੋਗਰਾ, ਮਲਕੀਤ ਸਿੰਘ ਟੋਨੀ, ਨਵਕਾਂਤ ਭੈਰੋਮਾਜਰਾ, ਮਨਪ੍ਰੀਤ ਸਿੰਘ ਮੱਲੇਆਣਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਕਰਮਜੀਤ ਸਿੰਘ ਚਿੱਲਾ, ਅਮਰਪਾਲ ਸਿੰਘ ਬੈਂਸ, ਪ੍ਰਭਾਤ ਭੱਟੀ, ਚਰਨਜੀਤ ਸਿੰਘ, ਰਵਿੰਦਰ ਸਿੰਘ ਕਾਲਾ, ਬਲਦੇਵ ਸ਼ਰਮਾ, ਬਲਰਾਜ ਸਿੰਘ ਰਾਜਾ, ਕੇ. ਪੀ. ਸਿੰਘ, ਰਾਜਿੰਦਰ ਰਿਖੀ, ਭੁਪਿੰਦਰ ਸਿੰਘ ਮਲਿਕ, ਗੁਰਉਪਦੇਸ਼ ਸਿੰਘ ਭੁੱਲਰ, ਜਗਤਾਰ ਸਿੰਘ ਭੁੱਲਰ, ਸੁਖਨੈਬ ਸਿੱਧੂ, ਪਰਵਿੰਦਰ ਜੌੜਾ ਕਾਰਜਕਾਰਨੀ ਮੈਂਬਰਾਂ ਤੋਂ ਇਲਾਵਾ ਚਰਨਜੀਤ ਸਿੰਘ ਲਹਿਰਾ, ਕੁਲਦੀਪ ਸਿੰਘ ਬਰਾੜ ਅਤੇ ਅਸ਼ਵਨੀ ਕੁਮਾਰ ਦੇ ਨਾਂਅ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ।

# 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮ 'ਚ ਬਾਬਾ ਬਲਬੀਰ ਸਿੰਘ ਨੇ ਭਰੀ ਹਾਜ਼ਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੀਤੇ ਦਿਨੀਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਸਾਹਿਬ ਵਿਖੇ ਧਾਰਮਿਕ ਸਮਾਗਮ ਹੋਇਆ, ਜਿਸ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ, ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਪ੍ਰੇਮ ਸਿੰਘ ਲਾਲਪੁਰਾ, ਮੁੱਖ ਮੰਤਰੀ ਭਗਵੰਤ ਮਾਨ ਦੀ ਮਾਤਾ ਹਰਪਾਲ ਕੌਰ, ਕੈਬਨਿਟ ਮੰਤਰੀ ਵਰਿੰਦਰ ਗੋਇਲ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਅਭੈ ਚੌਟਾਲਾ, ਸਾਬਕਾ ਵਿਧਾਇਕ ਅਤੇ ਭਾਜਪਾ ਹਰਿਆਣਾ ਦੇ ਸਾਬਕਾ ਪ੍ਰਧਾਨ ਸੁਭਾਸ਼ ਬਰਾਰਾ ਸਮੇਤ ਰਾਜਨੀਤਕ ਆਗੂਆਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਜਬਰਤੋੜ ਸਿੰਘ, ਭਾਈ ਗੁਰਦੇਵ ਸਿੰਘ ਦੇ ਰਾਗੀ ਜਥਿਆਂ ਅਤੇ ਗੰਗਾਨਗਰ ਤੋਂ ਕਥਾਵਾਚਕ ਭਾਈ ਹਰਵਿੰਦਰ ਸਿੰਘ, ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਦੇ ਮੁੱਖ ਗ੍ਰੰਥੀ ਜਥੇਦਾਰ ਵਿਸ਼ਾਲ ਸਿੰਘ ਅਤੇ ਕੇਵਲ ਸਿੰਘ ਸਮੇਤ ਵੱਖ-ਵੱਖ ਰਾਗੀ ਅਤੇ ਢਾਡੀ ਜਥਿਆਂ ਵਲੋਂ ਕੀਰਤਨ ਕੀਤਾ।ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਰਿਆਣਾ ਕਮੇਟੀ ਵਲੋਂ ਰਾਜ 'ਚ ਖੋਲ੍ਹੇ ਜਾਣਗੇ 350 ਸਕੂਲ-ਜਗਦੀਸ਼ ਸਿੰਘ ਝੀਂਡਾ ਗਿਆ।ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰਿਆਣਾ ਦੇ ਸਿੱਖ ਸੁਚੇਤ ਰਹਿਣ ਅਤੇ ਪੂਰੀ ਦੁਨੀਆ ਵਿਚ ਵੱਸਦੇ ਸਿੱਖ ਆਪਸੀ ਭਾਈ ਹਨ।ਗੁਰੂ ਸਾਹਿਬ ਦੇ ਮਾਰਗ 'ਤੇ ਚਲਣ ਦੀ ਪਰੇਣਾ ਦਿਤੀ।ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਦੀ ਸੰਗਤਾਂ ਨੂੰ ਅਪੀਲ ਦਿਤੀ ਅਤੇ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬੰਦੀ ਸਿੰਘਾਂ ਨੂੰ ਜਲਦ ਰਿਹਾਅ ਕਰੇ।ਉਨ੍ਹਾਂ ਗੁਰਦੁਆਰਾ ਧਮਧਾਨ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪਹੁੰਚੇ ਵੱਖ-ਵੱਖ ਆਗੂਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਝੀਂਡਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮੁੱਚੇ ਹਰਿਆਣਾ ਰਾਜ 'ਚ ਹਰਿਆਣਾ ਕਮੇਟੀ ਵੱਲੋਂ 350 ਸਕੂਲ ਖੋਲ੍ਹੇ ਜਾਣਗੇ।ਉਨ੍ਹਾਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤਸਰ ਸਾਹਿਬ ਵਿਖੇ ਹਰਿਆਣਾ ਕਮੇਟੀ ਵੱਲੋਂ ਸੰਗਤਾਂ ਦੇ ਠਹਿਰਨ ਲਈ 350 ਕਮਰਿਆਂ ਦੀ ਸਰ੍ਹਾਂ ਬਣਾਈ ਜਾਵੇਗੀ।ਇਸ ਮੌਕੇ ਇੰਦਰਪਾਲ ਸਿੰਘ ਫੌਜੀ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਗੁਰਮੁਖ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਰਣਜੋਧ ਸਿੰਘ, ਬਾਬਾ ਸਰਜੀਤ ਸਿੰਘ ਡੀਸੀ, ਬਾਬਾ ਜਸਬੀਰ ਸਿੰਘ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬੂਟਾ ਸਿੰਘ ਲੰਬਵਾਲੀ ਆਦਿ ਹਾਜ਼ਰ ਸਨ।



# ਪੱਤਰਕਾਰ ਜਸਦੇਵ ਸਿੰਘ ਮਾਨ ਨੂੰ ਸਦਮਾ; ਜੀਜੇ ਦਾ ਦਿਹਾਂਤ

**ਬਟਾਲਾ (ਮਲਵਿੰਦਰ ਸਿੰਘ)**-ਫਤਿਹਗੜ੍ਹ ਚੂੜੀਆਂ ਤੋਂ ਪੱਤਰਕਾਰ ਤੇ ਲੇਖਕ ਜਸਦੇਵ ਸਿੰਘ ਮਾਨ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਜੀਜਾ ਕੰਵਲਜੀਤ ਸਿੰਘ ਤੂਰ ਜਾਂਗਲਾ ਅਕਾਲ ਚਲਾਣਾ ਕਰ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਜਾਂਗਲਾ ਦੇ ਰਹਿਣ ਵਾਲੇ ਕੰਵਲਜੀਤ ਸਿੰਘ ਤੂਰ ਸੰਖੇਪ ਬਿਮਾਰੀ ਦੌਰਾਨ ਅਕਾਲ ਚਲਾਣਾ ਕਰ ਗਏ।ਉਹ ਇਕ ਵਧੀਆ ਇਨਸਾਨ ਵਜੋਂ ਸਮਾਜ ਵਿੱਚ ਵਿਚਰਣ ਵਾਲੇ ਤੇ ਹਰ ਇਕ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣ ਵਾਲੇ ਨਿੱਘੇ ਸੁਭਾਅ ਦੇ ਮਾਲਕ ਸਨ।ਉਨ੍ਹਾਂ ਦੇ ਬੇਵਕਤ ਅਕਾਲ ਚਲਾਣਾ ਕਰ ਜਾਣ 'ਤੇ ਅਦਾਰਾ ਨਵਾਂ ਜ਼ਮਾਨਾ ਬੇਹੱਦ ਦੁੱਖ ਦਾ ਪ੍ਰਗਟਾਵਾ ਕਰਦਾ ਹੈ।ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਰੱਖੇ ਗਏ ਅਖੰਡ ਪਾਠ ਦਾ ਭੋਗ ਤੇ ਅੰਤਿਮ ਅਰਦਾਸ 7 ਦਸੰਬਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਜਾਂਗਲਾ ਵਿਖੇ ਪਾਏ ਜਾਣਗੇ।ਇਸ ਮੌਕੇ ਪ੍ਰੋ. ਸਤਿੰਦਰ ਸਿੰਘ ਬੋਪਾਰਾਏ, ਡਾਕਟਰ ਨਵਦੀਪ ਸਿੰਘ ਤੂਰ, ਮਾਸਟਰ ਸੰਦੀਪ ਸਿੰਘ ਤੂਰ, ਮਲਕੀਤ ਸਿੰਘ ਕੰਗ, ਰਮਨ ਕਾਲੀਆ, ਜਸਪ੍ਰੀਤ ਸਿੰਘ ਤੇ ਅਦਾਰਾ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਨੇ ਦੁੱਖ ਦਾ ਇਜ਼ਹਾਰ ਕੀਤਾ।



# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ 70ਵਾਂ ਸਮੂਹਿਕ ਵਿਆਹ ਮੇਲਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵੱਲੋਂ 70ਵਾਂ ਸਮੂਹਿਕ ਵਿਆਹ ਮੇਲਾਵਾ ਕਰਵਾਇਆ ਗਿਆ> ਸਿੰਘ ਸਾਹਿਬ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਅਤੇ ਸਮੂਹ ਪੰਜ ਪਿਆਰੇ ਸਾਹਿਬਾਨ ਅਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾ: ਵਿਜੇ ਸਤਬੀਰ ਸਿੰਘ ਦੀ ਸਰਪ੍ਰਸਤੀ ਹੇਠ ਸੰਪੰਨ ਹੋਇਆ। ਇਸ ਵਿਆਹ ਸਮਾਗਮ ਵਿੱਚ 29 ਜੋੜਿਆਂ ਨੇ ਵਿਆਹ ਕਰਵਾਇਆ। ਇਸ ਮੌਕੇ ਡਾ. ਵਿਜੈ ਸਤਬੀਰ ਸਿੰਘ ਨੇ ਵਧਾਈ ਸੰਦੇਸ਼ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਨਵ-ਵਿਆਹੁਤਾ ਜੋੜਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਗੁਰਦੁਆਰਾ ਸੱਚਖੰਡ ਬੋਰਡ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ 70ਵੇਂ ਸਮੂਹਿਕ ਵਿਆਹ ਮੇਲਾਵੇ ਨੂੰ ਨੇਪਰੇ ਚਾੜ੍ਹਨ ਲਈ ਦਿਨ ਰਾਤ ਮਿਹਨਤ ਕੀਤੀ। ਪੰਜ ਪਿਆਰੇ ਸਾਹਿਬਾਨ ਵੱਲੋਂ ਸਤਿਕਾਰਯੋਗ ਸਿੰਘ ਸਾਹਿਬ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਨੇ ਸ਼ੁਭ ਕਾਮਨਾਵਾਂ ਪ੍ਰਗਟ ਕਰਦਿਆਂ ਐਲਾਨ ਕੀਤਾ ਕਿ 71ਵਾਂ ਸਮੂਹਿਕ ਵਿਆਹ ਮੇਲਾਵਾ 2 ਅਤੇ 3 ਮਈ 2026 ਨੂੰ ਹੋਵੇਗਾ ਸਤਿਕਾਰਯੋਗ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਜੱਥੇਦਾਰ ਅਤੇ ਸਮੂੰਹ ਪੰਜ ਪਿਆਰੇ ਸਾਹਿਬਾਨ, ਸੰਤ ਬਾਬਾ ਬਲਵਿੰਦਰ ਸਿੰਘ, ਗੁਰਦੁਆਰਾ ਬੋਰਡ ਦੇ ਸਾਬਕਾ ਮੈਂਬਰ ਸਾਹਿਬਾਨ, ਸਮਾਜ ਸੇਵੀ, ਅਧਿਕਾਰੀ, ਕਰਮਚਾਰੀ ਅਤੇ ਸਮੂੰਹ ਸੰਗਤਾਂ ਆਦਿ ਤਕਰੀਬਨ 15 ਤੋਂ 20 ਹਜ਼ਾਰ ਗਿਣਤੀ ਵਿੱਚ ਹਾਜ਼ਰ ਸਨ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਗੁਰਦੁਆਰਾ ਬੋਰਡ ਦੇ ਸੁਪਰਡੈਂਟ ਹਰਜੀਤ ਸਿੰਘ ਕੜੇਵਾਲੇ ਅਤੇ ਸਮੂਹ ਸਹਾਇਕ ਸੁਪਰਡੈਂਟ ਰਵਿੰਦਰ ਸਿੰਘ ਕਪੂਰ, ਬਲਵਿੰਦਰ ਸਿੰਘ ਫੌਜੀ, ਜੈਮਲ ਸਿੰਘ ਢਿੱਲੋਂ, ਪ੍ਰਸ਼ਾਸਕ ਸਾਹਿਬ ਦੇ ਪੀ. ਏ. ਬਬੀਤਾ ਕੌਰ ਚਾਹਲ ਤੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਮਿਹਨਤ ਕੀਤੀ।



2-Dec-PAGE-4.qxd 12/1/2025 11:01 PM Page 1

ਨਵਾਂ ਜ਼ਮਾਨਾ
ਮੰਗਲਵਾਰ, 2 ਦਸੰਬਰ 2025

# ਫੈਸਲੇ ਪਲਟਣ ਦਾ ਰੁਝਾਨ ਚਿੰਤਾਜਨਕ

*ਸੁਪਰੀਮ ਕੋਰਟ ਦੀ ਜੱਜ ਜਸਟਿਸ ਬੀ ਵੀ ਨਾਗਰਤਨਾ ਨੇ ਨਿਆਂਇਕ ਫੈਸਲਿਆਂ ਨੂੰ ਸਿਰਫ ਇਸ ਕਰਕੇ ਪਲਟ ਦੇਣ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ ਕਿ ਚਿਹਰੇ (ਜੱਜਾਂ ਦੇ ਪੈਨਲ) ਬਦਲ ਗਏ ਹਨ। ਹਰਿਆਣਾ ਵਿੱਚ ਓ ਪੀ ਜਿੰਦਲ ਗਲੋਬਲ ਯੂਨੀਵਰਸਿਟੀ 'ਚ ਨਿਆਂ ਪਾਲਿਕਾ ਦੀ ਆਜ਼ਾਦੀ 'ਤੇ ਕੇਂਦਰਤ ਸੰਮੇਲਨ ਵਿੱਚ ਜਸਟਿਸ ਨਾਗਰਤਨਾ ਨੇ ਜ਼ੋਰ ਦੇ ਕੇ ਕਿਹਾ ਕਿ ਨਿਆਂਇਕ ਫੈਸਲੇ ਸਮੇਂ ਦੇ ਨਾਲ ਸਥਿਰ ਰਹਿਣੇ ਚਾਹੀਦੇ ਹਨ, ਤਾਂ ਕਿ ਕਾਨੂੰਨ ਦਾ ਸ਼ਾਸਨ ਮਜ਼ਬੂਤ ਹੋਵੇ। ਨਿਆਂਇਕ ਆਜ਼ਾਦੀ ਦੀ ਸਮਝ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਕਾਨੂੰਨੀ ਤੰਤਰ ਵੱਲੋਂ ਇੱਕ ਵਾਰ ਦਿੱਤੇ ਗਏ ਫੈਸਲੇ ਸਮੇਂ ਦੇ ਨਾਲ ਆਪਣੀਆਂ ਜੜ੍ਹਾਂ ਜਮਾਈ ਰੱਖਣ, ਕਿਉਂਕਿ ਇਹ ਸਿਆਹੀ ਨਾਲ ਲਿਖੇ ਹੁੰਦੇ ਹਨ, ਰੇਤ 'ਤੇ ਨਹੀਂ। ਕਾਨੂੰਨੀ ਭਾਈਚਾਰੇ ਤੇ ਸ਼ਾਸਨ ਢਾਂਚੇ ਦੇ ਸਾਰੇ ਹਿੱਸੇਦਾਰਾਂ ਦਾ ਫਰਜ਼ ਹੈ ਕਿ ਉਹ ਫੈਸਲਿਆਂ ਦਾ ਸਨਮਾਨ ਕਰਨ। ਇਤਰਾਜ਼ ਸਿਰਫ ਕਾਨੂੰਨ ਵਿੱਚ ਮੌਜੂਦ ਪਰੰਪਰਾਵਾਂ ਮੁਤਾਬਕ ਉਠਾਉਣ ਅਤੇ ਸਿਰਫ ਇਸ ਲਈ ਫੈਸਲਿਆਂ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਨਾ ਕਰਨ, ਕਿਉਂਕਿ ਚਿਹਰੇ ਬਦਲ ਗਏ ਹਨ।*

*ਸੁਪਰੀਮ ਕੋਰਟ ਵਿੱਚ ਹਾਲ ਹੀ 'ਚ ਨਜ਼ਰ ਆਏ ਇੱਕ ਰੁਝਾਨ ਦੇ ਮੱਦੇਨਜ਼ਰ ਜਸਟਿਸ ਨਾਗਰਤਨਾ ਦੀਆਂ ਟਿੱਪਣੀਆਂ ਅਹਿਮ ਹਨ। ਪਿਛਲੇ ਦਿਨੀਂ ਕਈ ਪੁਰਾਣੇ ਫੈਸਲਿਆਂ ਨੂੰ ਨਵੀਂਆਂ ਬੈਂਚਾਂ ਨੇ ਉਲਟ ਦਿੱਤਾ ਹੈ। ਮਿਸਾਲ ਵਜੋਂ 16 ਮਈ ਨੂੰ ਦੋ ਜੱਜਾਂ ਦੀ ਬੈਂਚ ਨੇ ਕੇਂਦਰ ਸਰਕਾਰ ਦੇ ਉਸ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਹੜਾ ਪ੍ਰੋਜੈਕਟ ਸ਼ੁਰੂ ਹੋ ਜਾਣ ਦੇ ਬਾਅਦ ਉਨ੍ਹਾਂ ਨੂੰ ਪਿਛਲੀ ਤਰੀਕ ਤੋਂ ਪਰਿਆਵਰਣ ਮਨਜ਼ੂਰੀ ਦੀ ਆਗਿਆ ਦਿੰਦਾ ਸੀ, ਪਰ 18 ਨਵੰਬਰ ਨੂੰ ਤਿੰਨ ਜੱਜਾਂ ਦੀ ਬੈਂਚ ਨੇ 2:1 ਦੇ ਬਹੁਮਤ ਨਾਲ ਇਸ ਫੈਸਲੇ ਨੂੰ ਵਾਪਸ ਲੈ ਲਿਆ। ਜਸਟਿਸ ਨਾਗਰਤਨਾ ਦਾ ਕਹਿਣਾ ਹੈ ਕਿ ਨਿਆਂਇਕ ਆਜ਼ਾਦੀ ਤੇ ਕਾਨੂੰਨ ਦੀ ਸਰਬਉੱਚਤਾ ਮਿਲ ਕੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਕਾਨੂੰਨ ਦਾ ਸ਼ਾਸਨ ਕਿਸੇ ਵੀ ਸਮੇਂ ਦੇ ਸਿਆਸੀ ਦਬਾਵਾਂ ਨਾਲ ਕਮਜ਼ੋਰ ਨਾ ਹੋਵੇ। ਜੱਜਾਂ ਨੂੰ ਸਿਆਸੀ ਤੇ ਬਾਹਰੀ ਪ੍ਰਭਾਵਾਂ ਤੋਂ ਅੱਡ ਰੱਖਣਾ ਇਸ ਉਦੇਸ਼ ਲਈ ਅਹਿਮ ਹੈ। ਜੇ ਫੈਸਲਿਆਂ ਨੂੰ ਵਾਰ-ਵਾਰ ਪਲਟਿਆ ਜਾਂਦਾ ਹੈ ਤਾਂ ਇਹ ਨਿਆਂ ਪਾਲਿਕਾ ਦੀ ਨਿਰਪੱਖਤਾ ਤੇ ਭਰੋਸੇਯੋਗਤਾ 'ਤੇ ਸੁਆਲ ਉਠਾਉਂਦਾ ਹੈ, ਜਿਸ ਨਾਲ ਲੋਕ ਨਿਆਂਇਕ ਫੈਸਲਿਆਂ 'ਤੇ ਭਰੋਸਾ ਗੁਆ ਲੈਂਦੇ ਹਨ। ਜਸਟਿਸ ਨਾਗਰਤਨਾ ਹੀ ਨਹੀਂ, ਜਸਟਿਸ ਦੀਪਾਂਕਰ ਦੱਤਾ ਤੇ ਜਸਟਿਸ ਏ ਜੀ ਮਸੀਹ ਵੀ ਫੈਸਲੇ ਪਲਟਣ 'ਤੇ ਚਿੰਤਾ ਜ਼ਾਹਰ ਕਰਦਿਆਂ ਕਹਿ ਚੁੱਕੇ ਹਨ ਕਿ ਇਹ ਰੁਝਾਨ ਕੋਰਟ ਦੀ ਸਾਖ ਨੂੰ ਕਮਜ਼ੋਰ ਕਰਦਾ ਹੈ।*

*ਜਸਟਿਸ ਨਾਗਰਤਨਾ ਇਸ ਵੇਲੇ ਸੁਪਰੀਮ ਕੋਰਟ ਦੀ ਇੱਕੋ-ਇੱਕ ਮਹਿਲਾ ਜੱਜ ਹੈ। ਉਹ ਆਪਣੇ ਸੰਵਿਧਾਨਕ ਸਿਧਾਂਤਾਂ, ਨਿਆਂਇਕ ਆਜ਼ਾਦੀ, ਨਿੱਜੀ ਅਧਿਕਾਰਾਂ ਤੇ ਕਾਨੂੰਨ ਦੇ ਸ਼ਾਸਨ 'ਤੇ ਜ਼ੋਰ ਦੇਣ ਵਾਲੇ ਫੈਸਲਿਆਂ ਲਈ ਜਾਣੀ ਜਾਂਦੀ ਹੈ। ਉਹ ਕਾਰਜ ਪਾਲਿਕਾ ਦੀ ਦਖਲਅੰਦਾਜ਼ੀ ਦੇ ਸਖਤ ਖਿਲਾਫ ਹੈ ਤੇ ਬਹੁਗਿਣਤੀ ਜੱਜਾਂ ਵਾਲੇ ਫੈਸਲਿਆਂ ਵਿੱਚ ਆਪਣੀ ਅਸਹਿਮਤੀ ਦਰਜ ਕਰਾਉਣ ਤੋਂ ਹਿਚਕਚਾਉਂਦੀ ਨਹੀਂ। ਉਸ ਨੇ 2027 ਵਿੱਚ ਭਾਰਤ ਦੀ ਪਹਿਲੀ ਮਹਿਲਾ ਚੀਫ ਜਸਟਿਸ ਬਣਨਾ ਹੈ, ਭਾਵੇਂ ਕਿ 36 ਦਿਨਾਂ ਲਈ। ਨੋਟਬੰਦੀ ਦੇ ਕੇਸ ਵਿੱਚ ਉਸ ਦੀਆਂ ਟਿੱਪਣੀਆਂ ਕਾਫੀ ਚਰਚਿਤ ਹੋਈਆਂ ਸਨ, ਜਿਸ ਵਿੱਚ ਉਸ ਨੇ ਨੋਟਬੰਦੀ ਨੂੰ ਵਾਜਬ ਨਹੀਂ ਠਹਿਰਾਇਆ ਸੀ। ਜਸਟਿਸ ਨਾਗਰਤਨਾ ਦੀਆਂ ਤਾਜ਼ਾ ਟਿੱਪਣੀਆਂ ਦੱਸਦੀਆਂ ਹਨ ਕਿ ਸੁਪਰੀਮ ਕੋਰਟ ਦੇ ਜੱਜ ਕਿੰਨੇ ਦਬਾਅ ਵਿੱਚ ਹਨ ਤੇ ਆਏ ਦਿਨ ਫੈਸਲੇ ਪਲਟੇ ਜਾ ਰਹੇ ਹਨ। ਤਾਂ ਵੀ, ਜਸਟਿਸ ਨਾਗਰਤਨਾ ਵਰਗੇ ਜੱਜ ਕੁਝ ਨਾ ਕੁਝ ਆਸ ਬੰਨ੍ਹਾਉਂਦੇ ਹਨ।*

# ਮਨੂੰਵਾਦ ਭਜਾਓ, ਬੇ.ਗਮਪੁਰਾ ਵਸਾਓ



ਮੰਗਤ ਰਾਮ ਪਾਸਲਾ

ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ ਜਾਂ ਸੰਘ), ਸਾਲ 1925 'ਚ ਆਪਣੇ ਜਨਮ ਤੋਂ ਲੈ ਕੇ ਅੱਜ ਤਾਈਂ ਭਾਰਤੀ ਸਮਾਜ 'ਚ ਧਰਮ, ਜਾਤੀ, ਭਾਸ਼ਾ ਅਤੇ ਲਿੰਗਕ ਅਧਾਰ 'ਤੇ ਫੁੱਟ ਦੇ ਬੀਜ ਬੀਜਦਾ ਆ ਰਿਹਾ ਹੈ। ਧਰਮ ਅਧਾਰਤ, 'ਹਿੰਦੂਤਵੀ-ਮਨੂੰਵਾਦੀ ਰਾਜ' ਕਾਇਮ ਕਰਨ ਲਈ ਆਰ ਐੱਸ ਐੱਸ ਵੱਲੋਂ ਮੁਸਲਮਾਨ, ਈਸਾਈ, ਬੋਧੀ, ਜੈਨੀ ਤੇ ਹੋਰ ਭਾਈਚਾਰਿਆਂ ਤੋਂ ਹਿੰਦੂ ਧਰਮ ਨੂੰ ਖਿਆਲੀ ਖਤਰਿਆਂ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ। ਅਜਿਹਾ ਕਰਨ ਪਿੱਛੇ ਆਰ ਐੱਸ ਐਸ ਦੀ ਇੱਛਾ ਭਾਰਤੀ ਸਮਾਜ ਦੀ ਫਿਰਕੂ-ਵੰਡ ਕਰਨ ਲਈ, ਦੂਸਰੇ ਧਰਮਾਂ ਤੇ ਉਨ੍ਹਾਂ ਦੇ ਪੈਰੋਕਾਰਾਂ ਵਿਰੁੱਧ ਘ੍ਰਿਣਾ ਪੈਦਾ ਕਰਨਾ ਹੈ। ਇਸੇ ਮੰਤਵ ਤਹਿਤ ਸੁਤੰਤਰਤਾ ਸੰਗਰਾਮ ਦੌਰਾਨ ਆਰ.ਐਸ.ਐਸ. ਨੇ ਬਸਤੀਵਾਦੀ ਅੰਗਰੇਜ਼ ਸਾਮਰਾਜੀਆਂ ਦਾ ਸਾਥ ਦੇਣ ਲਈ ਦੇਸ਼ ਵਾਸੀਆਂ ਦਰਮਿਆਨ ਹਿੰਦੂ-ਮੁਸਲਿਮ ਦੀ ਦੀਵਾਰ ਖੜ੍ਹੀ ਕਰਕੇ ਆਜ਼ਾਦੀ ਦੇ ਘੋਲ ਨੂੰ ਸਾਬੋਤਾਜ ਕਰਨ ਦੇ ਹੱਥਕੰਡੇ ਵਰਤੇ ਸਨ। ਇਹੋ ਨਹੀਂ ਆਰ ਐੱਸ ਐੱਸ ਨੇ ਨਾ ਤਾਂ 1947 'ਚ ਮਿਲੀ ਆਜ਼ਾਦੀ ਨੂੰ ਪ੍ਰਵਾਨ ਕੀਤਾ ਹੈ, ਨਾ ਦੇਸ਼ ਦੇ ਕੌਮੀ ਝੰਡੇ, ਭਾਵ ਤਿਰੰਗੇ ਦਾ ਦਿਲੋਂ ਸਨਮਾਨ ਕੀਤਾ ਹੈ ਅਤੇ ਨਾ ਹੀ ਕਦੀ ਭਾਰਤੀ ਸੰਵਿਧਾਨ ਨੂੰ ਮਾਨਤਾ ਦਿੱਤੀ ਹੈ। ਆਰ ਐੱਸ ਐਸ ਨੇ ਸਮਾਜ ਨੂੰ ਧਰਮ ਦੇ ਆਧਾਰ 'ਤੇ ਵੰਡਣ ਦਾ ਆਪਣਾ ਫਿਰਕੂ-ਫਾਸ਼ੀ ਏਜੰਡਾ ਪਿਛਲੇ ਸੌ ਸਾਲਾਂ ਤੋਂ ਵੱਧ ਸਮੇਂ ਤੋਂ ਬਾਦਸਤੂਰ ਜਾਰੀ ਰੱਖਿਆ ਹੋਇਆ ਹੈ, ਪ੍ਰੰਤੂ ਸਾਲ 2014 'ਚ ਕੇਂਦਰ 'ਚ ਆਪਣੇ ਸਿਆਸੀ ਵਿੰਗ 'ਭਾਜਪਾ' ਦੀ ਅਗਵਾਈ ਵਾਲੀ ਮੋਦੀ ਸਰਕਾਰ ਕਾਇਮ ਹੋ ਜਾਣ ਨਾਲ ਆਰ ਐੱਸ ਐੱਸ ਨੇ ਆਪਣੇ ਇਸ ਘਾਤਕ ਏਜੰਡੇ 'ਤੇ ਹੋਰ ਤੇਜ਼ੀ ਨਾਲ ਅਮਲ ਕਰਨਾ ਆਰੰਭ ਦਿੱਤਾ ਹੈ। ਇਸੇ ਕਾਰਨ ਮੋਦੀ ਸਰਕਾਰ ਦੇ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋ ਜਾਣ ਨੂੰ ਸੰਘ ਨੇ 'ਹਿੰਦੂਆਂ' ਦੀ ਅੱਠ ਸਦੀਆਂ ਦੀ 'ਗੁਲਾਮੀ' ਦਾ ਅੰਤ ਦੱਸਦਿਆਂ ਭੰਗੜੇ ਪਾਏ ਸਨ। ਆਰ ਐੱਸ ਐੱਸ, ਅਤੀਤ 'ਚ ਆਪਣੇ-ਆਪ ਨੂੰ ਇਕ ਮੁਕੰਮਲ ਗੈਰ-ਸਿਆਸੀ ਸੰਗਠਨ ਦੱਸਦਾ ਹੋਇਆ ਇਹ ਧੋਖੇ ਭਰਿਆ ਪ੍ਰਪੰਚ ਰਚਦਾ ਆ ਰਿਹਾ ਹੈ ਕਿ "ਇਕ ਸਮਾਜਿਕ-ਸੱਭਿਆਚਾਰਕ ਸੰਗਠਨ ਵਜੋਂ ਸਾਡਾ ਮੁੱਖ ਕੰਮ ਕੇਵਲ ਲੋਕਾਂ ਦੇ ਮਨਾਂ 'ਚ 'ਦੇਸ਼ ਭਗਤੀ ਦਾ ਜਜ਼ਬਾ ਭਰਨਾ', 'ਦੇਸ਼ ਵਾਸੀਆਂ ਦਾ ਚਰਿੱਤਰ ਨਿਰਮਾਣ ਕਰਨ ਤੇ 'ਸਦਾਚਾਰਕ ਕਦਰਾਂ-ਕੀਮਤਾਂ ਮਜ਼ਬੂਤ ਕਰਨਾ' ਹੈ।" ਲੇਕਿਨ ਭਾਜਪਾ ਦੇ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੁੰਦੇ ਸਾਰ ਹੀ ਆਰ ਐੱਸ ਐੱਸ ਦੇ ਵਿਚਾਰਕ ਤੇ ਪ੍ਰਚਾਰਕ ਆਪਣੇ ਅਸਲੀ ਰੰਗ 'ਚ ਆ ਗਏ ਹਨ ਤੇ ਆਪਣੇ ਰਾਜਸੀ ਉਦੇਸ਼ਾਂ ਦਾ ਖੁੱਲ੍ਹੇਆਮ ਐਲਾਨ ਕਰਨ ਲੱਗ ਪਏ ਹਨ। ਸੱਚ 'ਤੇ ਪਰਦਾ ਪਾਉਣ ਲਈ ਆਰ ਐੱਸ ਐਸ ਨੇ ਸਮੁੱਚੇ ਦੇਸ਼ ਅੰਦਰ, ਖਾਸਕਰ ਕਬਾਇਲੀਆਂ ਤੇ ਉੱਤਰ ਪੂਰਬੀ ਖਿੱਤੇ ਦੇ ਆਮ ਲੋਕਾਂ 'ਚ ਸਿਹਤ, ਵਿੱਦਿਆ ਆਦਿ ਸਹੂਲਤਾਂ ਪ੍ਰਦਾਨ ਕਰਨ ਦੇ ਨਾਂਅ 'ਤੇ ਆਪਣੇ ਪੇਸ਼ਾਵਰ ਪ੍ਰਚਾਰਕਾਂ ਤੇ ਤਨਖਾਹਦਾਰਾਂ ਨੂੰ ਜਥੇਬੰਦਕ ਢਾਂਚਾ ਕਾਇਮ ਕਰਨ ਦਾ ਕੰਮ ਸੌਂਪਿਆ ਸੀ। ਇਹੋ ਢਾਂਚਾ ਜਨ-ਸਮੂਹਾਂ ਨੂੰ ਲੁਕਵੇਂ ਢੰਗ ਨਾਲ ਆਰ ਐੱਸ ਐਸ ਦੀ ਫਿਰਕੂ ਵਿਚਾਰਧਾਰਾ ਅਤੇ ਘਾਤਕ ਏਜੰਡੇ ਦੇ ਦੁਆਲੇ ਜੋੜਨ ਦਾ ਮਾਧਿਅਮ ਹੈ। ਆਰ ਐੱਸ ਐੱਸ ਦੇ ਸੋਇਮ ਸੇਵਕਾਂ ਨੂੰ ਗਰੀਬ ਵਸੋਂ ਨੂੰ ਧਨ ਦਾ ਲੋਭ ਦੇ ਕੇ ਜਬਰੀ ਧਰਮ ਬਦਲੀ ਦਾ ਪ੍ਰਾਜੈਕਟ ਵੀ ਤੇਜ਼ੀ ਨਾਲ ਸਿਰੇ ਚਾੜ੍ਹਨ ਦਾ ਟੀਚਾ ਦਿੱਤਾ ਗਿਆ ਹੈ। ਇਸ ਸੱਜ-ਪਿਛਾਖੜੀ ਸੰਗਠਨ ਨੂੰ ਧਨ ਦੀ ਕਦੀ ਕੋਈ ਥੋੜ ਨਹੀਂ ਰਹਿੰਦੀ, ਕਿਉਂਕਿ ਕੌਮਾਂਤਰੀ ਤੇ ਕੌਮੀ ਪੱਧਰ ਦੇ ਧਨਾਢਾਂ ਤੇ ਫਾਸ਼ੀ ਰੁਝਾਨ ਵਾਲੀਆਂ ਸੰਸਥਾਵਾਂ ਨੇ ਇਸ ਦੇ ਮਾਇਕ ਸਰੋਤਾਂ 'ਚ ਕਦੀ ਕੋਈ ਘਾਟ ਨਹੀਂ ਆਉਣ ਦਿੱਤੀ।

ਆਰ ਐੱਸ ਐੱਸ, ਮੋਦੀ ਸਰਕਾਰ ਦੀ ਕਾਇਮੀ ਦਾ ਲਾਹਾ ਲੈਂਦਾ ਹੋਇਆ ਛੇਤੀ ਤੋਂ ਛੇਤੀ ਦੇਸ਼ ਦੇ ਲੋਕਰਾਜੀ, ਧਰਮ ਨਿਰਪੱਖ, ਸੰਘਾਤਮਕ ਢਾਂਚੇ ਨੂੰ ਬਰਬਾਦ ਕਰਕੇ ਇਸ ਦੀ ਦੀ ਥਾਂ ਇਕ ਵਿਸ਼ੇਸ਼ ਧਰਮ 'ਤੇ ਅਧਾਰਤ 'ਹਿੰਦੂਤਵੀ-ਮਨੂੰਵਾਦੀ ਰਾਸ਼ਟਰ' ਸਥਾਪਤ ਕਰਨਾ ਚਾਹੁੰਦਾ ਹੈ। ਅਜਿਹਾ ਤਾਨਾਸ਼ਾਹ ਰਾਸ਼ਟਰ, ਜਿਸ 'ਚ ਆਰਥਿਕ, ਸਿਆਸੀ, ਪ੍ਰਸ਼ਾਸਕੀ ਤਾਕਤਾਂ ਦਾ ਮੁਕੰਮਲ ਕੇਂਦਰੀਕਰਨ ਕੀਤਾ ਗਿਆ ਹੋਵੇ। ਆਪਣੇ ਇਸ ਫਿਰਕੂ-ਫਾਸ਼ੀ ਏਜੰਡੇ ਦੀ ਪੂਰਤੀ ਲਈ ਹੀ ਸਮੂਹ ਧਾਰਮਿਕ ਘੱਟ ਗਿਣਤੀਆਂ, ਔਰਤਾਂ, ਦਲਿਤਾਂ, ਬੁੱਧੀਜੀਵੀਆਂ ਤੇ ਅਗਾਂਹਵਧੂ ਧਿਰਾਂ ਨੂੰ ਹਰ ਤਰ੍ਹਾਂ ਦੇ ਝੂਠੇ ਇਲਜ਼ਾਮਾਂ ਤੇ ਭੰਡੀ ਪ੍ਰਚਾਰ ਰਾਹੀਂ 'ਦੇਸ਼ ਧ੍ਰੋਹੀ' ਐਲਾਨ ਕੇ ਹਰ ਤਰ੍ਹਾਂ ਦੇ ਜ਼ੁਲਮਾਂ ਦਾ ਨਿਸ਼ਾਨਾ ਬਣਾ ਰਿਹਾ ਹੈ। ਇਸ ਕੰਮ 'ਚ ਮੀਡੀਆ, ਖਾਸ ਕਰਕੇ ਬਿਜਲਈ ਮੀਡੀਆ ਨੇ ਆਰ ਐੱਸ ਐੱਸ, ਭਾਜਪਾ ਤੇ ਮੋਦੀ ਸਰਕਾਰ ਦਾ ਹਰ ਪੱਖੋਂ ਸਾਥ ਨਿਭਾਇਆ ਹੈ। ਦੇਸ਼ ਦੇ ਮੌਜੂਦਾ ਸੰਵਿਧਾਨ ਨੂੰ ਰੱਦ ਕਰਕੇ ਮਨੂੰਵਾਦੀ ਵਿਵਸਥਾ ਦੇ ਚੌਖਟੇ 'ਚ 'ਨਵਾਂ ਸੰਵਿਧਾਨ' ਲਿਖਣਾ ਅਤੇ ਇਤਿਹਾਸ, ਵਿੱਦਿਅਕ ਪਾਠਕ੍ਰਮ, ਸਮਾਜਿਕ-ਸੱਭਿਆਚਾਰਕ ਕਦਰਾਂ-ਕੀਮਤਾਂ ਤੇ ਰਸਮੋ-ਰਿਵਾਜ, ਭਾਸ਼ਾਵਾਂ ਦਾ ਭਗਵਾਂਕਰਨ ਕਰਦੇ ਹੋਏ ਇਨ੍ਹਾਂ ਨੂੰ ਗੈਰ-ਵਿਗਿਆਨਕ ਰੰਗਤ ਦੇਣੀ ਇਸ ਦਿਸ਼ਾ 'ਚ ਸੰਘ ਦਾ ਸਭ ਤੋਂ ਵੱਧ ਮਹੱਤਵਪੂਰਨ ਤੇ ਜ਼ਰੂਰੀ ਕਾਰਜ ਹੈ। ਇਉਂ ਦੇਸ਼ ਨੂੰ ਮੁੜ ਤੋਂ ਮੱਧ ਕਾਲ ਦੇ ਹਨੇਰੇ ਯੁੱਗ ਵੱਲ ਧੱਕਣ ਦੀ ਉਚੇਚੀ ਯੋਜਨਾਬੰਦੀ ਕੀਤੀ ਜਾ ਰਹੀ ਹੈ।

ਫੌਜ ਤੇ ਅਰਧ ਫੌਜੀ ਬਲਾਂ, ਖ਼ੁਦਮੁਖਤਿਆਰ ਸੰਵਿਧਾਨਕ ਸੰਸਥਾਵਾਂ, ਵਿਭਾਗਾਂ-ਏਜੰਸੀਆਂ, ਨਿਆਂ ਪਾਲਕਾ, ਕਾਰਜ ਪਾਲਕਾ, ਵਿਦਿਅਕ ਅਦਾਰਿਆਂ ਸਮੇਤ ਦੇਸ਼ ਦੇ ਸਾਰੇ ਵਕਾਰੀ ਅਹੁਦਿਆਂ 'ਤੇ ਆਰ ਐੱਸ ਐੱਸ ਦੇ ਪੈਰੋਕਾਰ ਬਿਠਾਏ ਜਾ ਰਹੇ ਹਨ। ਸਰਕਾਰੀ ਨੀਤੀ ਜਾਂ ਆਰ ਐੱਸ ਐੱਸ ਦੀ ਤਬਾਹਕੁੰਨ ਵਿਚਾਰਧਾਰਾ ਤੇ ਏਜੰਡੇ ਦਾ ਬਾਦਲੀਲ ਵਿਰੋਧ ਕਰਦੀ ਹਰ ਆਵਾਜ਼ ਨੂੰ ਦਬਾਉਣ ਲਈ ਅਜਿਹਾ ਕਰਨ ਵਾਲਿਆਂ ਨੂੰ 'ਦੇਸ਼ ਧ੍ਰੋਹੀ' ਦੱਸ ਕੇ ਝੂਠੇ ਕੇਸਾਂ ਤਹਿਤ ਜੇਲ੍ਹਾਂ 'ਚ ਬੰਦ ਕੀਤਾ ਜਾ ਰਿਹਾ ਹੈ। ਮੋਦੀ-ਸ਼ਾਹ ਜੋੜੀ ਦੇ ਫੌਰੀ ਨਿਸ਼ਾਨੇ 'ਤੇ ਖੱਬੇ-ਪੱਖੀ ਕਾਰਕੁਨ ਹਨ। ਇਸੇ ਲਈ ਉਹ ਮਾਓਵਾਦ ਨੂੰ ਖਤਮ ਕਰਨ ਦੇ ਨਾਂਅ 'ਤੇ ਦੇਸ਼ ਨੂੰ ਖੱਬੇ ਪੱਖੀ ਤੇ ਅਗਾਂਹਵਧੂ ਵਿਚਾਰਧਾਰਾ ਤੋਂ ਮੁਕਤ ਕਰਨ ਦੇ ਆਹਰ ਲੱਗੇ ਹੋਏ ਹਨ। ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ 'ਤੇ ਲਗਾਤਾਰ ਵਧ ਰਹੇ ਹਮਲੇ ਸੰਘ ਦੀ ਸੰਕੀਰਨ ਸੋਚ ਤੇ ਵੱਖਵਾਦੀ ਏਜੰਡੇ ਦਾ ਹੀ ਭਾਗ ਹਨ।

ਆਰ ਐੱਸ ਐੱਸ ਦੀ 'ਕਾਰੀਗਰੀ' ਦੇਖੋ! ਇਕ ਪਾਸੇ ਕੁਦਰਤੀ ਤੇ ਨਿਆਂ ਪੂਰਨ 'ਕੰਮ ਵੰਡ' ਦੱਸ ਕੇ 'ਮਨੂੰਵਾਦੀ' ਵਿਵਸਥਾ ਦੇ ਸੋਹਲੇ ਗਾਏ ਜਾ ਰਹੇ ਹਨ, ਦੂਜੇ ਪਾਸੇ ਮਨੂੰਵਾਦੀ ਸੋਚ ਤੋਂ ਸਭ ਤੋਂ ਵਧੇਰੇ ਪੀੜਤ 'ਸ਼ੂਦਰਾਂ' ਤੇ ਕਥਿਤ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਆਰ ਐੱਸ ਐੱਸ ਦੇ ਨਾਲ ਜੋੜਨ ਲਈ ਹਿੰਦੂ ਸਮਾਜ ਦਾ ਅੰਗ ਦੱਸਿਆ ਜਾ ਰਿਹਾ ਹੈ। ਆਰ ਐੱਸ ਐੱਸ ਦੇ ਬੁਲਾਰੇ ਤਾਂ ਇਸ ਹੱਦ ਤਾਈਂ ਕੂੜ ਪ੍ਰਚਾਰ 'ਤੇ ਉੱਤਰ ਆਏ ਹਨ ਕਿ ਦੇਸ਼ ਦੇ ਉਤਰ-ਪੂਰਬੀ ਰਾਜਾਂ 'ਚ ਜਾਤੀ-ਪਾਤੀ ਵਿਵਸਥਾ ਦੇ ਡਟਵੇਂ ਵਿਰੋਧੀ ਬੁੱਧ ਮੱਤ ਦੇ ਫੈਲ ਜਾਣ ਕਰਕੇ ਲੋਕ ਡਰਪੋਕ ਤੇ ਕਮਜ਼ੋਰ ਬਣ ਗਏ ਸਨ, ਜਿਸ ਦੇ ਸਿੱਟੇ ਵਜੋਂ ਮੁਗਲ ਸ਼ਾਸਕ ਤੇ ਅੰਗਰੇਜ਼ ਸਾਮਰਾਜੀਏ, ਇਸ ਖਿੱਤੇ 'ਚ ਆਪਣੇ ਪੈਰ ਸੌਖਿਆਂ ਹੀ ਪਸਾਰਨ 'ਚ ਸਫਲ ਹੋ ਗਏ ਸਨ, ਜਦਕਿ ਦੂਜੇ ਬੰਨੇ ਕੇਂਦਰੀ ਤੇ ਉਤਰੀ ਭਾਰਤ 'ਚ ਮਨੂੰਵਾਦੀ ਵਿਵਸਥਾ ਪ੍ਰਚੱਲਤ ਹੋਣ ਕਰਕੇ ਆਮ ਲੋਕਾਂ, ਖਾਸ ਕਰਕੇ ਦਲਿਤਾਂ ਤੇ ਪੱਛੜੀਆਂ ਜਾਤਾਂ ਨੇ ਮੁਗਲਾਂ ਤੇ ਅੰਗਰੇਜ਼ ਸਾਮਰਾਜੀਆਂ ਨਾਲ ਜ਼ਬਰਦਸਤ ਟੱਕਰਾਂ ਲਈਆਂ ਸਨ ਤੇ ਉਨ੍ਹਾਂ ਨੂੰ ਦੇਸ਼ 'ਤੇ ਕਾਬਜ਼ ਹੋਣ ਤੋਂ ਲੰਮਾ ਸਮਾਂ ਰੋਕੀ ਰੱਖਿਆ ਸੀ। ਆਰ ਐੱਸ ਐੱਸ, ਇਹ ਕਹਿਣ ਦੀ ਜੁਰਅਤ ਕਰ ਰਿਹਾ ਹੈ ਕਿ ਜਾਤੀਪਾਤੀ ਵਿਵਸਥਾ 'ਚ ਅਖੌਤੀ ਉੱਚ ਜਾਤੀਆਂ ਦੇ ਅੱਤਿਆਚਾਰਾਂ ਦੇ ਭੰਨੇ ਲੋਕ ਵਧੇਰੇ ਬਹਾਦਰ ਬਣ ਜਾਂਦੇ ਹਨ। ਭਲਾ ਦਲਿਤ ਜਾਤੀਆਂ ਦਾ ਇਸ ਤੋਂ ਵੱਡਾ ਅਪਮਾਨ ਹੋਰ ਕੀ ਹੋ ਸਕਦਾ ਹੈ? ਆਰ ਐੱਸ ਐੱਸ ਨੇ ਹੁਣ ਇਸੇ ਦਲਿਤ ਸਮਾਜ ਤੇ ਕਥਿਤ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਆਪਣੇ ਨਾਲ ਜੋੜਨ ਲਈ ਇਕ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ। ਇਹ ਕਹਿ ਕੇ ਕਿ 'ਕਿਸਾਨ ਉਨ੍ਹਾਂ ਨੂੰ ਜ਼ਮੀਨ ਦੇ ਮਾਲਕ ਬਣਾਏ ਜਾਣ ਦੇ ਰਾਹ ਦਾ ਮੁੱਖ ਅੜਿੱਕਾ ਹਨ', ਦਲਿਤ ਭਾਈਚਾਰੇ ਨੂੰ ਕਿਸਾਨੀ ਵਿਰੁੱਧ ਖੜ੍ਹੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਦਲਿਤਾਂ ਨੂੰ ਉਸੇ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਦੱਸਿਆ ਜਾ ਰਿਹਾ ਹੈ, ਜਿਸ ਵਿਚਲੇ ਅਖੌਤੀ ਉਚ ਜਾਤੀਆਂ ਦੇ ਲੋਕਾਂ ਨੇ ਸਦੀਆਂ ਤੋਂ ਦਲਿਤਾਂ 'ਤੇ ਬਿਆਨੋਂ ਬਾਹਰਾ ਕਹਿਰ ਢਾਹਿਆ ਹੈ। ਬਾਲਮੀਕਿ ਸਮਾਜ ਨੂੰ ਆਰ ਐੱਸ ਐੱਸ ਤੇ ਭਾਜਪਾ ਸਮੇਤ ਸਾਰੇ ਮਨੂੰਵਾਦੀਆਂ ਵਲੋਂ ਉਂਝ ਤਾਂ ਸਮਾਜ ਦੀ ਸਭ ਤੋਂ ਉੱਤਮ ਸੇਵਾ ਕਰਨ ਦੇ ਬਾਵਜੂਦ ਮਨੂੰ ਸਿਮਰਤੀ ਵਿਚਲੇ ਅਸੂਲਾਂ ਮੁਤਾਬਕ ਘੋਰ ਨਫਰਤ ਕੀਤੀ ਜਾਂਦੀ ਹੈ, ਪ੍ਰੰਤੂ ਰਾਜਸੀ ਲਾਹਾ ਲੈਣ ਲਈ ਹੁਣ ਭਗਵਾਨ ਬਾਲਮੀਕਿ ਜੀ ਦੇ ਮੰਦਰ ਬਣਾਉਣ ਤੇ ਮੁਫ਼ਤ ਯਾਤਰਾਵਾਂ ਕਰਾਉਣ ਦਾ ਲਾਲਚ ਦੇ ਕੇ ਇਨ੍ਹਾਂ ਨੂੰ ਆਰ ਐੱਸ ਐੱਸ ਦੇ ਕਲਾਵੇ 'ਚ ਲਿਆਉਣ ਦੇ ਹੀਲੇ ਵੀ ਕੀਤੇ ਜਾ ਰਹੇ ਹਨ। ਕਿੰਨਾ ਦੋਗਲਾ ਤੇ ਦੰਭੀ ਕਿਰਦਾਰ ਹੈ ਆਰ ਐੱਸ ਐੱਸ ਦਾ !

ਅਸੀਂ ਪੂਰੀ ਨਿਮਰਤਾ ਤੇ ਇਮਾਨਦਾਰੀ ਨਾਲ ਨਾ ਕੇਵਲ ਦਲਿਤ ਭਾਈਚਾਰੇ, ਬਲਕਿ ਬਹੁ-ਗਿਣਤੀ ਹਿੰਦੂਆਂ ਨੂੰ ਵੀ ਅਪੀਲ ਕਰਨਾ ਚਾਹੁੰਦੇ ਹਾਂ ਕਿ ਉਹ ਸੰਘ ਪਰਵਾਰ ਦੇ ਵਿਛਾਏ ਮੱਕੜ ਜਾਲ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਤੇ ਮਨੂੰਵਾਦ ਦੇ ਇਨ੍ਹਾਂ ਸਮਰਥਕਾਂ ਦੇ ਮਨਹੂਸ ਇਰਾਦੇ ਫੇਲ੍ਹ ਕਰਨ। ਅੱਜ ਲੋੜ ਮਾਨਵਤਾ ਦੋਖੀ ਆਰ ਐੱਸ ਐੱਸ ਤੇ ਇਸ ਦੀ ਖਤਰਨਾਕ ਮਨੂੰਵਾਦੀ ਵਿਚਾਰਧਾਰਾ ਨੂੰ ਭਾਂਜ ਦੇਣ ਦੀ ਹੈ, ਤਾਂ ਜੋ ਭਾਰਤੀ ਸਮਾਜ ਨੂੰ ਹਰ ਕਿਸਮ ਦੀ ਲੁੱਟ-ਖਸੁੱਟ ਅਤੇ ਜਾਤੀਪਾਤੀ ਤੇ ਲਿੰਗਕ ਜ਼ੁਲਮਾਂ ਤੇ ਵਿਤਕਰਿਆਂ ਤੋਂ ਮੁਕਤ ਕਰਕੇ ਬਰਾਬਰਤਾ ਤੇ ਆਜ਼ਾਦੀ ਦੀ ਜਾਮਨੀ ਭਰਦੀ ਖ਼ੂਬਸੂਰਤ ਸਮਾਜਿਕ ਵਿਵਸਥਾ ਕਾਇਮ ਕੀਤੀ ਜਾ ਸਕੇ।

**# ਸੰਪਰਕ : 98141-82998**

## ਜਨਮ ਦਿਵਸ 'ਤੇ ਵਿਸ਼ੇਸ਼

# ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ...

**ਸੰਜੀਵਨ ਸਿੰਘ**



ਰਿਸ਼ਤਾ ਭਾਵੇਂ ਕਿੰਨਾ ਵੀ ਗਹਿਰਾ ਹੋਵੇ, ਨੇੜਲਾ ਹੋਵੇ, ਪਰ ਸਰੀਰ ਵਿਚੋਂ ਪ੍ਰਾਣ-ਪਖ਼ੇਰੂ ਹੋ ਜਾਣ ਬਾਅਦ ਸਾਰੇ ਰਿਸ਼ਤੇ-ਨਾਤੇ ਖਤਮ ਹੋ ਕੇ ਇਕ ਲਾਸ਼ ਤੱਕ ਸਿਮਟ ਕੇ ਰਹਿ ਜਾਂਦੇ ਨੇ । ਮਾਂ-ਮਾਪ, ਦਾਦਾ-ਦਾਦੀ, ਨਾਨਾ-ਨਾਨੀ, ਤਾਇਆ-ਤਾਈ, ਚਾਚਾ-ਚਾਚੀ, ਮਾਮਾ-ਮਾਮੀ, ਭੈਣ-ਭਰਾ ਸਮੇਤ ਜਿਹੜੇ ਰਿਸ਼ਤੇ ਸਾਡੀ ਜ਼ਿੰਦਗੀ ਦੀ ਚੂਲ ਹੁੰਦੇ ਨੇ । ਜਿਹੜੇ ਰਿਸ਼ਤੇ ਸਾਨੂੰ ਊਚ-ਨੀਚ ਤੋਂ ਜਾਣੂੰ ਕਰਵਾਉਂਦੇ ਹਨ । ਜਿਹੜੇ ਰਿਸ਼ਤੇ ਜ਼ਿੰਦਗੀ ਬਸਰ ਕਰਨ ਦਾ ਚੱਜ ਸਿਖਾਉਂਦੇ ਹਨ ।

ਆਖ਼ਰੀ ਦੋ ਮਹੀਨੇ ਬਿਮਾਰ ਰਹਿਣ ਤੋਂ ਇਲਾਵਾ ਸੰਤੋਖ ਸਿੰਘ ਧੀਰ ਕਦੇ ਵੀ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਨ੍ਹੀਂ ਹੋਏ, ਮਾੜੇ-ਮੋਟੀ ਖੰਘ-ਜ਼ੁਕਾਮ ਜਾਂ ਬੁਖ਼ਾਰ ਤੋਂ ਇਲਾਵਾ।ਵਜ੍ਹਾ ਉਹਨਾ ਦੀ ਉਸਾਰੂ ਤੇ ਕਲਿਆਣਾਰੀ ਸੋਚ ਵੀ ਹੋ ਸਕਦੀ ਐ, ਨਪੀ-ਤੁਲੀ ਖਾਧ-ਖੁਰਾਕ ਵੀ ਅਤੇ ਜੀਵਨ ਸ਼ੈਲੀ ਵੀ।ਧੀਰ ਸਾਹਿਬ ਡਾਕਟਰ ਕੋਲ ਜਾਣ ਤੋਂ ਅਕਸਰ ਕਤਰਾਉਂਦੇ/ ਘਬਰਾਉਂਦੇ ।ਹਸਪਤਾਲ, ਖ਼ਾਸ ਤੌਰ 'ਤੇ ਪੀ ਜੀ ਆਈ ਦਾ ਨਾਂਅ ਸੁਣ ਕੇ ਤਾਂ ਉਨ੍ਹਾ ਨੂੰ ਜਿਵੇਂ ਤਾਪ ਚੜ੍ਹ ਜਾਂਦਾ ।

ਆਖ਼ਰੀ ਕੁਝ ਸਾਲਾਂ ਵਿਚ ਉਹਨਾ ਨੂੰ ਮੰਜੇ ਤੋਂ ਉੱਠਦੇ ਸਮੇਂ ਚੱਕਰ ਆਉਣ ਅਤੇ ਤੁਰਨ ਵੇਲੇ ਪੈਰ ਲੜਖਾਉਂਣ ਲੱਗ ਗਏ ਸਨ ।ਮੈਂ ਬਦੋ-ਬਦੀ ਧੀਰ ਸਾਹਿਬ ਨੂੰ ਪੀ ਜੀ ਆਈ ਦੇ ਨਿਊਰੋਲੋਜੀ ਵਿਭਾਗ ਲੈ ਗਿਆ। ਡਾਕਟਰ ਨੇ ਚੰਗੀ ਤਰਾਂ ਜਾਂਚ-ਪੜਤਾਲ ਕੀਤੀ। ਸਾਹਿਤ ਦੇ ਸ਼ੌਕੀਨ ਡਾਕਟਰ ਨੂੰ ਜਦ ਪਤਾ ਲੱਗਾ ਕਿ ਮਰੀਜ਼ ਸੰਤੋਖ ਸਿੰਘ ਧੀਰ ਪੰਜਾਬੀ ਲੇਖਕ ਨੇ ਤਾਂ ਉਸ ਦੀ ਦਿਲਚਸਪੀ ਧੀਰ ਸਾਹਿਬ ਵਿਚ ਵਧ ਗਈ। ਕਾਫ਼ੀ ਸਮਾਂ ਸਾਹਿਤ ਅਤੇ ਧੀਰ ਸਾਹਿਬ ਦੀਆਂ ਲਿਖਤਾਂ ਬਾਰੇ ਗੱਲਾਂ ਕਰਨ ਤੋਂ ਬਾਅਦ ਡਾਕਟਰ ਨੇ ਕਿਹਾ-ਧੀਰ ਸਾਹਿਬ, ਤੁਹਾਨੂੰ ਕੋਈ ਬਿਮਾਰੀ ਨ੍ਹੀਂ । ਧੀਰ ਸਾਹਿਬ ਨੇ ਝੁੰਜਲਾ ਕੇ ਕਿਹਾ-ਫੇਰ ਮੈਨੂੰ ਚੱਕਰ ਕਿਉਂ ਆਉਂਦੇ ਨੇ ਡਾਕਟਰ ਸਾਹਿਬ, ਤੁਰਦੇ ਸਮੇਂ ਪੈਰ ਵੀ ਲੜਖੜਾਉਂਦੇ ਨੇ। ਡਾਕਟਰ ਨੇ ਮੁਸਕਰਾ ਕੇ ਕਿਹਾ-ਕਾਰਣ ਐ ਤੁਹਾਡੇ ਸਰੀਰ ਤੇ ਦਿਮਾਗ਼ ਦਾ ਆਪਸ 'ਚ ਤਾਲਮੇਲ ਨਾ ਹੋਣਾ। ਮਤਲਬ! ਧੀਰ ਸਾਹਿਬ ਨੇ ਪੁੱਛਿਆ । ਡਾਕਟਰ ਨੇ ਆਪਣੀ ਰਾਏ ਦਿੰਦੇ ਕਿਹਾ-ਤੁਹਾਡਾ ਸਰੀਰ ਬਿਰਧ ਹੋ ਗਿਆ ਹੈ ਧੀਰ ਸਾਹਿਬ ਤੇ ਤੁਹਾਡਾ ਦਿਮਾਗ਼ ਐ ਤੰਦਰੁਸਤ, ਤੁਹਾਡਾ ਸਰੀਰ ਤੁਹਾਡੇ ਦਿਮਾਗ਼ ਮੁਤਾਬਕ ਫ਼ੁਰਤੀ ਨਾਲ ਕੰਮ ਕਰਨ ਦੇ ਸਮਰੱਥ ਨ੍ਹੀਂ ਰਿਹਾ । ਤੁਹਾਡੀ ਸਮੱਸਿਆ ਦੀ ਇਹੀ ਵਜਹ ਐ।

ਕਿਸੇ ਵੀ ਵਿੱਛੜ ਚੁੱਕੇ ਸਾਕ-ਸੰਬੰਧੀ ਦਾ ਸੁਪਨੇ ਵਿਚ ਆਉਣਾ ਚੰਗਾ ਨ੍ਹੀਂ ਸਮਝਿਆ ਜਾਂਦਾ। ਇਹ ਵੀ ਪ੍ਰਚੱਲਤ ਹੈ ਕਿ ਜਿਸ ਦੇ ਸੁਪਨੇ 'ਚ ਮ੍ਰਿਤਕ ਆਉਂਦਾ ਐ, ਉਸ ਦੀ ਮੌਤ ਵੀ ਨਜ਼ਦੀਕ ਹੁੰਦੀ ਐ, ਪਰ ਸੰਤੋਖ ਸਿੰਘ ਧੀਰ ਜੋ ਮੇਰੇ ਤਾਇਆ ਜੀ ਸਨ, ਦੇ ਵਿਛੜਣ ਤੋਂ ਬਾਅਦ ਕੁਝ ਸਾਲ ਤੱਕ ਤਾਂ ਮੇਰੇ ਸੁਪਨੇ ਵਿਚ ਅਕਸਰ ਆਉਂਦੇ ਰਹੇ, ਪਰ ਮੈਨੂੰ ਕਦੇ ਕੋਈ ਭੈਅ ਨਹੀਂ ਆਇਆ, ਬਲਕਿ ਜਦ ਤਾਇਆ ਜੀ ਦਾ ਸੁਪਨਾ ਨਾ ਆਉਂਦਾ ਤਾਂ ਮੈਨੂੰ ਅਚਵੀ ਜਿਹੀ ਲੱਗ ਜਾਂਦੀ। ਜਦ ਵੀ ਸੁਪਨੇ 'ਚ ਤਾਇਆ ਜੀ ਆਏ, ਕਦੇ ਵੀ ਨਿਰਾਸ਼, ਬਿਮਾਰ ਜਾਂ ਢਹਿੰਦੀ ਕਲਾ 'ਚ ਨ੍ਹੀਂ, ਸਗੋਂ ਹਮੇਸ਼ਾ ਚੜ੍ਹਦੀ ਕਲਾ ਅਤੇ ਆਪਣੇ ਲੋਕਾਂ ਲਈ ਚਿੰਤਤ ਹੀ ਨਜ਼ਰ ਆਏ ।

ਇਕ ਦਫ਼ਾ ਮੈਨੂੰ ਸੁਪਨਾ ਆਇਆ, ਧੀਰ ਸਾਹਿਬ ਸਿੰਘੂ ਬਾਰਡਰ ਉਪਰ ਤਿੰਨ ਕਾਲੇ ਕਾਨੂੰਨ ਵਿਰੁੱਧ ਚੱਲ ਰਹੇ ਕਿਸਾਨ/ਮਜ਼ਦੂਰ ਅੰਦੋਲਨ ਦੇ ਮੰਚ ਉਪਰ ਆਪਣੇ ਪੂਰੇ ਜਲੌਅ 'ਚ ਆਪਣੀ ਉਂਗਲ ਤਾਣ ਕੇ ਸੰਬੋਧਨ ਕਰਦੇ ਕਹਿ ਰਹੇ ਨੇ-ਮੇਰੀ ਮਿੱਟੀ, ਮੇਰੀ ਜ਼ਮੀਨ ਦੇ ਜਾਇਓ, ਤੁਹਾਡਾ ਇਹ ਲਾ-ਮਿਸਾਲ ਸੰਘਰਸ਼ ਤੁਹਾਡੇ ਏਕੇ ਦਾ ਪ੍ਰਤੱਖ ਸਬੂਤ ਐ।ਬੜੇ ਦਹਾਕਿਆਂ ਬਾਅਦ ਇਸ ਕਿਸਮ ਦਾ ਲੋਕ-ਸੰਘਰਸ਼ ਦੇਖ ਕੇ ਮਨ ਨੂੰ ਬਹੁਤ ਤਸੱਲੀ ਤੇ ਖ਼ੁਸ਼ੀ ਹੋਈ। ਕਲਮਾਂ ਦਾ ਤਾਂ ਕਰਮ ਈ ਝੁੱਗੀਆਂ-ਢਾਰਿਆਂ ਨਾਲ ਖੜਣਾ ਹੁੰਦੈ। ਜਿਹੜੀ ਕਲਮ ਮਹਿਲਾਂ-ਮੁਨਾਰਿਆਂ ਦੀ ਬੋਲੀ ਬੋਲਦੀ ਐ, ਉਹ ਕਲਮ, ਕਲਮ ਦੇ ਪਵਿੱਤਰ ਫਰਜ਼ ਤੋਂ ਬੇਮੁੱਖ ਐ । ਤੌਹੀਨ ਕਰ ਰਹੀ ਐ ਉਹ ਕਲਮ, ਕਲਮ ਦੀ ।ਬੇਸ਼ੱਕ ਮੇਰੀ ਕਲਮ ਹਮੇਸ਼ਾ ਹੀ ਲੋਕਾਂ ਦੇ ਹੱਕ 'ਚ ਹੀ ਚੱਲੀ ਐ, ਪਰ ਅੱਜ ਇਸ ਮੰਚ 'ਤੇ ਆ ਕੇ ਮੈਂ ਆਪਣਾ ਇਨਸਾਨੀ ਤੇ ਇਖ਼ਲਾਕੀ ਫ਼ਰਜ਼ ਪੂਰਾ ਕੀਤੈ । ਇਸ ਸੰਘਰਸ਼ ਨੇ ਲੋਕਾਂ ਨੂੰ ਤਾਂ ਜਾਗਰੂਕ ਕਰਨਾ ਈ ਐ। ਇਹ ਲੋਕ-ਰੋਹ ਮੌਜੂਦਾ ਵਿਵਸਥਾ ਦੀਆਂ ਜੜ੍ਹਾਂ ਹਿਲਾਉਣ ਦੇ ਸਮਰੱਥ ਵੀ ਐ, ਬਸ਼ਰਤੇ ਤੁਸੀਂ ਇਸੇ ਤਰ੍ਹਾਂ ਮੋਢੇ ਨਾਲ ਮੋਢਾ ਜੋੜ ਕੇ ਅੜੇ ਤੇ ਖੜੇ ਰਹੋ, ਲੋਕ-ਏਕਾ ਜ਼ਿੰਦਾਬਾਦ। ਸਾਰਾ ਪੰਡਾਲ ਨਾਹਰਿਆਂ ਨਾਲ ਗੂੰਜ ਰਿਹਾ ਸੀ । ਅੱਖ ਖੁੱਲ੍ਹਣ ਤੋਂ ਬਅਦ ਸੁਪਨਾ ਜਾਰੀ ਰੱਖਣ ਦੀ ਇੱਛਾ ਨਾਲ ਮੈਂ ਫੇਰ ਸੌਣ ਦਾ ਅਸਫਲ ਯਤਨ ਕੀਤਾ, ਤਾਂ ਜੋ ਕਿਸਾਨ ਅੰਦੋਲਨ ਦਾ ਹਿੱਸਾ ਬਣਨ ਦੇ ਨਾਲ-ਨਾਲ ਮੈਂ ਆਪਣੇ ਤਾਏ ਦਾ ਸੰਗ ਹੋਰ ਮਾਣ ਸਕਾਂ ।

ਇਕ ਵਾਰ ਫੇਰ ਧੀਰ ਸਾਹਿਬ ਸੁਪਨੇ 'ਚ ਆਏ। ਅਸੀ ਦੋਵੇਂ ਮੰਡੀ (ਮੰਡੀ ਗੋਬਿੰਦਗੜ੍ਹ) ਤੋਂ ਪਿੰਡ (ਡਡਹੇੜੀ) ਜਾ ਰਹੇ ਸੀ, ਪੈਦਲ। ਰਾਹ ਉਹੀ ਕੱਚੇ, ਚਾਲੀ-ਪੰਜਾਹ ਸਾਲ ਪਹਿਲਾਂ ਆਲੇ । ਮੈਨੂੰ ਧੀਰ ਸਾਹਿਬ ਕਹਿਣ ਲੱਗੇ-ਯਾਰ ਬੱਬੂ (ਮੇਰਾ ਘਰ ਦਾ ਨਾਂਅ) ਮੈਂ ਤੁਹਾਡੇ ਲਈ ਉਹ ਕੁਸ਼ ਨ੍ਹੀਂ ਕਰ ਸਕਿਆ, ਜੋ ਮੈਨੂੰ ਕਰਨਾ ਚਾਹੀਦਾ ਐ । ਮੈਂ ਕਿਹਾ-ਥੋਨੂੰ ਕਿਹਨੇ ਕਹਿ 'ਤਾ ਭਾਪਾ ਜੀ ਤੁਸੀਂ ਸਾਡੇ ਲਈ ਕੀਤਾ ਨ੍ਹੀਂ ਕੁਸ਼। ਭਾਪਾ ਜੀ ਨੇ ਮੇਰਾ ਮੋਢਾ ਥਾਪੜਦੇ ਕਿਹਾ-ਨਹੀਂ ਯਾਰ ਕਦੇ-ਕਦੇ ਮੈਨੂੰ ਲੱਗਦੈ, ਜੋ ਦੁਨਿਆਵੀ ਸੁੱਖ-ਸਹੂਲਤਾਂ, ਖਾਣ-ਹੰਢਾਉਣ ਲਈ ਆਪਣੇ ਪਰਵਾਰ ਨੂੰ ਦੇਣੀਆਂ ਚਾਹੀਦੀਆਂ ਨੇ, ਮੈਂ ਦੇ ਨ੍ਹੀਂ ਸਕਿਆਂ ਥੋਨੂੰ । ਮੇਰੀ ਅੱਖ ਖੁੱਲ੍ਹ ਗਈ । ਭਾਪਾ ਜੀ ਦੇ ਸਪਰਸ਼ ਦਾ ਅਹਿਸਾਸ ਮੈਨੂੰ ਹਾਲੇ ਤੱਕ ਵੀ ਹੋ ਰਿਹਾ ਸੀ ।

ਮੈਂ ਦੁਬਾਰਾ ਸੌਣ ਦਾ ਅਸਫਲ ਯਤਨ ਨ੍ਹੀਂ ਕੀਤਾ।ਮੈਂ ਪਿਆ-ਪਿਆ ਸੋਚ ਰਿਹਾ ਸੀ, ਭਾਪਾ ਜੀ ਭਾਵੇਂ ਆਮ ਲੋਕਾਂ ਵਾਂਗ ਆਪਣੀਆਂ ਦੋ-ਦੋ, ਤਿੰਨ-ਤਿੰਨ ਪੁਸ਼ਤਾਂ ਲਈ ਧਨ-ਦੌਲਤ, ਜ਼ਮੀਨ-ਜਾਇਦਾਦ ਛੱਡ ਕੇ ਨ੍ਹੀਂ ਗਏ, ਪਰ ਏਨ੍ਹਾ ਨਾਮਣਾ, ਏਨ੍ਹੀਂ ਸ਼ੋਹਰਤ ਅਤੇ ਏਨਾ ਜੱਸ ਖੱਟ-ਕਮਾ ਕੇ ਛੱਡ ਗਏ, ਸਾਡੀਆਂ ਆਉਣ ਵਾਲੀਆਂ ਸੱਤ ਪੁਸ਼ਤਾਂ ਬਿਨਾਂ ਕੋਈ ਤਰੱਦਦ ਕੀਤੇ ਇਸ ਦਾ ਨਿੱਘ ਮਾਣ ਸਕਦੀਆਂ ਨੇ, ਖੱਟੀ ਖਾ ਸਕਦੀਆਂ ਨੇ । ਬਸ਼ਰਤੇ ਕੋਈ ਖ਼ੁਨਾਮੀ ਨਾ ਖੱਟਣ, ਕੋਈ ਬਦਨਾਮੀ ਨਾ ਸਹੇੜਨ।

ਧੀਰ ਹੁਰਾਂ ਸਾਇਕਲ ਤੋਂ ਇਲਾਵਾ ਕੋਈ ਹੋਰ ਸਵਾਰੀ ਸਕੂਟਰ/ਕਾਰ ਕਦੇ ਵੀ ਨ੍ਹੀਂ ਚਲਾਈ, ਨਾ ਲੋੜ ਈ ਪਈ। ਸਾਇਕਲ ਵੀ ਡਰ-ਡਰ ਕੇ ਚਲਾਉਣਾ । ਟਰੱਕ/ਟਰਾਲੀ ਦੇਖ ਕੇ ਦੂਰੋਂ ਹੀ ਸਾਇਕਲ ਤੋਂ ਉਤਰ ਜਾਣਾ । ਉਸ ਦੇ ਨਿਕਲ ਜਾਣ ਮਗਰੋਂ ਈ ਦੁਬਾਰਾ ਸਾਇਕਲ 'ਤੇ ਚੜ੍ਹਨਾ, ਪਰ ਜਦ ਕਦੇ ਸਕੂਟਰ ਜਾਂ ਕਾਰ 'ਤੇ ਕਿਤੇ ਜਾਣਾ ਤਾਂ 'ਦਿਸ਼ਾ-ਨਿਰਦੇਸ਼' ਆਏਂ ਦੇਣੇ, ਜਿਵੇਂ ਕਾਰ/ਸਕੂਟਰ ਚਲਾਉਣ ਦੀ ਪੂਰੀ ਮੁਹਾਰਤ ਹੋਵੇ।ਬੈਠਦੇ ਸਾਰ ਹੀ 'ਆਦੇਸ਼' ਦੇਣੇ ਸ਼ੁਰੂ, ਕਲੱਚ ਦੱਬ ਕਲੱਚ, ਬਰੇਕ, ਬਰੈਕ ਲਾਅ, ਰੇਸ ਘੱਟ ਕਰ ਯਾਰ। ਗੇਅਰ ਬਦਲ ਗੇਅਰ । ਦੇਖੀਂ-ਦੇਖੀਂ ਟੋਆ, ਟੋਆ ਦੇਖੀਂ। ਦੇਖੀਂ, ਦੇਖੀਂ, ਦੇਖੀਂ ਟਰੱਕ ਆ ਰਿਹੈ ਸਾਹਮਣੇ, ਬਚਾ ਕੇ-ਬਚਾ ਕੇ ਮੇਰਾ ਬੀਰ, ਬਚਾ ਕੇ। ਸਾਰੇ ਰਾਹ 'ਦਿਸ਼ਾ-ਨਿਰਦੇਸ਼ਾਂ' ਦਾ ਸਿਲਸਿਲਾ ਜਾਰੀ ਰਹਿੰਦਾ।

ਇਕ ਵਾਰ ਭਾਪਾ ਜੀ ਮੇਰੇ ਨਾਲ ਸਕੂਟਰ 'ਤੇ ਜਾ ਰਹੇ ਸਨ ।ਉਨ੍ਹਾ ਵੱਲੋਂ ਦਿੱਤੇ ਜਾਅ ਰਹੇ 'ਦਿਸ਼ਾ-ਨਿਰਦੇਸ਼ਾਂ' ਤੋਂ ਕਣਤਾ ਕੇ ਮੈਂ ਸਕੂਟਰ ਰੋਕ ਕੇ ਖੜਾ ਹੋ ਗਿਆ। ਧੀਰ ਸਾਹਿਬ ਉਤਰਦੇ ਹੋਏ ਕਹਿੰਦੇ,-ਕੀ ਹੋ ਗਿਆ ਸਕੂਟਰ ਕਾਤੋਂ ਰੋਕ ਲਿਆ? ਖਰਾਬ ਹੋ ਗਿਆ? ਮੈਂ ਮੁਸਕਰਾਉਂਦੇ ਹੋਏ ਕਿਹਾ-ਤੁਸੀਂ ਹੀ ਚਲਾਓ, ਨਾਲੇ ਮੈਨੂੰ ਸਿਖਾ ਦਿਓ ਸਕੂਟਰ ਚਲਾਉਣਾ। ਧੀਰ ਸਾਹਿਬ ਹੱਸ ਕੇ ਕਹਿਣ ਲੱਗੇ-ਹੁਣ ਨ੍ਹੀਂ ਬੋਲਦਾ ਕੁਸ਼, ਤੂੰ ਹੀ ਚਲਾ, ਚਲਾ ਮੇਰਾ ਬੀਰ, ਸਾਬਾਸ਼।

ਮੇਰੇ ਉਪਰ ਧੀਰ ਸਾਹਿਬ ਦੀ ਸਾਹਿਤਕ, ਸਮਾਜਿਕ ਸ਼ਖ਼ਸੀਅਤ ਅਤੇ ਰੋਜ਼-ਮਰ੍ਹਾ ਦੀਆਂ ਆਦਤਾਂ ਦਾ ਪ੍ਰਭਾਵ ਕਾਫ਼ੀ ਜ਼ਿਆਦਾ ਐ। ਮੋਹ-ਪਿਆਰ ਵੀ ਬਹੁਤ ਸੀ ਭਾਪਾ ਜੀ ਨਾਲ । ਕਾਰਨ ਐ, ਪਹਿਲੇ ਪੰਜ-ਸੱਤ ਸਾਲ ਪਿੰਡ ਉਹਨਾਂ ਕੋਲ ਰਹਿਣਾ। ਕਿਹਾ ਜਾ ਸਕਦਾ ਹੈ, ਮੈਂ ਆਪਣੀ ਸੁਰਤ ਹੀ ਉਨ੍ਹਾਂ ਕੋਲ ਸੰਭਾਲੀ ਐ। ਇਸੇ ਲਈ ਧੀਰ ਸਾਹਿਬ ਦੇ ਬੱਚਿਆਂ ਦੀ ਰੀਸ ਮੈਂ ਆਪਣੇ ਮੰਮੀ-ਡੈਡੀ ਨੂੰ ਅਤੇ ਦੂਸਰੇ ਤਾਏ-ਤਾਈ ਨੂੰ ਚਾਚਾ-ਚਾਚੀ ਅਤੇ ਵੱਡੇ ਤਾਇਆ ਧੀਰ ਸਾਹਿਬ ਨੂੰ ਭਾਪਾ ਜੀ ਤੇ ਉਹਨਾ ਦੀ ਪਤਨੀ ਤਾਈ ਨੂੰ ਬੀਬੀ ਕਹਿਣ ਲੱਗ ਗਿਆ । ਨਾਟਕਕਾਰ ਵਜੋਂ ਆਪਣੇ ਰੰਗਮੰਚੀ ਸਫ਼ਰ ਦਾ ਆਗ਼ਾਜ਼ ਮੈਂ ਉਹਨਾਂ ਦੀ ਵਹਿਮਾਂ-ਭਰਮਾਂ ਦੇ ਪਾਜ ਉਧੇੜਦੀ ਚਰਚਿਤ ਕਹਾਣੀ 'ਡੈਣ' ਦਾ ਨਾਟਕੀ ਰੂਪਾਂਤਰਨ ਕਰਕੇ ਕੀਤਾ। 1947 ਦੇ ਉਜਾੜੇ ਦੇ ਦਰਦ ਦੀ ਬਾਤ ਪਾਉਂਦੀ ਉਹਨਾ ਦੀ ਕਹਾਣੀ 'ਮੇਰਾ ਉੱਜੜਿਆ ਗੁਆਂਢੀ' ਦੇ ਨਾਟਕੀ ਰੂਪਾਂਤਰ ਤੋਂ ਇਲਾਵਾ ਪੰਜਾਬ ਦੀ ਪੇਂਡੂ ਜ਼ਿੰਦਗੀ ਦੇ ਵੱਖੋ-ਵੱਖਰੇ ਮਸਲਿਆਂ ਬਾਬਤ ਕਹਾਣੀਆਂ 'ਭੇਤ ਵਾਲੀ ਗੱਲ', 'ਕੋਈ ਇਕ ਸਵਾਰ', 'ਸਾਂਝੀ ਕੰਧ', 'ਗੱਲਾਂ ਲਈ ਗੱਲਾਂ' ਅਤੇ 'ਸਵੇਰ ਹੋਣ ਤੱਕ' ਉਪਰ ਅਧਾਰਤ ਨਾਟਕ 'ਕਹਾਣੀ ਇਕ ਪਿੰਡ ਦੀ' ਵੀ ਲਿਖਿਆ । ਉਹਨਾਂ ਦੇ ਜ਼ੋਰ ਪਾਣ 'ਤੇ ਈ ਮੌਲਿਕ ਨਾਟਕ ਲਿਖਣੇ ਸ਼ੁਰੂ ਕੀਤੇ।

ਖੜੀ ਉਂਗਲੀ, ਪੋਚਵੀਂ ਪੱਗ, ਸਲੀਕੇਦਾਰ ਪਹਿਰਾਵਾ, ਖਾਣ-ਪੀਣ ਦਾ ਸ਼ਊਰ, ਰਫ਼ਤਾਰ ਅਤੇ ਗ਼ੁਫ਼ਤਾਰ ਵਿਚ ਮੜ੍ਹਕ, ਕਲਮ 'ਚ ਲੋਕਾਈ ਦਾ ਦਰਦ ਤੇ ਪੀੜ, ਝੁੱਗੀਆਂ-ਢਾਰਿਆਂ, ਦੱਬੇ-ਕੁਚਲਿਆਂ, ਪੀੜਤਾਂ, ਬੇਵੱਸ-ਲਾਚਾਰਾਂ, ਨਿਆਸਰਿਆਂ ਦੇ ਹੱਕ 'ਚ ਆਵਾਜ਼ ਬੁਲੰਦ ਕਰਨ ਦੀ ਦਲੇਰੀ, ਵਹਿਣਾ ਦੇ ਉਲਟ ਚੱਲਣ ਦਾ ਸ਼ੌਕੀਨ। ਬਣਿਆਂ-ਬਣਾਇਆਂ ਰਾਹਾਂ 'ਤੇ ਨ੍ਹੀਂ, ਬਲਕਿ ਜਿੱਥੇ ਤੁਰਿਆ, ਉੱਥੇ ਰਾਹ ਬਣਾਏ । ਆਪਣੀ ਸੋਚ, ਆਪਣੀ ਵਿਚਾਰਧਾਰਾ 'ਤੇ ਅੜੇ-ਖੜੇ ਰਹਿਣ ਦਾ ਜ਼ੇਰਾ । ਆਪਣੇ ਨਿਵਾਰੀ ਪਲੰਗ ਦੇ ਪਾਵਿਆਂ ਨੂੰ ਬਾਦਸ਼ਾਹਾਂ, ਰਾਜਿਆਂ-ਮਹਾਰਾਜਿਆਂ ਦੇ ਤਖ਼ਤੋ-ਤਾਜ ਨਾਲੋਂ ਉੱਚੇ ਤੇ ਬੁਲੰਦ ਹੋਣ ਦਾ ਅਹਿਸਾਸ। ਵੱਡੇ ਤੋਂ ਵੱਡੇ ਦੁੱਖ-ਤਕਲੀਫ਼ ਅਤੇ ਮੁਸੀਬਤ ਨੂੰ ਖਿੜੇ-ਮੱਥੇ ਜੀਓ ਆਇਆਂ ਕਹਿਣ ਦੀ ਜੁਰਅਤ । ਗ਼ਰੀਬੀ, ਤੰਗ-ਦਸਤੀ, ਭੁੱਖ-ਨੰਗ ਨੂੰ ਮਾਨਣ ਦੀ ਜਾਚ ਇਹ ਸੀ ਮੇਰੇ ਤਾਏ, ਮੇਰੇ ਭਾਪਾ ਜੀ, ਸੰਤੋਖ ਸਿੰਘ ਧੀਰ ਦੀ ਪਹਿਚਾਣ । ਉਸ ਦੀ ਸ਼ਖ਼ਸੀਅਤ, ਉਸ ਦੀ ਹੋਂਦ ।

**# ਸੰਪਰਕ : 94174-60656**

# ਦਿਸ਼ਾਹੀਣ ਹੋ ਰਹੀ ਜਵਾਨੀ

**ਸੰਜੀਵ ਸਿੰਘ ਸੈਣੀ**

ਜ਼ਿੰਦਗੀ ਖ਼ੂਬਸੂਰਤ ਹੈ । ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ । ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ੍ਹ ਨੂੰ ਉਹਨਾਂ ਦੀ ਔਲਾਦ ਪੜ੍ਹ-ਲਿਖ ਕੇ ਸਮਾਜ ਦਾ ਨਾਂਅ ਰੌਸ਼ਨ ਕਰੇ। ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ । ਵਿਚਾਰਨ ਵਾਲੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ । ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ ।ਨੌਜਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ । ਨੌਜਵਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ। ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ । ਬੁਲਟ ਮੋਟਰਸਾਇਕਲ 'ਤੇ ਚਾਰ-ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਕੇ ਫੋੜਦੇ ਆਮ ਦੇਖੇ ਜਾ ਸਕਦੇ ਹਨ । ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁਲਟ ਤੇ ਪਟਾਕੇ ਫੋੜਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ। ਅਜਿਹੇ ਨੌਜਵਾਨ ਆਪਣਾ ਵਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਸ ਆਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ । ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਾਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਕਾਬੂ ਵਿੱਚ ਵੀ ਲੈ ਲੈਂਦੀ ਹੈ । ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ । ਜੇ ਉਹ ਆਪਣੇ ਬੱਚਿਆਂ ਨੂੰ ਰੋਕਦੇ-ਟੋਕਦੇ ਹਨ ਤਾਂ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸ਼ਹਿਣਸ਼ੀਲਤਾ ਬਿਲਕੁਲ ਵੀ ਨਹੀ। ਗ਼ਲਤ ਕਦਮ ਚੁੱਕਦੇ ਨੇ। ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ-ਪਿਓ ਦਾ ਨਾਂਅ ਬਦਨਾਮ ਕਰਨ 'ਤੇ ਲੱਗੇ ਹੋਏ ਹਨ । ਮਾਂ-ਬਾਪ ਦੇ ਅੱਗੇ ਬੋਲਦੇ ਹਨ ।ਮਾਰਕੁਟਾਈ ਤੱਕ ਕਰਦੇ ਹਨ। ਕਈ ਮਾਂ-ਪਿਉ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ।

ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਇੱਕ ਹੀ ਪਿੰਡ ਦੇ 18 ਸਾਲ ਦੇ ਨੌਜਵਾਨਾਂ ਨੇ ਚਿੱਟੇ ਦਾ ਟੀਕਾ ਲਗਾਇਆ। ਦੋਨਾਂ ਦੀ ਮੌਤ ਹੋ ਗਈ। ਚਿੱਟੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ।ਨੌਜਵਾਨ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ ।ਅਕਸਰ ਚੋਰੀ ਦੀਆਂ ਵਾਰਦਾਤਾਂ ਵਿਚ ਅਜਿਹੇ ਸ਼ਰਾਰਤੀ ਨੌਜਵਾਨ ਆਮ ਫੜੇ ਜਾਂਦੇ ਹਨ । ਪੜ੍ਹਾਈ-ਲਿਖਾਈ ਦਾ ਇਨ੍ਹਾਂ 'ਤੇ ਬਿਲਕੁਲ ਵੀ ਅਸਰ ਨਹੀਂ ਹੁੰਦਾ ।ਅਕਸਰ ਕਾਲਜਾਂ, ਯੂਨੀਵਰਸਿਟੀਆਂ ਵਿੱਚ ਵੀ ਜਦੋਂ ਅਜਿਹੇ ਸ਼ਰਾਰਤੀ ਨੌਜਵਾਨ ਜਾਂਦੇ ਹਨ, ਤਾਂ ਉਥੇ ਵੀ ਅਜਿਹੇ ਨੌਜਵਾਨ ਲੜਾਈ ਦਾ ਕਾਰਨ ਬਣਦੇ ਹਨ । ਇਨ੍ਹਾਂ ਤੇ ਫ਼ਿਰ ਯੂਨੀਵਰਸਿਟੀ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ। ਹੁੱਲੜਬਾਜ਼ੀ ਕਰਦੇ ਹਨ । ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹਨ।ਅਜਿਹੇ ਸ਼ਰਾਰਤੀ ਨੌਜਵਾਨਾਂ ਨੂੰ ਆਪਣੇ ਧਾਰਮਿਕ ਇਤਿਹਾਸ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਹੁੰਦੀ। ਹੁੱਲੜਬਾਜ਼ੀ ਕਰਦੇ ਅਜਿਹੇ ਨੌਜਵਾਨ ਸਾਰਿਆਂ ਲਈ ਪਰੇਸ਼ਾਨੀ ਖੜ੍ਹੀ ਕਰ ਰਹੇ ਹਨ ।ਧਾਰਮਕ ਮੇਲਿਆਂ ਵਿੱਚ ਲੜਾਈ ਝਗੜਾ, ਕਤਲ, ਲੁੱਟਖੋਹ ਜਿਹੀਆਂ ਵਾਰਦਾਤਾਂ ਆਮ ਹੋ ਗਈਆਂ ਹਨ । ਧਾਰਮਕ ਸਥਾਨਾਂ ਵੱਲ ਜਾਂਦੇ ਅਜਿਹੇ ਨੌਜਵਾਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਵਾਰ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ । ਕਿੰਨਾ ਚੰਗਾ ਹੋਵੇ, ਜੇ ਇਹ ਸਾਰੀਆਂ ਬੇਹੂਦਗੀਆਂ ਨਾ ਕੀਤੀਆਂ ਜਾਣ।ਨੌਜਵਾਨੀ ਨੂੰ ਅੱਜ ਬਚਾਉਣ ਦੀ ਲੋੜ ਹੈ।

**ਸੰਪਰਕ: 78889-66168**

2-DEC-PAGE-5.qxd 12/1/2025 9:24 PM Page 1



# ਪੀੜਤ ਆਟੋ ਚਾਲਕ ਨਿਰਮਲ ਸਿੰਘ ਵੱਲੋਂ ਤੀਸਰੇ ਦਿਨ ਵੀ ਪਰਵਾਰ ਸਮੇਤ ਧਰਨਾ

## ਇਨਸਾਫ਼ ਮਿਲਣ ਤੱਕ ਧਰਨਾ ਰਹੇਗਾ ਜਾਰੀ : ਮਜ਼ਦੂਰ ਮੁਕਤੀ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**

ਪਿਛਲੇ ਦਿਨੀਂ ਥਾਣਾ ਸਿਟੀ-2 ਮਾਨਸਾ ਵਿਖੇ ਗੱਲਬਾਤ ਲਈ ਬੁਲਾ ਕੇ ਕਰਤਾਰ ਆਟੋ ਏਜੰਸੀ ਦੇ ਮਾਲਕ ਤੇ ਪੀੜਤ ਧਿਰ ਦੇ ਨੌਜਵਾਨ, ਜਿਸ ਨੇ ਇੱਕ ਰਿਕਸ਼ਾ ਕਰਤਾਰ ਆਟੋ ਏਜੰਸੀ ਤੋਂ ਖ਼ਰੀਦਿਆ ਸੀ, ਉਸ ਦੇ ਪੱਕੇ ਬਿਲਾਂ ਦੀ ਮੰਗ ਨੂੰ ਲੈ ਕੇ ਏਜੰਸੀ ਮਾਲਕ ਦੇ ਨਾਲ ਕੁੱਝ ਝਗੜਾ ਚੱਲ ਰਿਹਾ ਸੀ। ਇਸ ਝਗੜੇ ਦੇ ਹੱਲ ਲਈ ਪੀੜਤ ਧਿਰ ਵੱਲੋਂ ਐੱਸ ਡੀ ਐੱਮ ਮਾਨਸਾ ਤੇ ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਬਾਕਾਇਦਾ ਲਿਖਤੀ ਦਰਖ਼ਾਸਤਾਂ ਦਿੱਤੀਆਂ ਗਈਆਂ ਸਨ, ਪਰ ਨਾ ਤਾਂ ਇਨਕਮ ਟੈਕਸ ਵਿਭਾਗ ਵੱਲੋਂ ਅਤੇ ਨਾ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਵੱਲੋਂ ਕਰਤਾਰ ਆਟੋ ਏਜੰਸੀ ਦੇ ਮਾਲਕ ਤੋਂ ਕੋਈ ਪੁੱਛ ਪੜਤਾਲ ਹੀ ਕੀਤੀ ਗਈ ਅਤੇ ਜੋ ਆਟੋ ਚਾਲਕਾਂ ਤੋਂ ਆਟੋ ਦੀ ਤੈਅ ਕੀਮਤ ਤੋਂ ਵੱਧ ਦੁੱਗਣੀ ਕੀਮਤ ਵਸੂਲੀ ਜਾ ਰਹੀ ਹੈ, ਉਸ ਦਾ ਵੀ ਅਜੇ ਤੱਕ ਇਨਸਾਫ ਨਹੀਂ ਦਵਾਇਆ ਗਿਆ।ਆਗੂਆਂ ਨੇ ਦੋਸ਼ ਲਗਾਇਆ ਕਿ ਇਸ ਰੰਜਿਸ਼ ਦੇ ਚਲਦਿਆਂ ਕਰਤਾਰ ਆਟੋ ਏਜੰਸੀ ਦੇ ਮਾਲਕ ਨੇ ਆਟੋ ਚਾਲਕ ਯੂਨੀਅਨ ਦੇ ਆਗੂ ਨਿਰਮਲ ਸਿੰਘ ਦੇ ਖਿਲਾਫ ਥਾਣਾ ਸਿਟੀ-2 ਵਿਖੇ ਅਰਜ਼ੀ ਦਿੱਤੀ ਤਾਂ ਅਰਜ਼ੀ ਦੇ ਬਹਾਨੇ ਬੁਲਾ ਕੇ ਏਜੰਸੀ ਮਾਲਕਾਂ ਨੇ ਸਿਟੀ-2 ਦੇ ਗੇਟ ਤੇ ਖੜੇ ਨਿਰਮਲ ਸਿੰਘ ਦੇ ਆਟੋ ਨੂੰ ਕਥਿਤ ਤੌਰ 'ਤੇ ਚੋਰੀ ਕਰ ਲਿਆ ਅਤੇ ਐੱਸ ਐੱਚ ਓ ਵੀ ਮੂਕ ਦਰਸ਼ਕ ਬਣ ਕੇ ਦੇਖਦਾ ਰਿਹਾ।

ਪੀੜਤ ਧਿਰ ਨੂੰ ਇਨਸਾਫ ਦਵਾਉਣ ਲਈ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਭੈਣੀਬਾਘਾ, ਜ਼ਿਲ੍ਹਾ ਆਗੂ ਗੁਰਮੁੱਖ ਸਿੰਘ ਸੱਦਾ ਸਿੰਘ ਵਾਲਾ, ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਰਾਜਵਿੰਦਰ ਸਿੰਘ ਰਾਣਾ, ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ ਘਰਾਗਣਾਂ, ਆਇਸਾ ਵੱਲੋਂ ਅਮਨਦੀਪ ਸਿੰਘ ਰਾਮਪੁਰ ਮੰਡੇਰ ਨੇ ਕਿਹਾ ਕਿ ਜਿੰਨਾ ਚਿਰ ਆਟੋ ਏਜੰਸੀ ਦੇ ਮਾਲਕ 'ਤੇ ਚੋਰੀ ਦਾ ਪਰਚਾ ਦਰਜ ਨਹੀਂ ਹੁੰਦਾ, ਉਦੋਂ ਤੱਕ ਧਰਨਾ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਜੋ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਉੱਤੇ ਕਾਬਜ਼ ਹੋਈ ਹੈ, ਅੱਜ ਮਜ਼ਦੂਰਾਂ ਗਰੀਬਾਂ ਨੂੰ ਇਨਸਾਫ ਦਿਵਾਉਣ ਲਈ ਨਾ ਹੀ ਉਸ ਦਾ ਕੋਈ ਨੁਮਾਇੰਦਾ ਤੇ ਨਾ ਹੀ ਉਸ ਦੀ ਪੁਲਸ ਗਰੀਬ ਲੋਕਾਂ ਦੇ ਨਾਲ ਹੱਕ ਵਿੱਚ ਖੜਦੀ ਦਿਖਾਈ ਦਿੰਦੀ ਹੈ।ਉਨ੍ਹਾਂ ਕਿਹਾ ਕਿ ਜਿੰਨਾ ਚਿਰ ਆਟੋ ਚਾਲਕਾਂ ਦੀ ਆਟੋ ਏਜੰਸੀ ਮਾਲਕਾਂ ਵੱਲੋਂ ਕੀਤੀ ਜਾਂਦੀ ਲੁੱਟ ਖਤਮ ਨਹੀਂ ਹੋ ਜਾਂਦੀ, ਤਦ ਤੱਕ ਸੰਘਰਸ਼ ਜਾਰੀ ਰਹੇਗਾ।ਧਰਨੇ ਨੂੰ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਆਗੂ ਹਾਕਮ ਸਿੰਘ ਖਿਆਲਾ ਕਲਾਂ, ਅੰਗਰੇਜ਼ ਸਿੰਘ ਘਰਾਂਗਣਾ, ਹਾਕਮ ਸਿੰਘ ਲੱਲੂਆਣਾ, ਸਾਬਕਾ ਫੌਜੀ ਚੇਤ ਸਿੰਘ, ਦਾਰਾ ਖਾਨ ਦਲੇਲ ਸਿੰਘ ਵਾਲਾ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਖਾਲਸਾ, ਸਾਬਕਾ ਸੈਕਟਰੀ ਰਜੀਵ ਕੁਮਾਰ, ਹੀਰਾ ਲਾਲ, ਦੀਪ ਸਿੰਘ, ਕਿਸ਼ੋਰੀ ਲਾਲ, ਸੰਗੀਤਾ ਰਾਣੀ, ਗੀਨਾ ਰਾਣੀ, ਮਮਤਾ ਰਾਣੀ ਤੇ ਤੀਰਨ ਆਦਿ ਹਾਜ਼ਰ ਸਨ।

# ਕਾਰ ਦੀ ਟੱਕਰ 'ਚ ਕੰਪਨੀ ਦੇ ਮੈਨੇਜਰ ਸਮੇਤ ਦੋ ਜ਼ਖ਼ਮੀ

**ਲਹਿਰਾਗਾਗਾ (ਗੀਤਵਾਲ)**-ਤੇਜ਼ ਰਫਤਾਰੀ ਕਾਰ ਦੀ ਟੱਕਰ ਕਾਰਨ ਇੱਕ ਕੰਪਨੀ ਦਾ ਮੈਨੇਜਰ ਤੇ ਉਸ ਦਾ ਦੋਸਤ ਸਖ਼ਤ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਅਮਰ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ।ਇਸ ਕਾਰਨ ਥਾਣਾ ਲਹਿਰਾ ਵਿਖੇ ਪਰਚਾ ਵੀ ਦਰਜ ਕੀਤਾ ਗਿਆ ਹੈ।ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਕਮਲ ਸ਼ਰਮਾ ਵਾਸੀ ਟਾਵਰ, ਥਾਣਾ ਨੁੱਕੜ, ਜ਼ਿਲ੍ਹਾ ਸਹਾਰਨਪੁਰ ਨੇ ਬਰਖਿਲਾਫ਼ ਗੁਰਦੀਪ ਸਿੰਘ ਵਾਸੀ ਘੋੜੇਨਬ, ਥਾਣਾ ਲਹਿਰਾ ਦੇ ਪਰਚਾ ਦਰਜ ਕਰਵਾਇਆ।ਇਸ ਵਿੱਚ ਪੀੜਤ ਕਮਲ ਸ਼ਰਮਾ ਨੇ ਦੱਸਿਆ ਕਿ ਮੈਂ ਇੰਡੀਅਨ ਲੋਨ ਗਰੁੱਪ ਕੰਪਨੀ ਵਿੱਚ ਬਤੌਰ ਮੈਨੇਜਰ ਕੰਮ ਕਰਦਾ ਹਾਂ।ਪਿਛਲੇ ਦਿਨੀਂ ਮੈਂ ਆਪਣੇ ਮੋਟਰਸਾਈਕਲ ਪਲਟੀਨਾ ਉੱਤੇ ਸ਼ਾਮ 7 ਵਜੇ ਦੇ ਕਰੀਬ ਆਪਣੇ ਦੋਸਤ ਬਲਕਾਰ ਸਿੰਘ ਵਾਸੀ ਭਵਾਨੀਗੜ੍ਹ ਨਾਲ ਜਦੋਂ ਨੇੜੇ ਸਟੇਡੀਅਮ ਲਹਿਰਾ ਪਹੁੰਚੇ ਤਾਂ ਇੱਕ ਕਾਰ ਨੰਬਰੀ ਪੀ ਬੀ 13 ਬੀ ਐੱਚ 4051 ਬੜੀ ਤੇਜ਼ ਰਫਤਾਰੀ ਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਮੋਟਰਸਾਈਕਲ ਵਿੱਚ ਮਾਰੀ, ਜਿਸ ਨਾਲ ਮੈਂ ਤੇ ਮੇਰਾ ਦੋਸਤ ਬਲਕਾਰ ਸਿੰਘ ਸਖਤ ਜ਼ਖ਼ਮੀ ਹੋ ਗਏ ਅਤੇ ਮੋਟਰਸਾਈਕਲ ਦਾ ਵੀ ਕਾਫੀ ਨੁਕਸਾਨ ਹੋਇਆ।ਸਾਨੂੰ ਦੋਵਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਲਹਿਰਾ ਦਾਖਲ ਕਰਵਾਇਆ ਗਿਆ, ਇਥੋਂ ਸਾਨੂੰ ਮੁਢਲੀ ਸਹਾਇਤਾ ਦੇ ਕੇ ਰੈਫਰ ਅਮਰ ਹਸਪਤਾਲ ਪਟਿਆਲਾ ਕਰ ਦਿੱਤਾ ਗਿਆ, ਜਿੱਥੇ ਸਾਡਾ ਇਲਾਜ ਚੱਲ ਰਿਹਾ ਹੈ।ਲਹਿਰਾ ਪੁਲਸ ਵੱਲੋਂ ਕਾਰ ਚਾਲਕ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ, ਜਦੋਂ ਕਿ ਦੋਸ਼ੀ ਦੀ ਗ੍ਰਿਫਤਾਰੀ ਬਾਕੀ ਹੈ।

# ਵਿਸ਼ਾਲ ਇਨਸਾਫ ਰੈਲੀ ਅੱਜ

**ਦੋਰਾਹਾ (ਹਰਮਿੰਦਰ ਸੇਠ)**-ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਹਰਦੇਵ ਸਿੰਘ ਸੰਧੂ ਉਸ ਦਾ ਘਰੇਲੂ ਵਿਵਾਦ ਦੇ ਵਿੱਚ ਬੈਂਕ ਤੇ ਵਿਰੋਧੀ ਧਿਰ ਵੱਲੋਂ ਕੀਤੇ ਗਏ ਘਪਲੇ ਵਿੱਚ ਇਨਸਾਫ ਨਹੀਂ ਮਿਲ ਰਿਹਾ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ ਤੇ ਸੁਦਾਗਰ ਸਿੰਘ ਘੁਡਾਨੀ ਨੇ ਦੱਸਿਆ ਕਿ ਉਹ ਕਾਫੀ ਵਾਰ ਅਧਿਕਾਰੀਆਂ ਤੇ ਪ੍ਰਸ਼ਾਸਨ ਨੂੰ ਵੀ ਮਿਲ ਚੁੱਕੇ, ਪਰ ਕੋਈ ਇਨਸਾਫ ਨਹੀਂ ਮਿਲਿਆ। ਪ੍ਰਸ਼ਾਸਨ ਮੰਨਦਾ ਹੈ ਕਿ ਘਪਲਾ ਹੋਇਆ ਹੈ, ਪਰ ਉਸ ਦੀ ਕੋਈ ਗੱਲਬਾਤ ਸਿਰੇ ਨਹੀਂ ਚੜ੍ਹੀ। ਇਸ ਕਰਕੇ 2 ਦਸੰਬਰ ਨੂੰ ਜਗਰਾਵਾਂ ਵਿਖੇ ਇਨਸਾਫ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਵੀ ਸ਼ਾਮਲ ਹੋ ਰਹੀਆਂ ਹਨ।

# ਪੰਜਾਬ ਸਰਕਾਰ ਨੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ : ਪੰਨੂ

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਾਲਾਨਾ ਸਮਾਰੋਹ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਆਮ ਆਦਮੀ ਪਾਰਟੀ ਦੇ ਸਕੱਤਰ ਜਨਰਲ ਤੇ ਮੀਡੀਆ ਐਡਵਾਈਜ਼ਰ (ਮੁੱਖ ਮੰਤਰੀ ਪੰਜਾਬ) ਸ. ਬਲਤੇਜ ਸਿੰਘ ਪੰਨੂ ਨੇ ਇੱਥੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਸਾਲਾਨਾ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਿੱਖਿਆ ਦਾ ਪੱਧਰ ਉੱਚਾ ਚੱਕਣ ਲਈ ਕੀਤੇ ਗਏ ਉਪਰਾਲਿਆਂ ਦਾ ਵਿਸ਼ੇਸ਼ ਵਰਨਣ ਕੀਤਾ।ਇਸ ਮੌਕੇ ਪਦਮਸ੍ਰੀ ਡਾ. ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਸੰਸਥਾਵਾਂ ਨੇ ਵੀ ਪੰਜਾਬ ਸਰਕਾਰ ਦੇ ਇਨ੍ਹਾਂ ਉਪਰਾਲਿਆਂ ਦੀ ਸਰਾਹਣਾ ਕੀਤੀ।ਇਸ ਮੌਕੇ ਡਾਇਰੈਕਟਰ ਜਸਵਿੰਦਰ ਕੌਰ ਦਰਦੀ, ਪ੍ਰਿੰਸੀਪਲ ਕੰਵਲਜੀਤ ਕੌਰ ਤੇ ਡਾਇਰੈਕਟਰ ਹਰਪ੍ਰੀਤ ਸਿੰਘ ਦਰਦੀ ਨੇ ਵੀ ਵਿਸ਼ੇਸ਼ ਭੂਮਿਕਾ ਅਦਾ ਕੀਤੀ।

ਇਸ ਮੌਕੇ ਬਲਤੇਜ ਸਿੰਘ ਪੰਨੂ ਨੇ ਜਿੱਥੇ ਪੰਜਾਬ ਸਰਕਾਰ ਦੇ ਸਿੱਖਿਆ ਪ੍ਰਤੀ ਵਿਸ਼ੇਸ਼ ਉਪਰਾਲਿਆਂ ਦਾ ਜ਼ਿਕਰ ਕੀਤਾ, ਉੱਥੇ ਹੀ ਸਮੁੱਚੇ ਦਰਦੀ ਪਰਵਾਰ ਵੱਲੋਂ ਸਿੱਖਿਆ ਵਿੱਚ ਪਾਏ ਯੋਗਦਾਨ ਦਾ ਵਿਸ਼ੇਸ਼ ਤੌਰ 'ਤੇ ਵਰਣਨ ਕਰਦਿਆਂ ਕਿਹਾ ਕਿ ਦਰਦੀ ਪਰਵਾਰ ਲੰਬੇ ਅਰਸੇ ਤੋਂ ਸਿੱਖਿਆ ਦੇ ਪੱਧਰ ਨੂੰ ਉੱਪਰ ਚੁੱਕਣ ਲਈ ਕੰਮ ਕਰ ਰਿਹਾ ਹੈ।ਉਹਨਾਂ ਕਿਹਾ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਜ ਤੇ ਹੋਰ ਜਿੰਨੀਆਂ ਵੀ ਦਰਦੀ ਪਰਵਾਰ ਦੀਆਂ ਸਿੱਖਿਆ ਸੰਸਥਾਵਾਂ ਹਨ, ਉਨ੍ਹਾਂ ਨੇ ਬੱਚਿਆਂ ਨੂੰ ਉੱਚ ਪੱਧਰ ਦੀ ਵਿੱਦਿਆ ਹਾਸਲ ਕਰਵਾਈ ਹੈ।ਇਸ ਮੌਕੇ ਡਾ ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਕਿ ਪੰਜਾਬ ਸਰਕਾਰ ਜਿਸ ਤਰ੍ਹਾਂ ਦੇ ਸਿੱਖਿਆ ਦੇ ਪੱਧਰ ਨੂੰ ਉੱਪਰ ਚੁੱਕਣ ਲਈ ਉਪਰਾਲੇ ਕਰ ਰਹੀ ਹੈ, ਉਸ ਨਾਲ ਪੰਜਾਬ ਵਿੱਚ ਖਾਸ ਕਰਕੇ ਗਰੀਬੀ ਤਬਕੇ ਨਾਲ ਸਬੰਧਤ ਵਿਦਿਆਰਥੀ ਦੀ ਪਹੁੰਚ ਵਿੱਚ ਇਹ ਪੜ੍ਹਾਈ ਹੋਈ ਹੈ।ਇਹ ਪਹਿਲੀ ਸਰਕਾਰ ਹੈ, ਜਿਸ ਨੇ ਪੰਜਾਬ ਦੇ ਵਿਦਿਆਰਥੀਆਂ ਲਈ ਇੰਨੇ ਵੱਡੇ ਪ੍ਰਬੰਧ ਉਹ ਵੀ ਮੁਫਤ ਵਿੱਚ ਕੀਤੇ ਹੋਣ।

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਗਿੱਧਾ, ਭੰਗੜਾ ਕਵਿਤਾ, ਗਾਇਨ ਤੇ ਹੋਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸਾਡੇ ਸਿਹਤ ਨਾਲ ਸੰਬੰਧਤ ਜੋ ਬਿਮਾਰੀਆਂ ਫੈਲਦੀਆਂ ਹਨ, ਉਨ੍ਹਾਂ ਦੇ ਮੁਕਾਬਲੇ ਵੀ ਸਹੀ ਫਾਸਟ ਫੂਡ ਬਣਾਉਣ ਲਈ ਕਰਵਾਏ ਗਏ।ਇਸ ਮੌਕੇ ਜੇਤੂ ਬੱਚਿਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਮੁਲਾਜ਼ਮ ਆਗੂ ਸੁਖਜੀਤ ਸਿੰਘ 'ਤੇ ਐੱਫ ਆਈ ਆਰ ਦਰਜ ਕਰਨ ਦੀ ਨਿੰਦਾ

## ਅੱਜ ਦੇਸ਼ ਭਰ ਦੇ ਮੁਲਾਜ਼ਮ ਸਾੜਨਗੇ ਐੱਫਆਈਆਰ ਦੀਆਂ ਕਾਪੀਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਸੀਪੀਐੱਫ ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ 'ਤੇ ਬੀਤੇ ਦਿਨ ਦਿੱਲੀ ਧਰਨੇ ਕਾਰਨ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਵੱਲੋਂ ਐੱਫਆਈਆਰ ਦਰਜ ਕੀਤੀ ਗਈ, ਜਿਸ ਦੀ ਸੀਪੀਐੱਫ ਕਰਮਚਾਰੀ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਪੁਰਜ਼ੋਰ ਨਿੰਦਾ ਕੀਤੀ ਜਾਂਦੀ ਹੈ। ਇਹ ਜਾਣਕਾਰੀ ਦਿੰਦੇ ਹੋਏ ਜਗਸੀਰ ਸਿੰਘ ਭਾਂਗਰ ਨੇ ਦੱਸਿਆ ਕਿ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹਰ ਵਰਗ ਦਾ ਸੰਵਿਧਾਨਕ ਹੱਕ ਹੈ, ਜਿਸ ਕਾਰਨ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ 25 ਨਵੰਬਰ 2025 ਨੂੰ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ ਵਿਖੇ ਕੌਮੀ ਪੱਧਰੀ ਧਰਨਾ ਦਿੱਤਾ ਗਿਆ ਸੀ। ਧਰਨੇ ਦੌਰਾਨ ਮੁਲਾਜ਼ਮਾਂ ਦੀ ਗਿਣਤੀ ਵੱਧ ਹੋਣ ਕਾਰਨ ਦਿੱਲੀ ਪੁਲਸ ਵੱਲੋਂ ਸੁਖਜੀਤ ਸਿੰਘ ਸਮੇਤ ਤਿੰਨ ਹੋਰ ਮੁਲਾਜ਼ਮ ਆਗੂਆਂ 'ਤੇ ਐੱਫਆਈਆਰ ਦਰਜ ਕਰ ਦਿੱਤੀ। ਦੱਸਣਯੋਗ ਹੈ ਕਿ 2 ਦਸੰਬਰ 2025 ਨੂੰ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਦੇ ਇਸ ਰਵੱਈਏ ਵਿਰੁੱਧ ਦੇਸ਼ ਭਰ ਵਿੱਚ ਜਾਵੇਗਾ। ਇਸੇ ਕੜੀ ਤਹਿਤ ਫਿਰੋਜ਼ਪੁਰ ਵਿਖੇ ਡੀ ਸੀ ਦਫਤਰ ਸਾਹਮਣੇ ਐੱਫ ਆਈ ਆਰ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।

## ਕਾਤਰਾਂ

### ਪੂਜਾ ਸਿਆਲ ਗਰੇਵਾਲ ਨੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੀ ਸੀ ਐੱਸ ਅਧਿਕਾਰੀ ਸ੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਉਹ ਰੂਪਨਗਰ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਜੋਂ ਤਾਇਨਾਤ ਸਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਆਪਣੇ ਦਫ਼ਤਰ 'ਚ ਅਹੁਦਾ ਸੰਭਾਲਣ ਮਗਰੋਂ ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਧਿਆਨ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਤੇ ਲੋਕ ਪੱਖੀ ਨੀਤੀਆਂ ਨੂੰ ਆਮ ਲੋਕਾਂ ਤੱਕ ਪੁਚਾਉਣ 'ਤੇ ਰਹੇਗਾ।ਉਹ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਤੁਰੰਤ ਹੱਲ ਕਰਨ ਲਈ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਹੋਰ ਸਰਲ ਤੇ ਪਾਰਦਰਸ਼ੀ ਬਣਾਉਣ ਲਈ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਪ੍ਰਸ਼ਾਸਨਿਕ ਖੇਤਰ 'ਚ ਲੰਮਾ ਤਜਰਬਾ ਰੱਖਣ ਵਾਲੇ ਸ਼੍ਰੀਮਤੀ ਪੂਜਾ ਸਿਆਲ ਗਰੇਵਾਲ, ਇਸ ਤੋਂ ਪਹਿਲਾਂ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਕਈ ਮਹੱਤਵਪੂਰਨ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਚੁੱਕੇ ਹਨ।

### ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਕਾਬੂ, ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ) ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਮੁਖਬਰ ਖਾਸ ਵੱਲੋਂ ਇਤਲਾਹ ਦਿੱਤੀ ਗਈ ਸੀ ਕਿ ਲਵਪ੍ਰੀਤ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ਼ ਫਲੀਆਂਵਾਲਾ, ਜੋ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੇਕਰ ਹੁਣੇ ਉਸਦੇ ਘਰ 'ਚ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਇਹ ਇਤਲਾਹ ਠੋਸ ਤੇ ਭਰੋਸੇਯੋਗ ਹੋਣ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਸਣੇ ਲਵਪ੍ਰੀਤ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਵਿਖੇ ਲਵਪ੍ਰੀਤ ਸਿੰਘ ਦੇ ਵਿਰੁੱਧ ਐਕਸਾਈਜ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਹੈਰੋਇਨ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਿਸ ਵੱਲੋਂ 43 ਗ੍ਰਾਮ ਹੈਰੋਇਨ, ਇੱਕ ਮੋਟਰ ਸਾਇਕਲ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਸ.ਆਈ. ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਥਾਣਾ ਵੈਰੋਕੇ ਏਰੀਏ 'ਚ ਮੌਜੂਦ ਸੀ ਅਤੇ ਜਦੋ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਪੁਲ ਸੇਮਨਾਲਾ ਬਾਹਮਣੀਵਾਲਾ ਕੋਲ ਪੁੱਜੀ ਤਾਂ ਸਾਹਮਣੇ ਤੋਂ ਇੱਕ ਮੋਟਰ ਸਾਇਕਲ ਤੇ ਦੋ ਮੋਨੇ ਨੌਜਵਾਨ ਸਵਾਰ ਹੋ ਕੇ ਆਉਂਦੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਘਬਰਾ ਕੇ ਮੋਟਰ ਸਾਇਕਲ ਇਕਦਮ ਪਿੱਛੇ ਮੋੜਨ ਲੱਗੇ ਤਾਂ ਮੋਟਰ ਸਾਇਕਲ ਬੰਦ ਹੋ ਗਿਆ, ਜਿਨ੍ਹਾਂ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਕੋਲੋ 43 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਹੈਰੋਇਨ ਅਤੇ ਇਕ ਮੋਟਰ ਸਾਇਕਲ ਨੰਬਰ ਪੀ.ਬੀ. 61ਈ-4548 ਸਮੇਤ ਅਜੇ ਸਿੰਘ ਪੁੱਤਰ ਸੁਖਦੀਪ ਸਿੰਘ ਵਾਸੀ ਭੜੋਲੀਵਾਲਾ ਹਾਲਾ ਅਬਾਦ ਢਾਬ ਕੜਿਆਲ ਤੇ ਗੁਰਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭੜੋਲੀਵਾਲਾ ਨੂੰ ਕਾਬੂ ਕਰਨ ਉਪਰੰਤ ਥਾਣਾ ਵੈਰੋਕੇ ਵਿਖੇ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਭਾਰਤੀ ਕਮਿਊਨਿਸਟ ਪਾਰਟੀ ਵੀ ਲੜੇਗੀ ਚੋਣਾਂ : ਕੁਲਦੀਪ ਭੋਲਾ, ਜਗਜੀਤ ਸਿੰਘ




**ਨਿਹਾਲ ਸਿੰਘ ਵਾਲਾ (ਲਵਲੀ)**-ਪੰਜਾਬ ਵਿੱਚ ਇਸ ਵੇਲੇ ਚੋਣਾਂ ਦਾ ਮੌਸਮ ਚੱਲ ਰਿਹਾ ਹੈ ਬਲਾਕ ਸੰਮਤੀ/ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦਾ ਐਲਾਨ ਹੋਇਆ ਗਿਆ ਹੈ।ਭਾਰਤੀ ਕਮਿਊਨਿਸਟ ਪਾਰਟੀ ਇਹ ਚੋਣਾਂ ਜੋਸ਼ੋ ਖਰੋਸ਼ ਨਾਲ ਲੜੇਗੀ ਅਤੇ ਚੋਣ ਮੈਦਾਨ ਵਿੱਚ ਆਪਣੇ ਉਮੀਦਵਾਰ ਉਤਾਰੇਗੀ।ਨਿਹਾਲ ਸਿੰਘ ਵਾਲਾ ਵਿਖੇ ਹੋਈ ਮੀਟਿੰਗ ਵਿੱਚ ਇਹ ਜਾਣਕਾਰੀ ਦਿੰਦਿਆਂ ਪਾਰਟੀ ਦੇ ਜ਼ਿਲ੍ਹਾ ਸੈਕਟਰੀ ਕੁਲਦੀਪ ਭੋਲਾ ਨੇ ਪਾਰਟੀ ਇਹ ਚੋਣਾਂ ਹਮਖਿਆਲ ਰਾਜਸੀ ਨਾਲ ਰਲ ਕੇ ਲੜਨਾ ਚਾਹੁੰਦੀ ਹੈ ਤਾਂ ਕਿ ਕਰਜ਼ੇ ਜਾਲ ਵਿੱਚ ਉਣ ਦਿੱਤੇ ਗਏ ਅਤੇ ਜੰਗਲ ਰਾਜ ਵੱਲ ਧੱਕ ਦਿੱਤੇ ਗਇਆਂ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਪਾਰਟੀ ਲੋਕਾਂ ਨੂੰ ਅਪੀਲ ਕਰੇਗੀ ਕਿ ਸਾਨੂੰ ਕਿਰਤ ਕਰਕੇ ਖਾਣ ਵਾਲੇ ਲੋਕਾਂ ਦੇ ਹੱਕਾਂ ਹਿੱਤਾਂ ਪਹਿਚਾਣ ਕਰਦਿਆਂ ਇਨ੍ਹਾਂ ਦੀ ਰਾਖੀ ਕਰਨ ਵਾਲੀ ਰਾਜਸੀ ਧਿਰ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ।ਉਹਨਾਂ ਕਿਹਾ ਕਿ ਅੱਜ ਆਮ ਮਨੁੱਖ ਦਾ ਜਨਜੀਵਨ ਤੰਗੀਆਂ ਤੁਰਸ਼ੀਆਂ ਵਾਲਾ ਹੋ ਕੇ ਰਹਿ ਗਿਆ ਹੈ।ਅੱਜ ਦੇ ਸਮਾਜ ਵਿੱਚ ਮਨੁੱਖ ਨੂੰ ਵਧੀਆ ਸਿਹਤ ਸਹੂਲਤਾਂ/ ਵਿਗਿਆਨਕ ਵਿੱਦਿਆ ਤੇ ਹਰ ਇੱਕ ਨੂੰ ਉਸ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਦੀ ਗਰੰਟੀ ਵਰਗੇ ਕਾਨੂੰਨ ਬਣਾਉਣ ਦੀ ਲੋੜ ਹੈ। ਭਾਰਤੀ ਕਮਿਊਨਿਸਟ ਪਾਰਟੀ ਇਸ ਨੂੰ ਗੱਲ ਦਾ ਮਾਣ ਕਰਦੀ ਹੈ ਕਿ ਆਮ ਲੋਕਾਂ ਨੇ ਜਦੋਂ ਵੀ ਪਾਰਟੀ ਹੱਥ ਤਾਕਤ ਦਿੱਤੀ ਹੈ ਭਾਵੇਂ ਉਹ ਕਿਸੇ ਵੀ ਪੱਧਰ ਦੀ ਹੋਵੇ, ਪਾਰਟੀ ਦੇ ਨੁਮਾਇੰਦਿਆਂ ਨੇ ਲੋਕਾਂ ਦੇ ਹੱਕ ਵਿੱਚ ਕੰਮ ਕੀਤਾ ਹੈ।ਇਸ ਮੌਕੇ ਬਲਾਕ ਸਕੱਤਰ ਕਾਮਰੇਡ ਜਗਜੀਤ ਸਿੰਘ ਨੇ ਗੱਲ ਕਰਦਿਆਂ ਕਿਹਾ ਕਿ ਕਮਿਊਨਿਸਟ ਵਿਚਾਰਧਾਰਾ ਬਰਾਬਰੀ ਦੇ ਸਮਾਜ ਦੀ ਗੱਲ ਕਰਦੀ ਹੈ।ਉਹਨਾਂ ਕਿਹਾ ਕਿ ਸਰਕਾਰਾਂ ਨੇ ਸਰਕਾਰੀ ਮਹਿਕਮਿਆਂ ਨੂੰ ਬਰਬਾਦ ਕਰ ਦਿੱਤਾ ਹੈ। ਨਾ ਕੋਈ ਨਵੀਂ ਭਰਤੀ ਤੇ ਨਾ ਹੀ ਸਰਕਾਰੀ ਮਹਿਕਮਿਆਂ ਦੀ ਉਸਾਰੀ ਵੱਲ ਧਿਆਨ ਕੀਤਾ ਜਾ ਰਿਹਾ ਹੈ। ਸਗੋਂ ਸਰਕਾਰਾਂ ਦਾ ਸਰਕਾਰੀ ਅਦਾਰੇ ਵੇਚਣ ਵੱਲ ਵਧੇਰੇ ਧਿਆਨ ਦੇ ਰਹੀਆਂ ਹਨ। ਭਾਰਤੀ ਕਮਿਊਨਿਸਟ ਪਾਰਟੀ ਲੋਕਾਂ ਦੀ ਧਿਰ ਬਣ ਕੇ ਚੋਣ ਮੈਦਾਨ ਵਿੱਚ ਆਏਗੀ। ਅਸੀਂ ਆਮ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਲੋਕਪੱਖੀ ਸਿਆਸਤ ਦਾ ਸਾਥ ਦੇਣ। ਇਸ ਮੌਕੇ ਕਾਮਰੇਡ ਗੁਰਦਿੱਤ ਦੀਨਾ , ਕਾਮਰੇਡ ਮਹਿੰਦਰ ਧੂੜਕੋਟ , ਸਿਕੰਦਰ ਮਧੇਕੇ , ਗੁਰਪ੍ਰੀਤ ਕੌਰ ਬੀੜ ਰਾਊਕੇ , ਬੂਟਾ ਰਾਊਕੇ , ਮੁਕੰਦ ਕੁੱਸਾ , ਰਾਜਿੰਦਰ ਤਖਤੂਪੁਰਾ , ਜਗਸੀਰ ਮੀਨੀਆ ਆਦਿ ਆਗੂ ਹਾਜ਼ਰ ਸਨ।

# ਭਾਰਤ ਮਾਲਾ ਕੌਮੀ ਸ਼ਾਹ ਮਾਰਗ ਬਣਾ ਰਹੀ ਕੰਪਨੀ ਦੇ ਚਾਰ ਟਰਾਲੇ ਚੋਰੀ

ਮੋਗਾ (ਇਕਬਾਲ ਸਿੰਘ ਖਹਿਰਾ)-ਜਲੰਧਰ ਵਾਇਆ ਮੋਗਾ ਰਾਹੀਂ ਬਠਿੰਡਾ ਨੂੰ ਜਾਣ ਵਾਲੇ ਭਾਰਤ ਮਾਲਾ ਕੌਮੀ ਸ਼ਾਹ ਮਾਰਗ ਨੂੰ ਬਣਾ ਰਹੀ ਕੰਪਨੀ ਦੇ ਸਬ ਕੰਟਰੈਕਟਰ, ਜਿਨ੍ਹਾਂ ਕੋਲ ਭਰਤੀ ਦਾ ਕੰਮ ਹੈ, ਦੇ ਵਾਰੋ-ਵਾਰੀ ਲਗਾਤਾਰ ਟਰਾਲੇ ਚੋਰੀ ਹੋਣ ਕਰਕੇ ਕੰਪਨੀ ਮਾਲਕ ਅੰਤਾਂ ਦੀ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਿਹਾ ਹੈ।ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭਾਵੇਂ ਤਿੰਨ ਟਰਾਲੇ ਪਹਿਲਾਂ ਵੀ ਚੋਰੀ ਹੋ ਚੁੱਕੇ ਹਨ, ਜਿਨ੍ਹਾਂ ਦਾ ਹਾਲੇ ਤੱਕ ਕੋਈ ਥੁਹ-ਪਤਾ ਨਹੀਂ ਸੀ ਲੱਗਾ ਕਿ ਬੀਤੇ ਕੱਲ੍ਹ ਇਕ ਹੋਰ ਟਰਾਲਾ ਚੋਰੀ ਹੋਣ ਮਗਰੋਂ ਕੰਪਨੀ ਮਾਲਕ ਹੋਰ ਵੀ ਚਿੰਤਾ ਵਿੱਚ ਡੁੱਬ ਗਿਆ ਹੈ।ਪੁਲਸ ਨੂੰ ਦਰਜ ਕਰਵਾਏ ਬਿਆਨਾਂ ਵਿੱਚ ਵਿਕਾਸ ਗੋਇਲ ਪੁੱਤਰ ਦਿਯਾਨੰਦ ਗੋਇਲ ਵਾਸੀ ਬਠਿੰਡਾ ਨੇ ਕਿਹਾ ਕਿ ਉਹ ਜੈ ਸ਼ਿਵ ਸ਼ੰਕਰ ਟਰਾਂਸਪੋਰਟ ਕੰਪਨੀ ਵਿੱਚ ਬਤੌਰ ਮੈਨੇਜਰ ਕੰਮ ਕਰਦਾ ਹੈ ਤੇ ਕੰਪਨੀ ਦੇ ਟਰਾਲੇ ਟਿੱਪਰ ਵੱਖ ਵੱਖ ਥਾਵਾਂ 'ਤੇ ਭਾਰਤ ਮਾਲਾ ਪ੍ਰਾਜੈਕਟ ਨੂੰ ਪੂਰਾ ਕਰਨ ਦੇ ਲਈ ਮਿੱਟੀ ਪਾ ਰਹੇ ਹਨ।ਬੀਤੇ ਕੱਲ੍ਹ ਕੰਪਨੀ ਡਰਾਈਵਰ ਬਲਵੀਰ ਸਿੰਘ ਨਿਵਾਸੀ ਹਿੰਮਤਪੁਰਾ (ਮੋਗਾ) 29 ਨਵੰਬਰ ਦੀ ਰਾਤ ਨੂੰ ਕਰੀਬ 9 ਵਜੇ ਕੰਪਨੀ ਦਾ ਟਿੱਪਰ ਪੀਬੀ 3 ਬੀ.ਜੀ 4667 ਰਾਮਗੜ੍ਹ ਫਿਲਿੰਗ ਸਟੇਸ਼ਨ ਦੀ ਬੈਕਸਾਈਡ 'ਤੇ ਲਗਾ ਕੇ ਆਪਣੇ ਘਰ ਚਲਾ ਗਿਆ, ਜਦੋਂ ਸਵੇਰੇ ਘਰ ਆ ਕੇ ਦੇਖਿਆ ਤਾਂ ਟਰਾਲਾ ਗਾਇਬ ਸੀ।ਉਨ੍ਹਾਂ ਆਖਿਆ ਇਸ ਸਬੰਧੀ ਥਾਣਾ ਟੱਲੇਵਾਲ ਵਿਖੇ ਸੂਚਨਾ ਦਿੱਤੀ ਹੈ।ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਪੀੜਤ ਨੇ ਮੋਗਾ, ਬਰਨਾਲਾ ਤੇ ਬਠਿੰਡਾ ਦੇ ਇਲਾਵਾ ਆਸ-ਪਾਸ ਲੱਗਦੇ ਜ਼ਿਲ੍ਹਿਆਂ ਦੇ ਪੁਲਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਟਰਾਲੇ ਲੱਭ ਕੇ ਚੋਰਾਂ ਵਿਰੁੱਧ ਕਾਰਵਾਈ ਕੀਤੀ ਜਾਵੇ।ਦੂਜੇ ਪਾਸੇ ਪੀੜਤ ਨੇ ਇਹ ਵੀ ਆਖਿਆ ਕਿ ਜੇਕਰ ਕੋਈ ਸੂਚਨਾ ਦੇਵੇਗਾ ਤਾਂ ਉਹ ਪੰਜ ਲੱਖ ਰੁਪਏ ਦਾ ਇਨਾਮ ਵੀ ਦੇਵੇਗਾ।

# ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਕਮੇਟੀ ਚੋਣਾਂ ਨੂੰ ਲੈ ਕੇ ਮੀਟਿੰਗ 'ਚ ਕਾਨੂੰਨ-ਵਿਵਸਥਾ 'ਤੇ ਸਰਕਾਰ ਨੂੰ ਘੇਰਿਆ

## ਧਾਂਦਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਨਸ਼ੇ ਤੇ ਗੈਂਗਸਟਰਵਾਦ 'ਤੇ ਸਰਕਾਰ ਪੂਰੀ ਤਰ੍ਹਾਂ ਫੇਲ੍ਹ : ਰਮਿੰਦਰ ਆਵਲਾ



**ਜਲਾਲਾਬਾਦ (ਜੀਤ ਕੁਮਾਰ, ਬਲਵਿੰਦਰ ਸਿੰਘ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਕਮੇਟੀ ਚੋਣਾਂ ਸੰਬੰਧੀ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੱਲੋਂ ਕਾਂਗਰਸੀ ਵਰਕਰਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ, ਜਿਸ ਵਿੱਚ ਆਉਣ ਵਾਲੀਆਂ ਚੋਣਾਂ ਲਈ ਵਿਸ਼ੇਸ਼ ਰਣਨੀਤੀ 'ਤੇ ਚਰਚਾ ਹੋਈ।

ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਆਵਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਉਹ ਵਰਕਰ, ਜੋ ਚੋਣ ਲੜਨਾ ਚਾਹੁੰਦੇ ਹਨ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਕੇ ਅਗਲੀ ਚੋਣ ਯੋਜਨਾ ਤੈਅ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਰੇ ਵਰਕਰਾਂ ਦੇ ਨਾਲ ਪੂਰੀ ਮਜ਼ਬੂਤੀ ਤੇ ਇੱਕਜੁੱਟਤਾ ਨਾਲ ਖੜੇ ਹਨ। ਸ੍ਰੀ ਆਵਲਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਕਮੇਟੀ ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਧਾਂਦਲੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇ ਲੋਕਾਂ ਦੀ ਆਵਾਜ਼ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ ਤਾਂ ਕਾਂਗਰਸ ਪਾਰਟੀ ਉਸ ਦਾ ਡੱਟ ਕੇ ਮੁਕਾਬਲਾ ਕਰੇਗੀ। ਆਵਲਾ ਨੇ ਆਪਣੀ ਪਾਰਟੀ ਦੀ ਏਕਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਕਿਸੇ ਵੀ ਤਰ੍ਹਾਂ ਦੇ ਆਪਸੀ ਮਤਭੇਦ ਨਹੀਂ ਹਨ। ਪਾਰਟੀ ਪੂਰੀ ਤਰ੍ਹਾਂ ਇੱਕਜੁੱਟ ਹੈ ਤੇ ਸਾਰੇ ਵਰਕਰ ਇੱਕ-ਦੂਜੇ ਨਾਲ ਮਜ਼ਬੂਤੀ ਨਾਲ ਖੜੇ ਹਨ। ਸਾਡਾ ਮਕਸਦ ਕੇਵਲ ਲੋਕਾਂ ਦਾ ਭਲਾ ਤੇ ਲੋਕਤੰਤਰ ਦੀ ਰੱਖਿਆ ਹੈ। ਰਮਿੰਦਰ ਆਵਲਾ ਨੇ ਸੂਬਾ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਤੇ ਕਾਨੂੰਨ-ਵਿਵਸਥਾ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਗੈਂਗਸਟਰਵਾਦ ਤੇ ਨਸ਼ੇ ਦਾ ਨੈਕਸਸ ਖੁੱਲ੍ਹੇਆਮ ਕੰਮ ਕਰ ਰਿਹਾ ਹੈ। ਰੋਜ਼ਾਨਾ ਫਿਰੌਤੀ, ਧਮਕੀਆਂ ਤੇ ਅਪਰਾਧਿਕ ਮਾਮਲਿਆਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਪਰ ਸਰਕਾਰ ਤੇ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਨਾਕਾਮ ਸਾਬਿਤ ਹੋਇਆ ਹੈ। ਉਨ੍ਹਾਂ ਗੁਰੂ ਹਰਸਹਾਏ ਵਿੱਚ ਅੱਠਵੀਂ ਕਲਾਸ ਦੇ ਵਿਦਿਆਰਥੀ ਦੀ ਨਸ਼ੇ ਨਾਲ ਹੋਈ ਦਰਦਨਾਕ ਮੌਤ ਦਾ ਉਦਾਹਰਨ ਦੇ ਕੇ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਿੰਨਾ ਫੈਲ ਚੁੱਕਾ ਹੈ, ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮੀਟਿੰਗ ਦੌਰਾਨ ਵਰਕਰਾਂ ਨੇ ਪੂਰੀ ਏਕਤਾ ਤੇ ਮਜ਼ਬੂਤੀ ਨਾਲ ਚੋਣ ਲੜਨ ਦਾ ਸੰਕਲਪ ਲਿਆ ਤੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਚੁੱਕਣਾ ਤੇ ਉਨ੍ਹਾਂ ਦਾ ਹੱਲ ਲੱਭਣਾ ਉਨ੍ਹਾਂ ਦੀ ਪਹਿਲੀ ਪ੍ਰਾਥਮਿਕਤਾ ਹੈ।

# ਨਸ਼ਿਆਂ ਖਿਲਾਫ ਪੁਲਸ ਦੀ ਵੱਡੀ ਕਾਰਵਾਈ

## ਚਾਰ ਸਬ-ਡਵੀਜ਼ਨਾਂ 'ਚ ਇਕੋ ਸਮੇਂ ਚੱਲਿਆ ਵੱਡਾ ਕਾਸੋ ਸਰਚ ਆਪ੍ਰੇਸ਼ਨ, 11 ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਸ੍ਰੀ ਅਭਿਮੰਨਿਊ ਰਾਣਾ, (ਆਈ.ਪੀ.ਐੱਸ.) ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਇਕੋ ਸਮੇਂ ਜ਼ਿਲ੍ਹੇ ਦੀਆਂ ਚਾਰ ਸਬ ਡਵੀਜ਼ਨਾਂ (ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ) ਵਿੱਚ ਵੱਡੇ ਪੱਧਰ 'ਤੇ ਸਵੇਰੇ 07 ਵਜੇ ਤੋਂ ਬਾਅਦ ਦੁਪਹਿਰ 12 ਵਜੇ ਤੱਕ ਸਰਚ ਆਪ੍ਰੇਸ਼ਨ ਕਾਸੋ ਕੀਤਾ ਗਿਆ।ਇਸ ਸਰਚ ਓਪਰੇਸ਼ਨ ਦੌਰਾਨ ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਸ (ਡੀ), ਸ੍ਰੀ ਅੰਗਰੇਜ਼ ਸਿੰਘ ਡੀ.ਐੱਸ.ਪੀ. (ਮਲੋਟ), ਸ੍ਰੀ ਹਰਬੰਸ ਸਿੰਘ ਡੀ.ਐੱਸ.ਪੀ. (ਲੰਬੀ), ਸ੍ਰੀ ਅਰੁਣ ਮੁੰਡਨ ਡੀ.ਐੱਸ.ਪੀ. (ਗਿੱਦੜਬਾਹਾ), ਬਚਨ ਸਿੰਘ (ਸ੍ਰੀ ਮੁਕਤਸਰ ਸਾਹਿਬ), ਮੁੱਖ ਅਫਸਰਾਨ ਸਮੇਤ 220, ਕਰਮਚਾਰੀ ਤਾਇਨਾਤ ਕੀਤੇ ਗਏ ਸਨ।ਇਸ ਸਰਚ ਮੁਹਿੰਮ ਦੌਰਾਨ ਸਬ ਡਵੀਜ਼ਨਾਂ ਦੇ ਵੱਖ ਵੱਖ ਪਿੰਡਾਂ, ਮਹੱਲਿਆਂ ਤੇ ਸੱਥਾਂ ਵਿੱਚ ਸ਼ੱਕੀ ਵਿਅਕਤੀਆਂ ਦੇ ਟਿਕਾਣਿਆਂ 'ਤੇ ਰੇਡ ਕੀਤੇ ਗਏ।ਇਸ ਤੋਂ ਇਲਾਵਾ, ਜਿਨ੍ਹਾਂ ਵਿਅਕਤੀਆਂ ਖਿਲਾਫ ਪਹਿਲਾਂ ਤੋਂ ਮੁਕੱਦਮੇ ਦਰਜ ਸਨ, ਉਨ੍ਹਾਂ ਦੇ ਟਿਕਾਣਿਆਂ ਦੀ ਵੀ ਚੈਕਿੰਗ ਕੀਤੀ ਗਈ।ਪੁਲਸ ਪਾਰਟੀਆਂ ਵੱਲੋਂ ਪਿੰਡਾਂ ਦੀਆਂ ਗਲੀਆਂ ਤੇ ਸੁੰਨੇ ਪਏ ਸ਼ੱਕੀ ਘਰਾਂ ਦੀ ਤਲਾਸ਼ੀ ਕੀਤੀ ਗਈ।ਸ਼ੱਕੀ ਨੌਜਵਾਨਾਂ ਦੀ ਹਿਸਟਰੀ ਚੈੱਕ ਕਰਕੇ, ਉਨ੍ਹਾਂ ਦੇ ਮੋਬਾਈਲ ਦੀ ਵੀ ਜਾਂਚ ਕੀਤੀ ਗਈ।ਸਰਚ ਮੁਹਿੰਮ ਦੌਰਾਨ ਪੁਲਸ ਵੱਲੋਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ ਤੇ ਇਲਾਕਾ ਵਾਸੀਆਂ ਨੂੰ ਇਹ ਭਰੋਸਾ ਦਿਵਾਇਆ ਗਿਆ ਕਿ ਪੁਲਸ ਹਮੇਸ਼ਾ ਉਨ੍ਹਾਂ ਦੀ ਸਹਾਇਤਾ ਲਈ ਤਿਆਰ ਹੈ।ਸਰਚ ਮੁਹਿੰਮ ਦੌਰਾਨ ਪੁਲਸ ਵੱਲੋਂ ਏਰੀਏ ਨੂੰ ਸੀਲ ਕੀਤਾ ਗਿਆ ਤੇ ਨਾਕਾਬੰਦੀ ਕਰਕੇ ਨਸ਼ਾ ਤਕਸਰਾਂ, ਵਾਹਨਾਂ ਤੇ ਸ਼ੱਕੀ ਨੰਬਰ ਪਲੇਟਾਂ ਵਾਲੀਆਂ ਗੱਡੀਆਂ ਦੀ ਜਾਂਚ ਲਈ ਐਪ ਦੀ ਮਦਦ ਲਈ ਗਈ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਐਪ ਦੀ ਵਰਤੋਂ ਕੀਤੀ ਗਈ।ਕਾਸੋ ਆਪ੍ਰੇਸ਼ਨ ਦੌਰਾਨ ਵੱਖ ਵੱਖ ਥਾਣਿਆਂ ਵਿੱਚ 11 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਪਾਸੋਂ 110 ਨਸ਼ੀਲੀਆਂ ਗੋਲੀਆਂ, 38 ਗ੍ਰਾਮ ਹੈਰੋਇਨ, 20 ਲੀਟਰ ਲਾਹਣ ਬਰਾਮਦ ਕੀਤੀ ਗਈ, ਜਿਨ੍ਹਾਂ ਖਿਲਾਫ ਅੱਗੇ 9 ਮੁਕੱਦਮੇ ਦਰਜ ਕੀਤੇ ਜਾ ਰਹੇ ਹਨ।ਐਸ.ਐਸ.ਪੀ. ਨੇ ਸਪਸ਼ਟ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਨਸ਼ਿਆਂ ਲਈ ਕੋਈ ਥਾਂ ਨਹੀਂ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਜ਼ਿਲ੍ਹੇ ਵਿੱਚ ਪੁਲਸ ਵੱਲੋਂ ਲਗਾਤਾਰ ਸਖ਼ਤ ਤਰੀਕੇ ਨਾਲ ਸਰਚ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਤੇ ਇਹ ਕਾਰਵਾਈ ਭਵਿੱਖ ਵਿੱਚ ਹੋਰ ਵੀ ਤੇਜ਼ ਕੀਤੀ ਜਾਵੇਗੀ।

# ਮਹਿੰਦਰ ਸਿੰਘ ਲਦਾਲ ਨੂੰ 34ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ

## ਠੇਕੇਦਾਰੀ ਸਿਸਟਮ ਖਿਲਾਫ਼ ਲੜਦਿਆਂ ਸਾਥੀ ਲਦਾਲ ਨੇ ਦਿੱਤੀ ਸ਼ਹਾਦਤ : ਸੋਹੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਲਾਲ ਝੰਡਾ ਐੱਫ ਸੀ ਆਈ ਵਰਕਰਜ਼ ਐਂਡ ਪੱਲੇਦਾਰ ਯੂਨੀਅਨ ਪੰਜਾਬ (ਸੀਟੂ) ਵੱਲੋਂ ਸਾਥੀ ਮਹਿੰਦਰ ਸਿੰਘ ਲਦਾਲ ਦੀ 34ਵੀਂ ਬਰਸੀ ਸੰਗਰੂਰ ਡਿੱਪੂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ।ਇਸ ਮੌਕੇ ਸੀਟੂ ਦੇ ਆਗੂ ਤੇ ਪੱਲੇਦਾਰ ਯੂਨੀਅਨ ਦੇ ਸੂਬਾਈ ਆਗੂ ਕਾਮਰੇਡ ਰਾਮ ਸਿੰਘ ਸੋਹੀਆਂ ਨੇ ਕਿਹਾ ਕਿ ਸਾਥੀ ਮਹਿੰਦਰ ਸਿੰਘ ਲਦਾਲ ਨੇ ਠੇਕੇਦਾਰੀ ਸਿਸਟਮ ਖਿਲਾਫ਼ ਤੇ ਮਜ਼ਦੂਰਾਂ ਦੇ ਮਸਲੇ ਹੱਲ ਕਰਵਾਉਣ ਲਈ ਸਰਕਾਰ ਖਿਲਾਫ਼ ਲੜੇ ਜਾ ਰਹੇ ਸੰਘਰਸ਼ ਦੌਰਾਨ 1991 'ਚ ਆਪਣੀ ਸ਼ਹਾਦਤ ਦਿੱਤੀ।ਉਨ੍ਹਾਂ ਕਿਹਾ ਕਿ ਅੱਜ ਵੀ ਸਰਕਾਰਾਂ ਠੇਕੇਦਾਰੀ ਸਿਸਟਮ ਰਾਹੀਂ ਮਜ਼ਦੂਰਾਂ ਦੀ ਲੁੱਟ ਕਰਵਾ ਰਹੀਆਂ ਹਨ।ਸੀਟੂ ਲਗਾਤਾਰ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ਼ ਸੰਘਰਸ਼ਾਂ ਦੇ ਮੈਦਾਨ ਵਿੱਚ ਡਟੀ ਹੋਈ ਹੈ। ਇਸ ਮੌਕੇ ਡਿੱਪੂ ਪ੍ਰਧਾਨ ਰੋਹੀ ਸਿੰਘ ਧਾਂਦਰਾ, ਜਨਰਲ ਸਕੱਤਰ ਜਗਪਾਲ ਸਿੰਘ ਛੰਨਾ, ਮੀਤ ਪ੍ਰਧਾਨ ਤੇਜਾ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਮਹਿੰਦਰ ਸਿੰਘ ਲਦਾਲ ਦੇ ਪਰਿਵਾਰਕ ਮੈਂਬਰਾਂ ਬੇਟੀ ਬੰਤ ਕੌਰ ਤੇ ਰਾਣੀ ਕੌਰ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਟੇਜ ਦੀ ਕਾਰਵਾਈ ਕਾਮਰੇਡ ਕਰਮ ਸਿੰਘ ਉੱਪਲੀ ਨੇ ਨਿਭਾਈ ਤੇ ਬਰਸੀ 'ਤੇ ਪਹੁੰਚੇ ਸਾਰੇ ਸਾਥੀਆਂ ਦਾ ਧੰਨਵਾਦ ਰੋਹੀ ਸਿੰਘ ਨੇ ਕੀਤਾ। ਇਸ ਮੌਕੇ ਕਾਮਰੇਡ ਸਤਵੀਰ ਤੁੰਗਾਂ, ਰਾਮ ਆਸਰਾ ਲਦਾਲ, ਕਮੇਟੀ ਮੈਂਬਰ ਬਲਵੀਰ ਸਿੰਘ, ਰਾਜ ਸਿੰਘ, ਕਾਲਾ ਖਾਂ, ਦਰਸ਼ਨ ਸਿੰਘ, ਤੇਜਾ ਸਿੰਘ ਖੋਖਰ, ਜਗਸੀਰ ਸਿੰਘ, ਜੰਟਾ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਪੱਲੇਦਾਰ ਸਾਥੀ ਹਾਜ਼ਰ ਸਨ।

# ਸਰਕਾਰ ਦੀ ਬੇਧਿਆਨੀ ਕਾਰਨ ਸੜਕਾਂ ਦੀ ਮੰਦੀ ਹਾਲਤ : ਦਲੀਪ ਸਿੰਘ



**ਹਠੂਰ (ਨਛੱਤਰ ਸੰਧੂ)**-ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅੱਜ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਤੇ ਸੀਨੀਅਰ ਆਗੂ ਜਥੇਦਾਰ ਦਲੀਪ ਸਿੰਘ ਚਕਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਬਣਿਆਂ ਚਾਰ ਸਾਲ ਬੀਤ ਚੁੱਕੇ ਹਨ, ਪਰ ਹਾਲੇ ਤੱਕ ਪਿੰਡ ਤੇ ਸ਼ਹਿਰਾਂ ਦਾ ਕਿਸੇ ਪਾਸਿਓਂ ਵੀ ਰੱਤੀ ਭਰ ਵਿਕਾਸ ਨਹੀਂ ਹੋਇਆ, ਜਿਸ ਨੂੰ ਲੈ ਕੇ ਪੰਜਾਬ ਦੇ ਲੋਕਾਂ ਵਿੱਚ ਭਾਰੀ ਰੋਹ ਪਾਇਆ ਜਾ ਰਿਹਾ ਹੈ।ਜਥੇਦਾਰ ਚਕਰ ਨੇ ਕਿਹਾ ਕਿ ਜਿੱਥੇ ਸਮੁੱਚੇ ਪੰਜਾਬ ਦੀਆਂ ਸੜਕਾਂ ਦੀ ਮੰਦੀ ਹਾਲਤ ਹੈ, ਉਥੇ ਜਗਰਾਓਂ ਹਲਕੇ ਦੀਆਂ ਸੜਕਾਂ ਪਿਛਲੇ ਲੰਮੇ ਸਮੇਂ ਤੋਂ ਟੁੱਟ ਚੁੱਕੀਆਂ ਹੋਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਕਈ ਵਾਰੀ ਤਾਂ ਇਨ੍ਹਾਂ ਸੜਕਾਂ 'ਤੇ ਭਿਆਨਕ ਹਾਦਸੇ ਹੋਣ ਕਾਰਨ ਕੀਮਤੀ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਨੂੰ ਵਿਕਾਸ ਪੱਖੋਂ ਮੋਹਰੀ ਰੱਖਿਆ ਜਾਵੇਗਾ ਅਤੇ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਸੜਕਾਂ ਨੂੰ ਪਹਿਲਾਂ ਦੇ ਅਧਾਰ 'ਤੇ ਬਣਾਇਆ ਜਾਵੇਗਾ, ਪਰ ਮੁੱਖ ਮੰਤਰੀ ਦਾ ਇਹ ਬਿਆਨ ਖੋਖਲਾ ਤੇ ਝੂਠਾ ਸਾਬਿਤ ਹੋਇਆ ਹੈ ਕਿ ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲੀ ਇਹ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖਰੀ ਨਹੀਂ ਉਤਰੀ।ਜਥੇਦਾਰ ਚਕਰ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਚਕਰ ਵਾਇਆ ਲੱਖਾ, ਮਾਣੂੰਕੇ ਭੰਮੀਪੁਰਾ ਅਖਾੜਾ ਇਨ੍ਹਾਂ ਗੁਰੂ ਗੋਬਿੰਦ ਸਿੰਘ ਮਾਰਗ ਦੀਆਂ ਸੜਕਾਂ ਅਤੀ ਮੰਦੀ ਹਾਲਤ ਹੋ ਚੁੱਕੀ ਹੈ।ਸੜਕਾਂ 'ਤੇ ਥਾਂ ਥਾਂ ਡੂੰਘੇ ਟੋਏ ਪਏ ਹਨ, ਲੋਕਾਂ ਨੂੰ ਲੰਘਣਾ ਔਖਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਬੇਧਿਆਨੀ ਕਰਕੇ ਚਕਰ ਤੋਂ ਲੱਖਾ ਸੜਕ ਬਣਾਉਣ ਦਾ ਸੰਬੰਧਤ ਠੇਕੇਦਾਰ ਵੱਲੋਂ ਕੰਮ ਚਲਾਇਆ ਗਿਆ ਸੀ, ਉਹ ਪਿਛਲੇ ਇਕ ਸਾਲ ਤੋਂ ਅੱਧ ਵਾਟੇ ਰੁਕੀ ਹੋਈ ਹੈ।ਠੇਕੇਦਾਰ ਵੱਲੋਂ ਇਸ 18 ਫੁੱਟੀ ਸੜਕ ਨੂੰ ਅੱਧਾ ਇਕ ਪਾਸੇ ਤੋਂ ਬਣਾ ਦਿੱਤਾ ਹੈ ਤੇ ਦੂਸਰੀ ਪਾਸੇ ਦੀ ਅੱਧੀ ਸੜਕ ਲੋਕਾਂ ਨੂੰ ਮੂੰਹ ਚੜ੍ਹਾ ਰਹੀ ਹੈ।ਅਖੀਰ ਵਿੱਚ ਜਥੇਦਾਰ ਦਲੀਪ ਸਿੰਘ ਚਕਰ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਗੂੜ੍ਹੀ ਨੀਂਦ ਤੋਂ ਉੱਠ ਕੇ ਇਨ੍ਹਾਂ ਟੁੱਟੀਆਂ ਸੜਕਾਂ ਨੂੰ ਜਲਦੀ ਨਵੇਂ ਸਿਰੇ ਤੋਂ ਬਣਾਏ।

# ਪ੍ਰਾਈਵੇਟ ਕਰਿੰਦਿਆਂ ਦੇ ਹੱਥਾਂ 'ਚ ਮਾਲ ਵਿਭਾਗ ਦਾ ਰਿਕਾਰਡ, ਪਟਵਾਰੀਆਂ ਦਾ ਮੰਦਾ ਹਾਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਕਾਰ ਦੇ ਜਿੱਥੇ ਹਰੇਕ ਵਿਭਾਗ ਵਿੱਚ ਮੁਲਾਜ਼ਮਾਂ ਦੀ ਕਮੀ ਹੈ, ਉੱਥੇ ਮਾਲ ਵਿਭਾਗ ਵਿੱਚ ਪਟਵਾਰੀਆ ਦੀ ਵੀ ਬਹੁਤ ਘਾਟ ਹੈ, ਨਾਲ ਹੀ ਦਫਤਰਾਂ ਵਿੱਚ ਪ੍ਰਾਈਵੇਟ ਕਰਿੰਦਿਆਂ ਦੀ ਬਹੁਤਾਤ ਹੈ।ਪਟਵਾਰੀ ਕਰਿੰਦਿਆਂ 'ਤੇ ਨਿਰਭਰ ਹਨ, ਉਨ੍ਹਾਂ ਦੇ ਬਗੈਰ ਦਫ਼ਤਰ ਖੋਲ੍ਹਣ ਦੀ ਹਿੰਮਤ ਵੀ ਨਹੀਂ ਕਰਦੇ।ਇੱਕ-ਇੱਕ ਪਟਵਾਰੀ ਕੋਲ ਚਾਰ-ਚਾਰ, ਪੰਜ-ਪੰਜ ਹਲਕਿਆਂ ਦਾ ਵਾਧੂ ਚਾਰਜ ਹੈ, ਪਟਵਾਰੀ ਹਲਕਿਆਂ ਵਿੱਚ ਪਬਲਿਕ ਨੂੰ ਨਹੀਂ ਲੱਭਦੇ, ਨਾ ਹੀ ਉਨ੍ਹਾਂ ਦੇ ਜ਼ਰੂਰੀ ਕੰਮ ਹੋ ਰਹੇ ਹਨ।ਆਮ ਜਨਤਾ ਤੇ ਕਿਸਾਨ ਪਟਵਾਰੀਆਂ ਤੋਂ ਬਹੁਤ ਪ੍ਰੇਸ਼ਾਨ ਹਨ।ਵਾਧੂ ਹਲਕਿਆਂ ਦਾ ਚਾਰਜ ਪਟਵਾਰੀਆਂ ਨੇ ਲਾਲਚਵੱਸ ਵਾਧੂ ਕਮਾਈ ਹੋਣ ਦੇ ਲਾਲਚ 'ਚ ਲਿਆ ਹੋਇਆ ਹੈ।ਇਸ ਕਮਾਈ ਵਿੱਚੋਂ ਹੀ ਕਰਿੰਦਿਆਂ ਦੀ ਤਨਖ਼ਾਹ ਤੇ ਹੋਰ ਫਾਲਤੂ ਖਰਚੇ ਕਰਦੇ ਹਨ।ਵਾਧੂ ਹਲਕਿਆਂ ਦਾ ਕੰਮਕਾਜ ਖੁਦ ਪਟਵਾਰੀ ਕਰ ਨਹੀਂ ਸਕਦੇ, ਇਸ ਲਈ ਕੰਮਕਾਜ ਚਲਾਉਣ ਲਈ ਅਣਗਿਣਤ ਪ੍ਰਾਈਵੇਟ ਕਰਿੰਦੇ ਤਨਖ਼ਾਹ ਤੇ ਪਟਵਾਰੀਆਂ ਦੇ ਰੱਖੇ ਹੋਏ ਹਨ।ਜ਼ਿਆਦਾਤਰ ਦੂਸਰੇ ਜ਼ਿਲ੍ਹਿਆਂ ਵਿੱਚੋਂ ਕਾਰਾਂ, ਮੋਟਰਸਾਈਕਲਾਂ 'ਤੇ ਲੰਬਾ ਪੈਂਡਾ ਤਹਿ ਕਰਕੇ ਰੋਜ਼ਾਨਾ ਪੰਜ-ਸੱਤ ਸੌ ਰੁਪਏ ਦਾ ਤੇਲ ਲਾ ਕੇ ਆਉਂਦੇ ਹਨ।ਅਣਗਿਣਤ ਕਰਿੰਦੇ ਜ਼ਿਲ੍ਹੇ ਵਿੱਚੋਂ ਹੀ ਇਹ ਸੇਵਾ ਨਿਭਾਉਂਦੇ ਹਨ, ਜੋ ਰੋਜ਼ਾਨਾ ਖੁੱਲ੍ਹਾ ਖਰਚਾ ਕਰਦੇ ਹਨ। ਕਰਿੰਦੇ ਮਾਲ ਵਿਭਾਗ ਦੇ ਕੰਮਕਾਰ ਦੀ ਪੂਰੀ ਜਾਣਕਾਰੀ ਨਾ ਰੱਖਦੇ ਹੋਏ ਵਿਭਾਗ ਦੀਆਂ ਗੁੰਝਲਦਾਰ ਬਰੀਕੀਆਂ ਤੋਂ ਜਾਣੂੰ ਨਹੀਂ ਹਨ, ਪਰ ਪਬਲਿਕ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕਰ ਰਹੇ ਹਨ।ਉਹ ਪਟਵਾਰੀਆਂ ਦੇ ਦਫਤਰਾਂ ਨੂੰ ਚਲਾਉਂਦੇ ਹਨ, ਸੰਬੰਧਤ ਪਟਵਾਰੀ ਦੇ ਦਫ਼ਤਰ ਨਾ ਮਿਲਣ 'ਤੇ ਇਨ੍ਹਾਂ ਦੇ ਦਫਤਰ ਵਿੱਚ ਬੈਠੇ ਕਰਿੰਦਿਆਂ ਨੂੰ ਹੀ ਮਿਲਣਾ ਪੈਂਦਾ ਹੈ।ਉਹ ਪਟਵਾਰੀਆਂ ਦੀ ਗੈਰ-ਹਾਜ਼ਰੀ ਵਿੱਚ ਵੀ ਦਫ਼ਤਰ ਖੁਦ ਚਲਾਉਂਦੇ ਹਨ।ਮਾਲ ਰਿਕਾਰਡ ਉਨ੍ਹਾਂ ਦੇ ਕਬਜ਼ੇ ਵਿੱਚ ਹੁੰਦਾ ਹੈ।ਇਹ ਪੱਕੇ ਪਟਵਾਰੀ ਦੀ ਤਰ੍ਹਾਂ ਸੀਟ 'ਤੇ ਬੈਠ ਕੇ ਪਬਲਿਕ ਨਾਲ ਹਰ ਕੰਮ ਕਰਨ ਕਰਵਾਉਣ ਦੀ ਡੀਲਿੰਗ ਕਰਦੇ ਹਨ ਤੇ ਹਰ ਤਰ੍ਹਾਂ ਦੀ ਸੌਦੇਬਾਜ਼ੀ ਕਰਕੇ ਲੈਣ-ਦੇਣ ਕਰਦੇ ਹਨ।ਇਹ ਪ੍ਰੈਕਟਿਸ ਮੋਗਾ ਜ਼ਿਲ੍ਹੇ ਦੇ ਪੰਜ-ਸੱਤ ਹਲਕਿਆਂ ਨੂੰ ਛੱਡ ਕੇ ਸਮੁੱਚੇ 180 ਪਟਵਾਰ ਹਲਕਿਆਂ ਵਿੱਚ ਚਲਦੀ ਹੈ।ਸ਼ਹਿਰ ਵਿੱਚ ਦਸ-ਬਾਰਾਂ ਕਰਿੰਦੇ ਇੱਕ ਹਲਕੇ ਵਿੱਚ ਹੀ ਕੰਮ ਕਰਦੇ ਹਨ, ਜੋ ਡਿਪਟੀ ਕਮਿਸ਼ਨਰ ਤੇ ਵਿਜੀਲੈਂਸ ਵਿਭਾਗ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਉਨ੍ਹਾਂ ਦੀ ਤਾਇਨਾਤੀ ਬਦਸਤੂਰ ਜਾਰੀ ਹੈ। ਜਿਸ ਤੋਂ ਲਗਦਾ ਹੈ ਕਿ ਉੱਚ ਅਧਿਕਾਰੀਆਂ ਤੋਂ ਸਹਿਮਤੀ ਮਿਲੀ ਹੋਈ ਹੈ।ਆਮ ਚਰਚਾ ਹੈ ਕਿ ਪ੍ਰਸ਼ਾਸਨ ਤੇ ਵਿਜੀਲੈਂਸ ਦੀ ਮਿਲੀਭੁਗਤ ਨਾਲ ਹੀ ਸਾਰਾ ਧੰਦਾ ਚਲਦਾ ਹੈ।

ਸੂਤਰਾਂ ਅਨੁਸਾਰ ਸ਼ਹਿਰੀ ਹਲਕਿਆਂ ਦੇ ਪਟਵਾਰੀਆਂ ਦੀ ਨਿਯੁਕਤੀ ਪ੍ਰਾਈਵੇਟ ਕਰਿੰਦੇ ਹੀ ਕਰਵਾਉਂਦੇ ਹਨ।ਉਹ ਬਾਅਦ ਵਿੱਚ ਆਪਣੀ ਮਰਜ਼ੀ ਮੁਤਾਬਕ ਪਟਵਾਰੀਆਂ ਨੂੰ ਚਲਾਉਂਦੇ ਹਨ ਤੇ ਪਟਵਾਰੀ ਕਰਿੰਦਿਆਂ 'ਤੇ ਨਿਰਭਰ ਕਰਦੇ ਹਨ।ਜੇ ਕੋਈ ਸੋਚੇ ਇਸ ਪ੍ਰੈਕਟਿਸ ਦੀ ਮਾਲ ਵਿਭਾਗ ਦੇ ਰਿਟਾਇਰਡ ਮੁਲਾਜ਼ਮਾਂ ਨੂੰ ਹੀ ਚਿੰਤਾ ਕਿਉਂ ਹੈ, ਤਾਂ ਸਪੱਸ਼ਟ ਕਰਦੇ ਹਾਂ ਕਿ ਮਾਲ ਵਿਭਾਗ ਇੱਕ ਅਹਿਮ ਵਿਭਾਗ ਹੈ, ਜਿਸ ਨਾਲ ਸਾਡਾ ਪਰਿਵਾਰਕ ਜੀਵਨ ਜੁੜਿਆ ਹੋਇਆ ਹੈ।ਅਸੀਂ ਲੰਬਾ ਸਮਾਂ ਇਸ ਵਿਭਾਗ ਤੇ ਸਿਸਟਮ ਵਿੱਚ ਵਿਚਰਦੇ ਹੋਏ ਹਰ ਚੰਗੇ ਮਾੜੇ ਪੱਖ ਤੋਂ ਜਾਣੂੰ ਹਾਂ।ਹੁਣ ਸਾਨੂੰ ਵੀ ਮਹਿਸੂਸ ਹੁੰਦਾ ਹੈ ਕਿ ਦਫਤਰਾਂ ਵਿੱਚ ਪ੍ਰਾਈਵੇਟ ਕਰਿੰਦਿਆਂ ਦੇ ਕੰਮਕਾਰ ਕਰਨ ਨਾਲ ਸਾਡੇ ਪਲਾਟਾਂ, ਮਕਾਨਾਂ ਦੇ ਰਕਬੇ ਦਾ ਨੁਕਸਾਨ ਨਾ ਹੋ ਜਾਵੇ।ਜਾਇਦਾਦਾਂ ਮਹਿੰਗੀਆਂ ਹੋਣ ਕਰਕੇ ਲੈਂਡ ਮਾਫੀਆ ਗੈਂਗਾ ਦਾ ਰਾਜਨੀਤਕ ਲੋਕਾ ਨਾਲ ਗੱਠਜੋੜ ਪ੍ਰਾਪਰਟੀਆਂ ਤੇ ਨਜਾਇਜ਼ ਕਬਜ਼ੇ ਕਰਨ ਲਈ ਸਰਗਰਮ ਸਾਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਕਿਉਂ ਨਾ ਅਸੀਂ ਖੁਦ ਜਾਗਰੂਕ ਹੁੰਦੇ ਹੋਏ ਆਮ ਪਬਲਿਕ ਨੂੰ ਉਨ੍ਹਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਜਾਗਰੂਕ ਕੀਤਾ ਜਾਵੇ।ਇਹ ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਰਜਿ: ਮੋਗਾ ਦੀ ਸੋਚ ਹੈ।ਸਰਕਾਰ ਤੇ ਪ੍ਰਸ਼ਾਸਨ ਦੀ ਤਰ੍ਹਾਂ ਚੁੱਪ ਧਾਰ ਕੇ ਵੀ ਸਰ ਸਕਦਾ ਸੀ, ਜਿਸ ਨੂੰ ਅਸੀਂ ਜ਼ਰੂਰੀ ਨਹੀਂ ਸਮਝਿਆ।ਪ੍ਰੈੱਸ ਨੂੰ ਇਹ ਜਾਣਕਾਰੀ ਦਰਸ਼ਨ ਸਿੰਘ ਗਿੱਲ, ਗੁਰਮੇਲ ਸਿੰਘ ਗੌਂਦਾਰਾ ਤੇ ਕੇਵਲ ਸਿੰਘ ਪ੍ਰੈੱਸ ਸਕੱਤਰ ਨੂੰ ਦਿੱਤੀ।

# ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ 'ਚ ਅਕਾਲੀ ਦਲ ਸ਼ਾਨਦਾਰ ਪ੍ਰਦਰਸ਼ਨ ਕਰੇਗਾ : ਖਣਮੁੱਖ ਭਾਰਤੀ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ।ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋਂ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਪ੍ਰਦਰਸ਼ਨ ਕਰੇਗਾ। ਸ੍ਰੀ ਪੱਤੋਂ ਨੇ ਕਿਹਾ ਕਿ ਅਕਾਲੀ ਦਲ ਅੱਜ ਵੀ ਪਿੰਡ ਪੱਧਰ 'ਤੇ ਸਭ ਤੋਂ ਮਜ਼ਬੂਤ ਜਥੇਬੰਦੀ ਹੈ। ਪਿੰਡਾਂ ਦੇ ਲੋਕਾਂ ਦਾ ਵਿਸ਼ਵਾਸ ਪਾਰਟੀ ਦੇ ਨਾਲ ਮਜ਼ਬੂਤੀ ਨਾਲ ਜੁੜਿਆ ਹੈ।ਉਨ੍ਹਾ ਕਿਹਾ ਕਿ ਪਿੰਡਾਂ ਦੇ ਹੱਕਾਂ ਦੀ ਰੱਖਿਆ ਕਿਸਾਨਾਂ ਦੇ ਵਿਕਾਸ ਤੇ ਮੁੱਦਿਆਂ ਦੀ ਆਵਾਜ਼, ਪਿੰਡ ਪੱਧਰ 'ਤੇ ਹੋਏ ਵਿਕਾਸ ਨੂੰ ਲੈ ਕੇ ਜਨਤਾ ਵੱਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਨਿਹਾਲ ਸਿੰਘ ਵਾਲਾ 'ਚ ਪਾਰਟੀ ਵਰਕਰ ਬਹੁਤ ਹੀ ਜੋਸ਼ ਵਿੱਚ ਹਨ ਤੇ ਤਿਆਰੀਆਂ ਵਿੱਚ ਲੱਗੇ ਹੋਏ ਹਨ। ਉਨ੍ਹਾ ਕਿਹਾ ਕਿ ਜਦੋਂ ਜ਼ਮੀਨਾਂ ਸਬੰਧੀ ਕੋਈ ਗੱਲ ਹੁੰਦੀ ਹੈ ਤਾਂ ਲੋਕ ਸਿਰਫ ਖ਼ੇਤਰੀ ਪਾਰਟੀ ਨੂੰ ਹੀ ਚਾਹੁੰਦੇ ਹਨ। ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਕੰਮਾਂ ਨੂੰ ਦੇਖ ਕੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਨਾਰਾਜ਼ਗੀ ਤੇ ਅਕਾਲੀ ਦਲ ਪ੍ਰਤੀ ਵੱਧ ਰਹੀ ਭਰੋਸੇਮੰਦੀ ਦੀ ਭਾਵਨਾ ਇਹ ਸਾਫ਼ ਦਰਸਾ ਰਹੀ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ ਦੇ ਨਤੀਜੇ ਅਕਾਲੀ ਦਲ ਦੇ ਹੱਕ ਵਿੱਚ ਭੁਗਤਣਗੇ ਅਤੇ ਅਕਾਲੀ ਦਲ ਵੱਡੀ ਲੀਡ ਨਾਲ ਜਿੱਤੇਗੀ।

# ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਤਲਵੰਡੀ ਸਾਬੋ ਦਾ ਚੋਣ ਅਜਲਾਸ ਸੰਪੰਨ

## ਜਰਨੈਲ ਸਿੰਘ ਯਾਤਰੀ ਸਕੱਤਰ ਤੇ ਮੱਖਣ ਸਿੰਘ ਗੁਰੂਸਰ ਮੀਤ ਸਕੱਤਰ ਬਣੇ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਸਥਾਨਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਮੱਖਣ ਸਿੰਘ ਜੋਧਪੁਰ, ਗੁਰਮੀਤ ਕੌਰ ਬੁਰਜ ਤੇ ਹਰੀ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਤਲਵੰਡੀ ਸਾਬੋ ਤਹਿਸੀਲ ਦਾ ਡੈਲੀਗੇਟ ਚੋਣ ਅਜਲਾਸ ਸਫਲਤਾ ਪੂਰਵਕ ਸੰਪੰਨ ਹੋਇਆ। ਅਜਲਾਜ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਬਲਕਰਨ ਸਿੰਘ ਬਰਾੜ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਨਰੇਗਾ ਦਾ ਕੰਮ ਬੰਦ ਕਰਕੇ ਮਜ਼ਦੂਰਾਂ ਦੇ ਚੁੱਲੇ ਠੰਡੇ ਕਰ ਦਿੱਤੇ ਹਨ।ਮਜ਼ਦੂਰਾਂ ਕੋਲ ਕੋਈ ਹੋਰ ਰੁਜ਼ਗਾਰ ਨਾ ਹੋਣ ਕਾਰਨ ਉਨ੍ਹਾਂ ਦੀ ਹਾਲਤ ਭੁੱਖਮਾਰੀ ਵਾਲੀ ਬਣੀ ਹੋਈ ਹੈ।ਉਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਮਨਰੇਗਾ ਦਾ ਕੰਮ ਸ਼ੁਰੂ ਕਰਵਾਇਆ ਜਾਵੇ।ਪੰਜਾਬ ਸਰਕਾਰ ਨੂੰ ਆਪਣੇ ਕੀਤੇ ਹੋਏ ਵਾਅਦੇ ਯਾਦ ਕਰਾਉਂਦਿਆਂ ਕਾ. ਬਰਾੜ ਨੇ ਕਿਹਾ ਕਿ ਸਰਕਾਰ ਨੇ ਆਪਣਾ ਕੋਈ ਵੀ ਚੋਣ ਵਾਅਦਾ ਪੂਰਾ ਨਹੀਂ ਕੀਤਾ ਤੇ ਸਿਰਫ ਚੁਟਕਲੇ ਸੁਣਾ ਕੇ ਕੰਮ ਸਾਰਿਆ ਜਾ ਰਿਹਾ ਹੈ।ਸਿਹਤ ਤੇ ਸਿੱਖਿਆ ਵਰਗੀਆਂ ਜ਼ਰੂਰੀ ਲੋੜਾਂ ਨੂੰ ਵੀ ਅੱਖੋਂ ਪਰੋਖੇ ਕਰਕੇ ਡੰਗ ਟਪਾਇਆ ਜਾ ਰਿਹਾ ਹੈ।ਔਰਤਾਂ ਨਾਲ ਕੀਤੇ ਵਾਅਦੇ ਅਨੁਸਾਰ ਉਨ੍ਹਾਂ ਨੂੰ 1100 ਰੁਪਿਆ ਵੀ ਨਹੀਂ ਦਿੱਤਾ ਗਿਆ।ਅਜਲਾਸ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਮੱਖਣ ਸਿੰਘ ਗੁਰੂਸਰ ਤੇ ਜਰਨੈਲ ਸਿੰਘ ਯਾਤਰੀ ਨੇ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਬਿਜਲੀ ਬਿੱਲ 2025 ਲਿਆ ਕੇ ਬਿਜਲੀ ਦੀ ਸਹੂਲਤ ਗਰੀਬ ਤੇ ਨਿਮਨ ਮਧ ਵਰਗ ਦੀ ਪਹੁੰਚ ਤੋਂ ਬਾਹਰ ਕਰ ਰਹੀ ਹੈ, ਉੱਥੇ ਪੰਜਾਬ ਸਰਕਾਰ ਨੇ ਵੀ ਇਸ ਮਾਮਲੇ 'ਤੇ ਚੁੱਪ ਵੱਟੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਇਸ ਬਿੱਲ ਵਿਰੁੱਧ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਇਸ ਨੂੰ ਰੱਦ ਕਰੇ।ਅਜਲਾਸ ਵੱਲੋਂ ਪੰਜਾਬ ਸਰਕਾਰ ਵੱਲੋਂ ਰੋਡਵੇਜ਼ ਦੇ ਕੱਚੇ ਕਾਮਿਆਂ ਉੱਪਰ ਕੀਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਜ਼ੋਰਦਾਰ ਅਪੀਲ ਵੀ ਕੀਤੀ।

ਚੋਣ ਅਜਲਾਸ ਵੱਲੋਂ ਪਿਛਲੇ ਦਿਨੀਂ ਤਲਵੰਡੀ ਸਾਬੋ ਵਿਖੇ ਕੁਝ ਹੋਰ ਆਗੂਆਂ ਵੱਲੋਂ ਕੀਤੇ ਗਏ ਚੋਣ ਅਜਲਾਸ ਨੂੰ ਸਰਬ ਸੰਮਤੀ ਨਾਲ ਮਤਾ ਪਾ ਕੇ ਰੱਦ ਕੀਤਾ ਗਿਆ ਅਤੇ ਪਾਰਟੀ ਵਿਰੋਧੀ ਕਾਰਵਾਈਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਅਜਲਾਸ ਵਿੱਚ ਸਰਬ ਸੰਮਤੀ ਨਾਲ 25 ਮੈਂਬਰੀ ਤਹਿਸੀਲ ਕਮੇਟੀ, ਡਵੀਜ਼ਨ ਕਮੇਟੀ ਤੇ ਜ਼ਿਲ੍ਹਾ ਅਜਲਾਸ ਲਈ ਡੈਲੀਗੇਟਾਂ ਦੀ ਚੋਣ ਕੀਤੀ ਗਈ।ਨਵੀਂ ਚੁਣੀ ਗਈ ਤਹਿਸੀਲ ਕਮੇਟੀ ਵੱਲੋਂ ਜਰਨੈਲ ਸਿੰਘ ਯਾਤਰੀ ਨੂੰ ਤਹਿਸੀਲ ਸਕੱਤਰ, ਮੱਖਣ ਸਿੰਘ ਗੁਰੂਸਰ ਤੇ ਹਰੀ ਸਿੰਘ ਤਲਵੰਡੀ ਨੂੰ ਮੀਤ ਸਕੱਤਰ ਚੁਣਿਆ ਗਿਆ।ਅਜਲਾਸ ਨੂੰ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਕੁੱਬੇ, ਹਰਬੰਸ ਸਿੰਘ ਜੋਧਪੁਰ ਤੇ ਜਸਵੀਰ ਸਿੰਘ ਢੱਡੇ ਨੇ ਵੀ ਸੰਬੋਧਨ ਕੀਤਾ।ਅਖੀਰ ਵਿੱਚ ਪ੍ਰਧਾਨਗੀ ਮੰਡਲ ਵੱਲੋਂ ਹਾਜ਼ਰ ਹੋਏ ਡੈਲੀਗੇਟਾਂ ਦਾ ਧੰਨਵਾਦ ਕੀਤਾ ਗਿਆ।

## 8 ਨੂੰ ਸੂਬੇ ਭਰ 'ਚ ਬਿਜਲੀ ਐਕਟ 2025 ਦੇ ਖਰੜੇ ਦੀਆਂ ਫੂਕਾਂਗੇ ਕਾਪੀਆਂ : ਪੰਜਾਬ ਕਿਸਾਨ ਯੂਨੀਅਨ



ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਮੀਟਿੰਗ ਸ਼ਹੀਦ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਪਿਛਲੇ ਪ੍ਰੋਗਰਾਮਾਂ ਦੀ ਸਮੀਖਿਆ ਉਪਰੰਤ ਜਥੇਬੰਦਕ ਮੈਂਬਰਸ਼ਿਪ ਤੇ ਜਥੇਬੰਦਕ ਢਾਂਚੇ ਬਾਰੇ ਵਿਸਥਾਰਪੂਰਵਕ ਵਿਚਾਰ ਵਿਟਾਂਦਰਾ ਕੀਤਾ ਗਿਆ। ਪ੍ਰੈੱਸ ਨੂੰ ਜਾਰੀ ਬਿਆਨ ਰਾਹੀਂ ਸੂਬਾਈ ਆਗੂ ਗੋਰਾ ਸਿੰਘ ਭੈਣੀ ਬਾਘਾ, ਗੁਰਜੰਟ ਸਿੰਘ ਮਾਨਸਾ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਐਕਟ 2020 'ਚ ਸੋਧ ਉਪਰੰਤ 2025 ਦਾ ਨਵਾਂ ਖਰੜਾ ਤਿਆਰ ਕਰਨ ਦੇ ਵਿਰੋਧ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ 8 ਦਸੰਬਰ ਨੂੰ ਸੂਬੇ ਭਰ 'ਚ ਬਿਜਲੀ ਸਬ ਡਵੀਜ਼ਨਾਂ ਅੱਗੇ ਖਰੜੇ ਦੀਆਂ ਕਾਪੀਆਂ ਫੂਕੀਆਂ ਜਾਣਗੀਆਂ, ਜਿਸ 'ਚ ਪੰਜਾਬ ਕਿਸਾਨ ਯੂਨੀਅਨ ਵੱਡੀ ਗਿਣਤੀ 'ਚ ਸ਼ਮੂਲੀਅਤ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਿਜਲੀ ਐਕਟ 2025 ਦੇ ਖਰੜੇ ਨੂੰ ਮੁੱਢੋਂ ਰੱਦ ਕਰੇ।ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਲੋਕਾਂ ਨੂੰ ਅੱਖੋਂ ਪਰੋਖੇ ਕਰਕੇ ਇਸ ਨੂੰ ਲਾਗੂ ਕਰਨ ਵੱਲ ਵਧੇਗੀ ਤਾਂ ਜਨਤਕ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਮੀਟਿੰਗ ਦੌਰਾਨ ਸੂਬਾ ਆਗੂ ਭੋਲਾ ਸਿੰਘ ਸਮਾਓ, ਜੱਗਾ ਸਿੰਘ ਬਦਰਾ ਬਰਨਾਲਾ, ਬਿੱਕਰ ਸਿੰਘ ਬਰਨਾਲਾ, ਜਰਨੈਲ ਸਿੰਘ ਰੋੜਾਂਵਾਲਾ ਮੁਕਤਸਰ, ਸਵਰਨ ਸਿੰਘ ਨਵਾਂਗਾਓਂ ਸੰਗਰੂਰ, ਮੰਘਣ ਸਿੰਘ ਜੰਮਣ ਫਰੀਦਕੋਟ, ਗੁਰਜੀਤ ਸਿੰਘ ਜੈਤੋ ਫਰੀਦਕੋਟ, ਰਾਮਚਲ ਚੱਕ ਅਲੀਸ਼ੇਰ ਆਦਿ ਆਗੂ ਹਾਜ਼ਰ ਸਨ।

# ਡਾ. ਅਨਿਰੁੱਧ ਗੁਪਤਾ 'ਨੀਸਾ ਇੰਟਰਨੈਸ਼ਨਲ ਐਜੂ ਆਈਕਨ ਅਵਾਰਡ 2025' ਨਾਲ ਸਨਮਾਨਤ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿੱਖਿਆ ਦੇ ਖੇਤਰ 'ਚ ਨਵੀਂ ਕ੍ਰਾਂਤੀ ਲਿਆਉਣ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਸਕੂਲੀ ਜੀਵਨ ਤੋਂ ਹੀ ਉੱਚ ਪੱਧਰੀ ਸਿੱਖਿਆ ਮੁਹੱਈਆ ਕਰਾਉਣ ਦੇ ਯਤਨਾਂ ਸਦਕਾ ਡੀਸੀਐੱਮ ਗਰੁੱਪ ਆਫ ਸਕੂਲਜ਼ ਦੇ ਸੀਈਓ ਤੇ ਮਹਾਨ ਸਿੱਖਿਆ-ਵਿਦਵਾਨ ਡਾ. ਅਨਿਰੁੱਧ ਗੁਪਤਾ ਨੂੰ 'ਨੀਸਾ ਇੰਟਰਨੈਸ਼ਨਲ ਐਜੂ ਆਈਕਨ ਅਵਾਰਡ 2025' ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸ਼ਾਨਦਾਰ ਸਮਾਰੋਹ ਨਵੀਂ ਦਿੱਲੀ ਦੇ ਯਸ਼ੋਭੂਮੀ ਕਨਵੈਨਸ਼ਨ ਸੈਂਟਰ ਵਿਖੇ ਨੈਸ਼ਨਲ ਇੰਡੀਪੈਂਡੈਂਟ ਸਕੂਲ ਅਲਾਇੰਸ (ਨੀਸਾ) ਦੁਆਰਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਿੱਖਿਆ ਦੇ ਬਦਲਦੇ ਸਰੂਪ 'ਤੇ ਡੂੰਘੀ ਚਰਚਾ ਕੀਤੀ ਗਈ। ਸਮਾਰੋਹ ਵਿਚ ਐਜੂਕੇਸ਼ਨ ਵਰਲਡ ਫੋਰਮ ਦੇ ਚੇਅਰਮੈਨ ਡੋਮਿਨਿਕ ਸੇਵੀਅਰ, ਭਾਰਤੀ ਸਿੱਖਿਆ ਬੋਰਡ ਦੇ ਸੇਵਾਮੁਕਤ ਚੇਅਰਮੈਨ ਡਾ. ਐੱਨਪੀ ਸਿੰਘ, ਭਾਰਤੀ ਸਿੱਖਣ ਮੰਡਲ ਦੇ ਆਰਗੇਨਾਈਜ਼ੇਸ਼ਨ ਸੈਕਟਰੀ ਬੀਆਰ ਸ਼ੰਕਰਾਨੰਦ, ਨੀਸਾ ਦੇ ਰਾਸ਼ਟਰੀ ਪ੍ਰਧਾਨ ਕੁਲਭੂਸ਼ਣ ਸ਼ਰਮਾ ਸਮੇਤ ਸਿੱਖਿਆ ਜਗਤ ਦੀਆਂ ਕਈ ਮਹਾਨ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਡਾ. ਅਨਿਰੁੱਧ ਗੁਪਤਾ ਨੂੰ ਇਹ ਐਵਾਰਡ ਆਧੁਨਿਕ ਸਿੱਖਿਆ ਦੇ ਵਿਸਤਾਰ, ਸਿੱਖਿਆ ਦੇ ਖੇਤਰ ਵਿਚ ਅਹਿਮ ਕਦਮ ਚੁੱਕਣ, ਤਕਨੀਕੀ ਹੁਨਰਾਂ (ਟੈਕਨੀਕਲ ਸਕਿੱਲਜ਼) ਵਿਚ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਤੇ ਸ਼ਾਨਦਾਰ ਲੀਡਰਸ਼ਿਪ ਲਈ ਦਿੱਤਾ ਗਿਆ ਹੈ। ਇਹ ਐਵਾਰਡ ਭਾਰਤ ਵਿਚ ਅਜਿਹੀ ਸ਼ਖ਼ਸੀਅਤ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਸਿੱਖਿਆ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਹਾਸਲ ਕੀਤੀ ਹੋਵੇ। ਡਾ. ਅਨਿਰੁੱਧ ਗੁਪਤਾ ਨੇ ਇਹ ਐਵਾਰਡ ਪ੍ਰਾਪਤ ਕਰਕੇ ਪੂਰੇ ਸੂਬੇ ਦਾ ਨਾਂ ਦੇਸ਼ ਭਰ ਵਿਚ ਰੌਸ਼ਨ ਕੀਤਾ ਹੈ।

ਪ੍ਰੋਗਰਾਮ ਵਿਚ ਮੌਜੂਦ ਅੰਤਰਰਾਸ਼ਟਰੀ ਤੇ ਰਾਸ਼ਟਰੀ ਜਗਤ ਦੀਆਂ ਹਸਤੀਆਂ ਨੇ ਡਾ. ਅਨਿਰੁਧ ਗੁਪਤਾ ਵੱਲੋਂ ਸਿੱਖਿਆ ਜਗਤ ਵਿੱਚ ਪਾਏ ਗਏ ਯੋਗਦਾਨ, ਉਨ੍ਹਾਂ ਦੀ ਅਣਥੱਕ ਮਿਹਨਤ ਤੇ ਕਾਰਜਸ਼ੈਲੀ ਨੂੰ ਤਾਰੀਫ਼-ਏ-ਕਾਬਿਲ (ਕਾਬਲੇ-ਤਾਰੀਫ਼) ਦੱਸਿਆ। ਉਨ੍ਹਾਂ ਕਿਹਾ ਕਿ ਡਾ. ਗੁਪਤਾ ਨੇ ਸੰਸਮੁੱਖ ਹੀ ਪੂਰੇ ਵਿਸ਼ਵ ਵਿੱਚ ਸਿੱਖਿਆ ਦੇ ਖੇਤਰ 'ਚ ਆਪਣਾ ਡੰਕਾ ਵਜਾਇਆ ਹੈ। ਡੀਸੀਐੱਮ ਗਰੁੱਪ ਆਫ਼ ਸਕੂਲਜ਼ ਦੇ ਸੀਈਓ ਡਾ. ਅਨਿਰੁੱਧ ਗੁਪਤਾ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਮੁਹੱਈਆ ਕਰਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜੋ ਭਵਿੱਖ ਵਿੱਚ ਉਨ੍ਹਾਂ ਦਾ ਪੇਸ਼ੇਵਰ ਵਿਕਾਸ (ਪ੍ਰੋਫੈਸ਼ਨਲ ਗਰੋਥ) ਕਰ ਸਕੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਭਵਿੱਖ 'ਚ ਜਿਸ ਵੀ ਫੀਲਡ ਵਿੱਚ ਅੱਗੇ ਵਧਣਾ ਹੈ, ਉਨ੍ਹਾਂ ਨੂੰ ਉਸੇ ਮੁਤਾਬਕ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ। ਨੀਸਾ ਦੇ ਰਾਸ਼ਟਰੀ ਪ੍ਰਧਾਨ ਕੁਲਭੂਸ਼ਣ ਸ਼ਰਮਾ ਨੇ ਡਾ. ਅਨਿਰੁੱਧ ਗੁਪਤਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਸਿੱਖਿਆ ਜਗਤ ਦੇ ਖੇਤਰ ਵਿਚ ਇਕ 'ਡਾਇਮੰਡ' ਹਨ, ਜਿਨ੍ਹਾਂ ਨੇ ਆਧੁਨਿਕ ਸਿੱਖਿਆ 'ਚ ਕ੍ਰਾਂਤੀ ਲਿਆਉਣ ਵਿੱਚ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡਾ. ਗੁਪਤਾ ਵੱਲੋਂ ਵਿਦਿਆਰਥੀਆਂ ਨੂੰ ਜਿਸ ਤਰ੍ਹਾਂ ਦੀ ਸਿੱਖਿਆ ਮੁਹੱਈਆ ਕਰਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਉਸ ਨਾਲ ਵਿਦਿਆਰਥੀਆਂ ਵਿੱਚ ਸਕੂਲੀ ਸਿੱਖਿਆ ਦੇ ਨਾਲ-ਨਾਲ ਉਨ੍ਹਾਂ ਦੇ ਹੁਨਰ (ਸਕਿੱਲਜ਼) ਵੀ ਸੁਧਰਨਗੇ ਤੇ ਉਹ ਵਿਦਿਆਰਥੀ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਉਣਗੇ।

## ਕਿਸਾਨ-ਮਜ਼ਦੂਰ ਮੋਰਚਾ ਨੇ ਸੂਬਾ ਤੇ ਕੇਂਦਰ ਸਰਕਾਰ ਨੂੰ ਡੀ ਸੀ ਰਾਹੀਂ ਭੇਜਿਆ ਮੰਗ ਪੱਤਰ



ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)-ਕਿਸਾਨ ਮਜ਼ਦੂਰ ਮੋਰਚਾ (ਭਾਰਤ) ਵੱਲੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਡਿਪਟੀ ਕਮਿਸ਼ਨਰ ਰਾਹੀਂ ਇੱਕ ਮੰਗ ਪੱਤਰ ਭੇਜਿਆ ਗਿਆ ਹੈ, ਜਿਸ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੇ ਕਈ ਅਹਿਮ ਮੁੱਦੇ ਉਠਾਏ ਗਏ ਹਨ।ਮੋਰਚੇ ਨੇ ਬਿਜਲੀ ਖੇਤਰ ਦੇ ਨਿੱਜੀਕਰਨ ਨੂੰ ਤੁਰੰਤ ਬੰਦ ਕਰਨ ਤੇ ਕੇਂਦਰੀ ਬਿਜਲੀ ਸੋਧ ਬਿਲ 2025 ਨੂੰ ਰੱਦ ਕਰਨ ਦੀ ਮੁੱਖ ਮੰਗ ਕੀਤੀ ਹੈ।ਇਸ ਤੋਂ ਇਲਾਵਾ ਖਪਤਕਾਰਾਂ ਦੇ ਘਰਾਂ ਵਿੱਚ ਚਿੱਪ ਵਾਲੇ (ਪ੍ਰੀਪੇਡ) ਮੀਟਰ ਜ਼ਬਰਦਸਤੀ ਲਗਾਉਣ ਦੀ ਨੀਤੀ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਗਈ ਹੈ।ਵਿਦੇਸ਼ੀ ਨੀਤੀ ਦੇ ਸੰਦਰਭ ਵਿੱਚ ਕਿਸਾਨ ਮੋਰਚੇ ਨੇ ਭਾਰਤ ਸਰਕਾਰ ਦੁਆਰਾ ਅਮਰੀਕਾ ਨਾਲ ਕੀਤੇ ਜ਼ੀਰੋ ਟੈਰਿਫ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਤਹਿਤ ਕਪਾਹ, ਸੋਇਆਬੀਨ, ਮੱਕੀ ਤੇ ਦੁੱਧ ਉਤਪਾਦ ਆਯਾਤ ਕੀਤੇ ਜਾਂਦੇ ਹਨ, ਨਾਲ ਹੀ ਕੇਂਦਰ ਸਰਕਾਰ ਤੋਂ ਡਰਾਫ਼ਟ ਸੀਡ ਬਿੱਲ-2025 ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ ਤਾਂ ਜੋ ਬੀਜ ਉਤਪਾਦਨ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਿਆ ਜਾ ਸਕੇ ਤੇ ਕਿਸਾਨਾਂ ਦੀ ਬੀਜ ਸਵੈ-ਨਿਰਭਰਤਾ ਬਣੀ ਰਹੇ।ਮੰਗ ਪੱਤਰ ਵਿੱਚ ਸ਼ੰਭੂ ਤੇ ਖਨੌਰੀ ਮੋਰਚੇ ਦੌਰਾਨ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਗਈ।ਪੰਜਾਬ ਸਰਕਾਰ ਤੋਂ ਲੁੱਟੇ ਗਏ ਸਾਜ਼ੋ-ਸਾਮਾਨ (ਟਰੈਕਟਰ ਟਰਾਲੀਆਂ ਸਮੇਤ) ਦੀ 3,77,00,948 ਰੁਪਏ ਦੀ ਭਰਪਾਈ ਕਰਨ ਦੀ ਮੰਗ ਕੀਤੀ ਗਈ ਹੈ।ਇਸ ਤੋਂ ਇਲਾਵਾ ਦਿੱਲੀ ਕਿਸਾਨ ਅੰਦੋਲਨ-1, 2 ਤੇ ਪੰਜਾਬ ਦੇ ਘੋਲਾਂ ਦੌਰਾਨ ਦਰਜ ਕੀਤੇ ਗਏ ਸਾਰੇ ਕੇਸ ਤੁਰੰਤ ਵਾਪਸ ਲੈਣ ਅਤੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਦੇਣ ਦੀ ਮੰਗ ਵੀ ਸ਼ਾਮਲ ਹੈ।ਹੜ੍ਹ ਪ੍ਰਭਾਵਿਤ ਕਿਸਾਨਾਂ ਤੇ ਮਜ਼ਦੂਰਾਂ ਲਈ ਮੁਆਵਜ਼ੇ ਦੀ ਇਕ ਵਿਸ਼ੇਸ਼ ਤੇ ਵਿਸਤ੍ਰਿਤ ਮੰਗ ਕੀਤੀ ਗਈ ਹੈ, ਜਿਸ ਵਿੱਚ ਪ੍ਰਤੀ ਮ੍ਰਿਤਕ ਵਿਅਕਤੀ ਇੱਕ ਕਰੋੜ ਰੁਪਏ, ਫਸਲ ਦੇ ਖਰਾਬੇ ਲਈ ਪ੍ਰਤੀ ਏਕੜ 70,000 ਰੁਪਏ ਤੇ ਪ੍ਰਤੀ ਪਸ਼ੂ 1,25,000 ਰੁਪਏ ਦੀ ਮੰਗ ਕੀਤੀ ਗਈ ਹੈ।ਹੜ੍ਹ ਪ੍ਰਭਾਵਿਤਾਂ ਦਾ ਪੂਰਾ ਕਰਜ਼ਾ ਮੁਆਫ਼ ਕਰਨ ਦੀ ਅਪੀਲ ਵੀ ਕੀਤੀ ਗਈ ਹੈ।ਹੋਰ ਮੁੱਖ ਮੰਗਾਂ ਵਿੱਚ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਬਣਾਉਣਾ, ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ ਮੁਕਤ ਕਰਨਾ ਤੇ ਮਨਰੇਗਾ ਤਹਿਤ 200 ਦਿਨ ਕੰਮ ਤੇ ਦਿਹਾੜੀ 700 ਰੁਪਏ ਕਰਨ ਦੀ ਮੰਗ ਸ਼ਾਮਲ ਹੈ।ਮੋਰਚੇ ਨੇ ਪ੍ਰਦੂਸ਼ਣ ਰੋਕੂ ਕਾਨੂੰਨ ਤੋਂ ਖੇਤੀ ਖੇਤਰ ਨੂੰ ਬਾਹਰ ਰੱਖਣ ਤੇ ਪਰਾਲੀ ਨਾਲ ਸਬੰਧਤ ਸਾਰੇ ਕੇਸ ਰੱਦ ਕਰਨ ਦੀ ਵੀ ਮੰਗ ਕੀਤੀ ਹੈ।ਮੋਰਚੇ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਸਿਹਤ ਮੰਤਰੀ ਨੇ ਫਰੀਦਕੋਟ ਹਸਪਤਾਲ ਨੂੰ ਵਧੀਆ ਸੇਵਾਵਾਂ ਲਈ ਦਿੱਤਾ ਐਵਾਰਡ



ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜ਼ਾ)-ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਨੇ ਦੱਸਿਆ ਕਿ ਵਿਸ਼ਵ ਏਡਜ਼ ਦਿਵਸ ਮੌਕੇ ਸਿਹਤ ਮੰਤਰੀ ਪੰਜਾਬ ਵੱਲੋਂ ਫਰੀਦਕੋਟ ਹਸਪਤਾਲ ਨੂੰ ਪੰਜਾਬ ਭਰ ਵਿੱਚ ਵਧੀਆ ਸੇਵਾਵਾਂ ਲਈ ਐਵਾਰਡ ਦਿੱਤਾ ਗਿਆ ਹੈ, ਜੋ ਕਿ ਸਿਹਤ ਵਿਭਾਗ ਫਰੀਦਕੋਟ ਲਈ ਮਾਣ ਵਾਲੀ ਗੱਲ ਹੈ।ਵਿਸ਼ਵ ਏਡਜ਼ ਦਿਵਸ ਮੌਕੇ ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਨੇ ਜਾਗਰੂਕਤਾ ਪਰਚਾ ਜਾਰੀ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਡਾ. ਚੰਦਰ ਸ਼ੇਖਰ ਕੱਕੜ ਨੇ ਕਿਹਾ ਕਿ ਏਡਜ਼ ਤੋਂ ਬਚਾਅ ਰੱਖਣ ਦਾ ਇੱਕੋ ਇੱਕ ਤਰੀਕਾ ਸਾਵਧਾਨੀ ਹੀ ਹੈ।ਉਨ੍ਹਾਂ ਕਿਹਾ ਕਿ ਐੱਚ ਆਈ ਵੀ ਇੱਕ ਐਸਾ ਵਾਇਰਸ ਹੈ, ਜੋ ਸਰੀਰ ਦੇ ਬਿਮਾਰੀਆਂ ਨਾਲ ਲੜਨ ਵਾਲੇ ਸੈੱਲਾਂ ਉੱਪਰ ਹਮਲਾ ਕਰਕੇ ਸਰੀਰ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਹੌਲੀ ਹੌਲੀ ਖ਼ਤਮ ਕਰ ਦਿੰਦਾ ਹੈ।ਇਸ ਲਈ ਐੱਚ ਆਈ ਵੀ ਤੇ ਏਡਜ਼ ਬਾਰੇ ਕਿਸੇ ਅਵਸਥਾ ਤੇ ਪਤਾ ਲਗਾਉਣ ਵਿੱਚ ਜਾਗਰੂਕਤਾ ਪੈਦਾ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਦੇਸ਼ ਦੀ ਆਉਣ ਵਾਲੀ ਪੀੜ੍ਹੀ ਤੰਦਰੁਸਤ ਜ਼ਿੰਦਗੀ ਗੁਜ਼ਾਰ ਸਕੇ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਸਿਹਤ ਵਿਭਾਗ ਵੱਲੋਂ ਏਡਜ਼ ਦੇ ਮਰੀਜ਼ਾਂ ਦਾ ਇਲਾਜ ਜ਼ਿਲ੍ਹਾ ਤੇ ਸਬ ਡਵੀਜ਼ਨ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਨ੍ਹਾਂ ਹਸਪਤਾਲਾਂ ਵਿੱਚ ਸ਼ੱਕੀ ਮਰੀਜ਼ਾਂ ਦਾ ਮੁਫ਼ਤ ਐੱਚ ਆਈ ਵੀ ਟੈਸਟ ਕੀਤਾ ਜਾਂਦਾ ਹੈ ਤੇ ਬਿਮਾਰੀ ਨਸ਼ਰ ਹੋਣ 'ਤੇ ਇਲਾਜ ਸ਼ੁਰੂ ਕਰ ਦਿੱਤਾ ਜਾਂਦਾ ਹੈ, ਪ੍ਰੰਤੂ ਇਸ ਸਮੇਂ ਮਰੀਜ਼ ਦਾ ਨਾਮ ਪਤਾ ਆਦਿ ਗੁਪਤ ਰੱਖਿਆ ਜਾਂਦਾ ਹੈ।ਐੱਚ ਆਈ ਵੀ ਮੁੱਖ ਤੌਰ 'ਤੇ ਅਸੁਰੱਖਿਅਤ ਸਰੀਰਕ ਸਬੰਧ ਬਣਾਉਣ, ਇੱਕੋ ਸਰਿੰਜ ਤੋਂ ਵਾਰ ਵਾਰ ਟੀਕੇ ਲਗਾਉਣ ਤੇ ਸੰਕ੍ਰਮਿਤ ਖ਼ੂਨ ਚੜ੍ਹਾਏ ਜਾਣ ਕਾਰਨ, ਕਈ ਕੇਸਾਂ ਵਿੱਚ ਸ਼ਰੀਰ ਤੇ ਟੈਟੂ ਬਣਵਾਉਣ ਨਾਲ ਵੀ ਫੈਲਦਾ ਹੈ।ਇਸ ਮੌਕੇ ਡਾ. ਹਿਮਾਂਸ਼ੂ ਗੁਪਤਾ, ਡਾ. ਸਰਵਦੀਪ ਸਿੰਘ ਰੋਮਾਣਾ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਡਿਪਟੀ ਮਾਸ ਮੀਡੀਆ ਅਫਸਰ ਲਖਵਿੰਦਰ ਸਿੰਘ ਕੈਂਥ, ਸੀਨੀਅਰ ਫਾਰਮੇਸੀ ਅਫਸਰ ਸੁਨੀਲ ਸਿੰਗਲਾ ਆਦਿ ਹਾਜ਼ਰ ਸਨ।

## ਪ੍ਰਾਇਮਰੀ ਤੋਂ ਮਾਸਟਰ ਕਾਡਰ 'ਚ ਅਧਿਆਪਕਾਂ ਦੀਆਂ ਤਰੱਕੀਆਂ ਬੇ-ਵਜ੍ਹਾ ਲਟਕਾਉਣ ਦਾ ਦੋਸ਼

### ਲੈਫਟ ਆਊਟ ਕੇਸਾਂ ਵਾਲੇ ਅਧਿਆਪਕਾਂ ਨੂੰ ਤੁਰੰਤ ਸਟੇਸ਼ਨ ਚੋਣ ਕਰਵਾਈ ਜਾਵੇ : ਡੀ. ਟੀ. ਐੱਫ਼.



ਮੋਗਾ (ਇਕਬਾਲ ਸਿੰਘ ਖਹਿਰਾ)-ਪਿਛਲੇ ਸੱਤ ਸਾਲਾਂ ਤੋਂ ਆਪਣੀਆਂ ਤਰੱਕੀਆਂ ਦੀ ਉਡੀਕ ਕਰ ਰਹੇ ਪ੍ਰਾਇਮਰੀ ਅਧਿਆਪਕ ਸਿੱਖਿਆ ਵਿਭਾਗ ਦੀ ਕੱਛੂ-ਚਾਲ ਤੋਂ ਅੱਕ ਚੁੱਕੇ ਹਨ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਜ਼ਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ ਤੇ ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਦੱਸਿਆ ਕਿ ਪ੍ਰਾਇਮਰੀ ਅਧਿਆਪਕਾਂ ਤੋਂ ਮਾਸਟਰ ਕਾਡਰ ਵਿੱਚ ਹੋਣ ਵਾਲੀਆਂ ਤਰੱਕੀਆਂ ਪਿਛਲੇ ਸੱਤ ਸਾਲਾਂ ਤੋਂ ਲਟਕ ਰਹੀਆਂ ਹਨ।ਕੁਝ ਵਿਸ਼ਿਆਂ ਦੀਆਂ ਪ੍ਰੋਮੋਸ਼ਨਾਂ ਹੋਏ ਨੂੰ ਲਗਭਗ 11-12 ਸਾਲ ਹੋ ਚੁੱਕੇ ਹਨ, ਪਰ ਸਿੱਖਿਆ ਵਿਭਾਗ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਆਗੂਆਂ ਨੇ ਦੱਸਿਆ ਕਿ ਵਿਭਾਗ ਨੇ ਕਈ ਵਾਰ ਜਥੇਬੰਦੀ ਨਾਲ ਮੀਟਿੰਗ ਕਰਦੇ ਹੋਏ ਭਰੋਸਾ ਦਿੱਤਾ ਸੀ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਦੀਵਾਲ਼ੀ ਤੋਂ ਪਹਿਲਾਂ ਕਰ ਦਿੱਤੀਆਂ ਜਾਣਗੀਆਂ, ਪਰ ਅਜੇ ਤੱਕ ਉਨ੍ਹਾਂ ਦਾ ਭਰੋਸਾ ਸਿਰੇ ਨਹੀਂ ਚੜ੍ਹ ਸਕਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ, ਮੀਤ ਪ੍ਰਧਾਨ ਸਵਰਨ ਦਾਸ, ਸੰਯੁਕਤ ਸਕੱਤਰ ਅਮਨਦੀਪ ਮਾਛੀਕੇ, ਵਿੱਤ ਸਕੱਤਰ ਗੁਰਸ਼ਨ ਸਿੰਘ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਸਾਇੰਸ, ਗਣਿਤ, ਅੰਗਰੇਜ਼ੀ ਵਿਸ਼ਿਆਂ ਦੀਆਂ ਪ੍ਰੋਮੋਸ਼ਨਾਂ 2017-18 ਵਿੱਚ ਹੋਈਆਂ ਸਨ ਤੇ ਬਾਕੀ ਵਿਸ਼ਿਆਂ ਦੀਆਂ ਤਰੱਕੀਆਂ ਹੋਈਆਂ ਨੂੰ ਤਾਂ ਲਗਭਗ 12-13 ਸਾਲ ਹੋ ਗਏ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਹੋਣ ਵਾਲੀਆਂ ਤਰੱਕੀਆਂ ਦੀਆਂ ਲਿਸਟਾਂ ਕਾਫੀ ਸਮੇਂ ਤੋਂ ਤਿਆਰ ਪਈਆਂ ਹਨ, ਪਰ ਸਿੱਖਿਆ ਵਿਭਾਗ ਉਨ੍ਹਾਂ ਨੂੰ ਜਾਰੀ ਕਰਨ ਲਈ ਪਤਾ ਨਹੀਂ ਕਿਸ ਗੱਲ ਦੀ ਉਡੀਕ ਕਰ ਰਿਹਾ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਲੈਫਟ ਆਊਟ ਵਿੱਚ ਹੋਈਆਂ ਤਰੱਕੀਆਂ ਵਾਲੇ ਅਧਿਆਪਕਾਂ ਨੂੰ ਤੁਰੰਤ ਸਟੇਸ਼ਨਾਂ ਦੀ ਚੋਣ ਕਰਵਾਈ ਜਾਵੇ ਤੇ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਦੀਆਂ ਲਿਸਟਾਂ ਤੁਰੰਤ ਜਾਰੀ ਕੀਤੀਆਂ ਜਾਣ। ਇਸ ਸਮੇਂ ਜਗਜੀਤ ਸਿੰਘ ਰਣੀਆਂ, ਅਮਰਦੀਪ ਸਿੰਘ ਬੁੱਟਰ, ਸਵਰਨਜੀਤ ਸਿੰਘ ਭਗਤਾ, ਨਰਿੰਦਰ ਸਿੰਘ, ਦੀਪਕ ਮਿੱਤਲ, ਮਧੂ ਬਾਲਾ, ਮਮਤਾ ਕੌਸ਼ਲ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਰੇਲ ਟਰੈਕ ਤੋਂ ਮਿਲੀ ਨਾ ਮਾਲੂਮ ਨੌਜਵਾਨ ਦੀ ਲਾਸ਼

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜੀਆਰਪੀ ਥਾਣਾ ਸਰਹਿੰਦ ਦੀ ਪੁਲਸ ਨੂੰ ਸਰਹਿੰਦ ਵਿਖੇ ਰੇਲਵੇ ਟਰੈਕ ਤੋਂ ਇੱਕ ਨਾਮਾਲੂਮ ਨੌਜਵਾਨ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀਆਰਪੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਸਰਹਿੰਦ ਤੋਂ ਸਾਧੂਗੜ੍ਹ ਵੱਲ ਨੂੰ ਜਾਂਦੇ ਰੇਲ ਟਰੈਕ ਤੇ ਬਾਹਮਣ ਮਾਜਰਾ ਰੇਲਵੇ ਓਵਰਬ੍ਰਿਜ ਨਜ਼ਦੀਕ ਰੇਲਵੇ ਕਿਲੋਮੀਟਰ ਨੰਬਰ 1204/3-2 ਤੇ ਰੇਲਵੇ ਲਾਈਨਾਂ 'ਤੇ ਪਈ ਇੱਕ ਨਾਮਲੂਮ ਨੌਜਵਾਨ ਦੀ ਲਾਸ਼ ਮਿਲੀ ਹੈ।

ਉਨ੍ਹਾਂ ਦੱਸਿਆ ਕਿ ਦੇਖਣ ਨੂੰ ਪ੍ਰਵਾਸੀ ਮਜ਼ਦੂਰ ਲੱਗਦੇ ਮ੍ਰਿਤਕ ਦੀ ਉਮਰ ਕਰੀਬ 24/25 ਸਾਲ ਹੈ, ਜਿਸ ਨੇ ਕਾਲੇ ਰੰਗ ਦੀ ਜੀਨ ਪੈਂਟ ਅਤੇ ਕਾਲੇ ਰੰਗ ਦੀ ਜੈਕੇਟ ਪਹਿਨੀ ਹੋਈ ਸੀ, ਦੀ ਮੌਤ ਕਿਸੇ ਰੇਲ ਗੱਡੀ ਦੀ ਲਪੇਟ ਚ ਆਉਣ ਕਾਰਨ ਹੋਈ ਜਾਪਦੀ ਹੈ।ਜਿਸ ਦੀ ਲਾਸ਼ ਨੂੰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ 'ਚ ਰਖਵਾ ਦਿੱਤਾ ਗਿਆ ਹੈ।

## ਰਾਜਿੰਦਰਾ ਹਸਪਤਾਲ 'ਚ ਵਿਸ਼ਵ ਏਡਜ਼ ਦਿਵਸ ਮਨਾਇਆ




ਪਟਿਆਲਾ (ਰਜਿੰਦਰ ਥਿੰਦ)-ਰਾਜਿੰਦਰਾ ਹਸਪਤਾਲ ਪਟਿਆਲਾ ਦੇ ਏ ਆਰ ਟੀ ਸੈਂਟਰ ਵਿਖੇ ਵਿਸ਼ਵ ਏਡਜ਼ ਦਿਵਸ ਨੂੰ ਸਮਰਪਤ ਏਡਜ਼ ਜਾਗਰੂਕਤਾ ਤੇ ਨਿਊਟਰੇਸ਼ਿ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਦਾ ਮੁੱਖ ਆਦੇਸ਼ ਐੱਚ ਆਈ ਵੀ ਏਡਜ਼ ਜਾਗਰੂਕਤਾ ਪ੍ਰਤੀ ਵੱਧ ਤੋਂ ਵੱਧ ਲੋਕਾਂ ਦੀ ਹਿੱਸੇਦਾਰੀ ਨੂੰ ਯਕੀਨੀ ਬਣਾਉਣਾ ਸੀ।ਇਹ ਕੈਂਪ ਸਿਵਲ ਸਰਜਨ ਪਟਿਆਲਾ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤੇ ਜ਼ਿਲ੍ਹਾ ਟੀ ਬੀ/ਏਡਜ਼ ਕੰਟਰੋਲ ਅਫਸਰ ਡਾ. ਗੁਰਪ੍ਰੀਤ ਸਿੰਘ ਨਾਗਰਾ ਤੇ ਦਿਸ਼ਾ ਕਲਸਟਰ ਪਟਿਆਲਾ, ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੀ ਅਗਵਾਈ ਹੇਠ ਕੀਤਾ ਗਿਆ।ਇਸ ਕੈਂਪ ਦੌਰਾਨ ਡਾ. ਗੁਰਪ੍ਰੀਤ ਸਿੰਘ ਨਾਗਰਾ ਵੱਲੋਂ ਮਰੀਜ਼ਾਂ ਨੂੰ ਐੱਚ.ਆਈ.ਵੀ/ਏਡਜ਼ ਦੇ ਫੈਲਣ ਦੇ ਕਾਰਨ, ਰੋਕਥਾਮ ਤੇ ਉਪਾਅ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ ਅਤੇ ਕੈਂਪ ਦੌਰਾਨ ਪੀ.ਐੱਲ.ਐੱਚ.ਆਈ.ਵੀ. (ਏਡਜ਼ ਨਾਲ ਜੀਅ ਰਹੇ ਲੋਕ) ਨੂੰ ਨਿਊਟਰੀਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਕੈਂਪ ਦੌਰਾਨ ਵਿਸ਼ਵ ਏਡਜ਼ ਦਿਵਸ ਨੂੰ ਸਮਰਪਤ ਕਮਿਊਨਿਟੀ ਦੀ ਹਿੱਸੇਦਾਰੀ ਨੂੰ ਮੁੱਖ ਰੱਖਿਆ ਗਿਆ।ਕੈਂਪ ਦੌਰਾਨ ਨਰਸਿੰਗ ਕਾਲਜ ਰਾਜਿੰਦਰਾ ਹਸਪਤਾਲ ਦੇ ਵਿਦਿਆਰਥੀਆਂ ਵੱਲੋਂ ਐੱਚ.ਆਈ.ਵੀ. ਤੇ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪਟਿਆਲਾ ਦੇ ਏ.ਆਰ.ਟੀ. ਸੈਂਟਰ ਦੇ ਸਟਾਫ ਤੇ ਟੀ.ਆਈ/ਐੱਨ.ਜੀ.ਓਜ਼ ਨੇ ਭਾਗ ਲਿਆ।ਇਸ ਮੌਕੇ ਡਾ. ਸਚਿਨ ਕੌਸ਼ਲ (ਨੋਡਲ ਅਫਸਰ, ਏ ਆਰ ਟੀ ਸੈਂਟਰ ਪਟਿਆਲਾ), ਡਾ. ਕ੍ਰਿਸ਼ਨ ਸਿੰਘ (ਮੈਡੀਕਲ ਅਫਸਰ ਏ ਆਰ ਟੀ ਸੈਂਟਰ ਪਟਿਆਲਾ) ਤੇ ਡਾ. ਸੰਪੂਰਨ ਸਿੰਘ (ਮੈਡੀਕਲ ਅਫਸਰ ਏ ਆਰ ਟੀ ਸੈਂਟਰ ਪਟਿਆਲਾ), ਦਿਸ਼ਾ ਕਲਟਰ ਪਟਿਆਲਾ ਤੋਂ ਯਾਦਵਿੰਦਰ ਸਿੰਘ ਵਿਰਕ, ਨਿਤਿਨ ਚਾਂਦਲਾ ਤੇ ਜਸਪ੍ਰੀਤ ਸਿੰਘ ਮੌਜੂਦ ਸਨ।

## ਹਰਿਆਣਾ 'ਚ ਪੰਜਾਬੀ ਭਾਸ਼ਾ ਦਾ ਵਿਕਾਸ ਸਮੇਂ ਦੀ ਲੋੜ : ਦਰਸ਼ਨ ਸਿੰਘ

### ਟ੍ਰੇਨਿੰਗ ਕੈਂਪ ਦਾ ਮੁੱਖ ਉਦੇਸ਼ ਅਧਿਆਪਕਾਂ ਦੀ ਸਮਰੱਥਾ ਦਾ ਸਰਵਪੱਖੀ ਵਿਕਾਸ : ਪ੍ਰਿੰ: ਜੋਤੀ ਰਾਣੀ



ਸਿਰਸਾ (ਸੁਰਿੰਦਰ ਪਾਲ ਸਿੰਘ)-ਐੱਸ ਸੀ ਈ ਆਰ ਟੀ ਗੁਰੂਗ੍ਰਾਮ ਦੇ ਨਿਰਦੇਸ਼ ਅਨੁਸਾਰ ਡਾਇਟ ਪ੍ਰਿੰਸੀਪਲ ਸ੍ਰੀਮਤੀ ਜੋਤੀ ਰਾਣੀ ਤੇ ਸੀਨੀਅਰ ਲੈਕਚਰਾਰ ਵਜਿੰਦਰ ਡਾਗਰ ਦੀ ਦੇਖ-ਰੇਖ ਹੇਠ ਲੱਗੇ ਪੰਜਾਬੀ ਅਧਿਆਪਕਾਂ ਦੇ ਟ੍ਰੇਨਿੰਗ ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਦੀ ਬਹੁ-ਪੱਖੀ ਸਮਰੱਥਾ ਦਾ ਵਿਕਾਸ ਕਰਨਾ ਸੀ। ਇਸ ਪ੍ਰੋਗਰਾਮ ਵਿੱਚ ਬਤੌਰ ਮਾਸਟਰ ਟ੍ਰੇਨਰ ਦਰਸ਼ਨ ਸਿੰਘ ਦਰਸ਼ੀ, ਡਾ: ਸਮਰਾਟ, ਰਵਿੰਦਰ ਕੌਰ, ਇੰਦਰਜੀਤ ਸਿੰਘ ਤੇ ਸੀਮਾ ਪਰੂਥੀ ਸਮੇਤ ਸਮੂਹ ਲੈਕਚਰਾਰਾਂ ਨੇ ਪੰਜਾਬੀ ਭਾਸ਼ਾ, ਗੁਰਮੁਖੀ ਲਿੱਪੀ ਤੇ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਦੀਆਂ ਬਾਰੀਕੀਆਂ ਬਾਰੇ ਅਧਿਆਪਕਾਂ ਨੂੰ ਗਹਿਰਾਈ ਨਾਲ ਜਾਣੂ ਕਰਵਾਇਆ। ਉਨ੍ਹਾਂ ਅਧਿਐਨ ਦੇ ਵੱਖ ਵੱਖ ਤਰੀਕੇ ਤੇ ਅਧਿਆਪਕ ਅਤੇ ਵਿਦਿਆਰਥੀ ਰਿਸ਼ਤਿਆਂ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਮਾਸਟਰ ਟ੍ਰੇਨਰ ਦਰਸ਼ਨ ਸਿੰਘ ਦਰਸ਼ੀ ਨੇ ਵਿਦਿਆਰਥੀਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ 'ਤੇ ਵਿਸ਼ੇਸ਼ ਚਰਚਾ ਕੀਤੀ। ਪੰਜਾਬੀ ਲੈਕਚਰਾਰ ਰਾਜੇਸ਼ ਕੁਮਾਰ ਨੇ ਕਿਹਾ ਕਿ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੀਆਂ ਪੁਸਤਕਾਂ ਉਪਲਬਧ ਨਾ ਹੋਣਾ ਵੱਡਾ ਚਿੰਤਾਜਨਕ ਮਸਲਾ ਹੈ। ਮੈਡਮ ਪਰਵਿੰਦਰ ਕੌਰ ਦਾ ਲੋਕ ਗੀਤ 'ਸੁਹਾਗ' ਤੇ ਰਾਜ ਗਾਇਕ ਬਿੱਟੂ ਸ਼ਾਹਪੁਰੀ ਦੇ ਗੀਤ ਅਧਿਆਪਕਾਂ ਦੇ ਧਿਆਨ ਦਾ ਕੇਂਦਰ ਬਣੇ। ਟ੍ਰੇਨਿੰਗ ਦੇ ਆਖਰੀ ਦਿਨ ਡਾਇਟ ਪ੍ਰਿੰਸੀਪਲ ਸ੍ਰੀਮਤੀ ਜੋਤੀ ਰਾਣੀ ਵੱਲੋਂ ਸਾਰੇ ਅਧਿਆਪਕਾਂ ਨੂੰ ਪ੍ਰਮਾਣ-ਪੱਤਰਾਂ ਸਮੇਤ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਸੰਜੀਵ ਮੈਣੀ ਦੀ ਕੋਠੀ 'ਚ 'ਸਿੱਧ ਜੋਗੀ ਬਾਬਾ ਬਾਲਕ ਨਾਥ' ਦਾ ਵਿਸ਼ਾਲ ਕੀਰਤਨ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼ਹਿਰ ਦੇ ਪਤਵੰਤੇ ਸੰਜੀਵ ਮੈਣੀ ਦੇ ਨਵੇਂ ਨਿਵਾਸ ਅਸਥਾਨ 'ਤੇ ਗ੍ਰਹਿ ਪ੍ਰਵੇਸ਼ ਦੀ ਖ਼ੁਸ਼ੀ ਨੂੰ ਸਮਰਪਤ ਇੱਕ ਬਹੁਤ ਹੀ ਸ਼ਾਨਦਾਰ ਤੇ ਭਾਵਪੂਰਨ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਿੱਧ ਜੋਗੀ ਬਾਬਾ ਬਾਲਕ ਨਾਥ ਜੀ ਦੇ ਪਵਿੱਤਰ ਨਾਂਅ ਦਾ ਵਿਸ਼ਾਲ ਕੀਰਤਨ ਕਰਾਇਆ ਗਿਆ। ਮੈਣੀ ਪਰਵਾਰ ਵੱਲੋਂ ਇਹ ਖ਼ੁਸ਼ੀ ਦਾ ਮੌਕਾ ਗੁਰੂ ਚਰਨਾਂ ਨਾਲ ਜੋੜਨ ਦੀ ਇਸ ਪਹਿਲ ਨੇ ਸਮੁੱਚੇ ਇਲਾਕੇ ਵਿੱਚ ਸ਼ਰਧਾ ਤੇ ਅਧਿਆਤਮਕਤਾ ਦਾ ਮਾਹੌਲ ਸਿਰਜ ਦਿੱਤਾ। ਇਸ ਮਹਾਨ ਕੀਰਤਨ ਦੀ ਜ਼ਿੰਮੇਵਾਰੀ ਪ੍ਰਸਿੱਧ ਸੇਵਕ ਭਜਨ ਮੰਡਲੀ ਅਤੇ ਵਿਸ਼ੇਸ਼ ਤੌਰ 'ਤੇ ਬਾਬਾ ਹੰਸ ਰਾਜ ਤੰਮਿਆ ਵਾਲੇ ਨੇ ਸੰਭਾਲੀ, ਜਿਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਨੂੰ ਹੋਰ ਵੀ ਰੂਹਾਨੀ ਉਚਾਈ ਬਖ਼ਸ਼ੀ। ਮੰਡਲੀ ਦੇ ਮੈਂਬਰਾਂ ਤੇ ਬਾਬਾ ਹੰਸ ਰਾਜ ਜੀ ਨੇ ਬਾਬਾ ਬਾਲਕ ਨਾਥ ਜੀ ਦੇ ਜੀਵਨ, ਉਨ੍ਹਾਂ ਦੀਆਂ ਅਲੌਕਿਕ ਸ਼ਕਤੀਆਂ ਅਤੇ ਮਨੁੱਖਤਾ ਲਈ ਉਨ੍ਹਾਂ ਦੇ ਸੰਦੇਸ਼ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਬਾਬਾ ਜੀ ਦੀਆਂ ਮਨਮੋਹਕ ਭੇਟਾਂ ਤੇ ਭਜਨ ਗਾਏ, ਜਿਨ੍ਹਾਂ ਨੂੰ ਸੁਣ ਕੇ ਹਾਜ਼ਰੀਨ ਭਗਤੀ ਰਸ 'ਚ ਲੀਨ ਹੋ ਗਏ। ਆਏ ਰਿਸ਼ਤੇਦਾਰ, ਮਹਿਮਾਨ, ਗਲੀ-ਮੁਹੱਲੇ ਦੇ ਵਾਸੀ ਤੇ ਸੱਜਣ-ਮਿੱਤਰ ਇਸ ਰੂਹਾਨੀ ਸਮਾਗਮ ਵਿੱਚ ਪੂਰੀ ਸ਼ਿੱਦਤ ਨਾਲ ਸ਼ਾਮਲ ਹੋਏ। ਉਨ੍ਹਾਂ ਨੇ ਬਾਬਾ ਜੀ ਦੇ ਜੈਕਾਰਿਆਂ ਨਾਲ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ, ਨੱਚ-ਗਾ ਕੇ ਪ੍ਰੇਮ ਅਤੇ ਆਨੰਦ ਮਾਣਿਆ। ਸਮੁੱਚਾ ਮਾਹੌਲ ਬਾਬਾ ਜੀ ਦੀ ਹਾਜ਼ਰੀ ਦੇ ਅਹਿਸਾਸ ਨਾਲ ਭਰਿਆ ਹੋਇਆ ਸੀ। ਬਾਬਾ ਹੰਸ ਰਾਜ ਜੀ ਤੇ ਸਮੁੱਚੀ ਭਜਨ ਮੰਡਲੀ ਨੇ ਸੰਜੀਵ ਮੈਣੀ ਜੀ ਅਤੇ ਉਨ੍ਹਾਂ ਦੇ ਪਰਵਾਰ ਨੂੰ ਨਵੇਂ ਘਰ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸੰਜੀਵ ਮੈਣੀ ਨੇ ਇਸ ਮੌਕੇ 'ਤੇ ਆਈ ਹੋਈ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਹਾਜ਼ਰੀਨ ਨੂੰ ਇੱਕ ਅਹਿਮ ਸੰਦੇਸ਼ ਦਿੰਦਿਆਂ ਕਿਹਾ ਕਿ ਜੀਵਨ ਵਿੱਚ ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ, ਆਪਣੇ ਗੁਰੂ ਅਤੇ ਇਸ਼ਟ ਦੇਵ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਕਹੇ ਅਨੁਸਾਰ ਹੀ ਚੱਲਣਾ ਚਾਹੀਦਾ ਹੈ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਬਦਿਆਲਾ 'ਚ ਮੈਡੀਕਲ ਕੈਂਪ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਮੈਨੇਜਿੰਗ ਟਰੱਸਟੀ ਡਾ. ਐੱਸ. ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਕੌਮੀ ਪ੍ਰਧਾਨ ਸ੍ਰ. ਜੱਸਾ ਸਿੰਘ ਸੰਧੂ, ਡਾਇਰੈਕਟਰ ਸਿਹਤ ਸੇਵਾਵਾਂ ਡਾ. ਦਲਜੀਤ ਸਿੰਘ ਗਿੱਲ ਤੇ ਡਾ. ਆਰ. ਐੱਸ. ਅਟਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵੱਲੋਂ ਬਦਿਆਲਾ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਕੈਂਪ ਦਾ ਉਦਘਾਟਨ ਪ੍ਰਧਾਨ ਬਠਿੰਡਾ ਇਕਾਈ ਤੇ ਪ੍ਰਧਾਨ ਮਾਲਵਾ ਜ਼ੋਨ ਪ੍ਰੋ: ਜਸਵੰਤ ਸਿੰਘ ਬਰਾੜ ਨੇ ਕੀਤਾ। ਇਸ ਵਿੱਚ ਅਪੈਕਸ ਹਸਪਤਾਲ ਰਾਮਪੁਰਾ ਡਾਕਟਰ ਨਿਖਲ ਜੌੜਾ ਵੱਲੋਂ 96 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ।ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ।ਸਿਪਲਾ ਕੰਪਨੀ ਵੱਲੋਂ ਫੇਫੜਿਆਂ ਦੀ ਜਾਂਚ ਦਾ ਸਫੈਰੋਮੀਟਰੀ ਟੈਸਟ ਮੁਫਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਟਰੱਸਟ ਵੱਲੋਂ ਹਰ 15 ਦਿਨਾਂ ਬਾਅਦ ਇਸ ਤਰ੍ਹਾਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ।ਟਰੱਸਟ ਵੱਲੋਂ ਬਠਿੰਡਾ ਜ਼ਿਲ੍ਹੇ ਵਿੱਚ ਹਰ ਮਹੀਨੇ ਲਗਭਗ 300 ਲੋੜਵੰਦ ਲੋਕਾਂ ਨੂੰ 750 ਰੁਪਏ ਤੋਂ ਲੈ ਕੇ 3000 ਰੁਪਏ ਤੱਕ ਪੈਨਸ਼ਨ ਦਿੱਤੀ ਜਾਂਦੀ ਹੈ।ਸਰਕਾਰੀ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ ਆਰ ਓ ਦਾਨ ਵਜੋਂ ਦਿੱਤੇ ਜਾ ਰਹੇ ਹਨ।

ਇਸ ਟਰੱਸਟ ਦੀ ਖਾਸੀਅਤ ਇਹ ਹੈ ਕਿ ਟਰੱਸਟ ਵੱਲੋਂ ਕਿਸੇ ਤੋਂ 1 ਰੁ. ਵੀ ਦਾਨ ਵਜੋਂ ਨਹੀਂ ਲਿਆ ਜਾਂਦਾ।ਸਾਰਾ ਖਰਚਾ ਡਾ. ਐੱਸ. ਪੀ. ਸਿੰਘ ਓਬਰਾਏ ਆਪਣੀ ਨੇਕ ਕਮਾਈ ਵਿੱਚੋਂ ਕਰ ਰਹੇ ਹਨ।ਇਸ ਮੌਕੇ ਕੈਸ਼ੀਅਰ ਬਲਦੇਵ ਸਿੰਘ ਚਹਿਲ, ਬਲਵੀਰ ਸਿੰਘ, ਪਰਮਜੀਤ ਸਿੰਘ ਢਿੱਲੋਂ, ਸੁਰਿੰਦਰ ਸਿੰਘ ਧਾਲੀਵਾਲ, ਜੋਗਿੰਦਰ ਸਿੰਘ, ਪ੍ਰੀਤਮ ਸਿੰਘ, ਸੁਖਮੰਦਰ ਸਿੰਘ ਸਾਰੇ ਸਰਬੱਤ ਦਾ ਭਲਾ ਬਠਿੰਡਾ ਇਕਾਈ ਦੇ ਮੈਂਬਰ ਤੇ ਪਿੰਡ ਵੱਲੋਂ ਜਸਵੀਰ ਸਿੰਘ ਸਾਬਕਾ ਸਰਪੰਚ, ਜਗਦੇਵ ਸਿੰਘ ਫੌਜੀ, ਗੁਰਜੰਟ ਸਿੰਘ ਨੰਬਰਦਾਰ, ਸਰਦਾਰ ਕੁਲਵੰਤ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਲਛਮਣ ਸਿੰਘ ਸਰਪੰਚ, ਡਾਕਟਰ ਬਹਾਦਰ ਸਿੰਘ, ਡਾਕਟਰ ਨਰਦੀਪ ਸਿੰਘ ਹਾਜ਼ਰ ਸਨ।

## ਪੀ ਆਰ ਟੀ ਸੀ ਕਾਮਿਆਂ 'ਤੇ ਤਸ਼ੱਦਦ ਦੀ ਜਥੇਬੰਦੀਆਂ ਵੱਲੋਂ ਸਖ਼ਤ ਨਿਖੇਧੀ

ਲੌਂਗੋਵਾਲ (ਪ੍ਰਦੀਪ ਸੱਪਲ)-ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਵੱਲੋਂ ਪੀ.ਆਰ.ਟੀ. ਸੀ ਕਾਮਿਆਂ ਵੱਲੋਂ ਹੱਕ-ਸੱਚ ਦੀ ਕਿਰਤ ਦੀ ਵਾਜਬ ਮੰਗ ਲਈ ਚੱਲ ਰਹੇ ਸੰਘਰਸ਼ ਦੌਰਾਨ ਹੋਏ ਸਰਕਾਰ ਦੀ ਸ਼ਹਿ 'ਤੇ ਪੁਲਸ ਤਸ਼ੱਦਦ ਦੀ ਸਖ਼ਤ ਨਿਖੇਧੀ ਕੀਤੀ ਗਈ।ਇਕਾਈ ਪ੍ਰਧਾਨ ਜਗਜੀਤ ਭੁਟਾਲ, ਜਨਰਲ ਸਕੱਤਰ ਕੁਲਦੀਪ ਸਿੰਘ, ਵਿੱਤ ਸਕੱਤਰ ਮਨਧੀਰ ਸਿੰਘ, ਸਹਾਇਕ ਸਕੱਤਰ ਕੁਲਵਿੰਦਰ ਬੰਟੀ, ਮੀਤ ਪ੍ਰਧਾਨ ਬਸੇਸਰ ਰਾਮ ਆਦਿ ਆਗੂਆਂ ਨੇ ਇਸ ਪੂਰੇ ਤਸ਼ੱਦਦੀ ਘਟਨਾਕ੍ਰਮ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਆਪ ਸਰਕਾਰ ਲੋਕਾਂ ਦੀ ਹਰ ਪੱਖ ਤੋਂ ਸੋਸ਼ਣ ਕਰਨ ਤੇ ਉਸ ਖਿਲਾਫ਼ ਅਵਾਜ਼ ਉਠਾਉਣ ਵਾਲਿਆਂ 'ਤੇ ਨੰਗਾ ਚਿੱਟਾ ਤਸ਼ੱਦਦ ਕਰਨ 'ਤੇ ਉੱਤਰੀ ਹੋਈ ਹੈ, ਜਿਸ ਖਿਲਾਫ ਲੋਕ ਰੋਹ ਲੋਕ ਲਹਿਰ ਵਿੱਚ ਤਬਦੀਲ ਹੋਣ ਲਈ ਤੱਤਪਰ ਹੈ।

ਗ਼ੈਰ ਮਨੁੱਖੀ ਤਰੀਕੇ ਨਾਲ ਮੁਲਾਜ਼ਮਾਂ ਨੂੰ ਕੁੱਟ-ਕੁੱਟ ਕੇ ਕੱਪੜੇ ਪਾੜ ਕੇ ਘੜੀਸਿਆ ਗਿਆ, ਜੋ ਸ਼ਰੇਆਮ ਲੋਕਤੰਤਰ ਦਾ ਘਾਣ ਹੈ।ਕਹਿਣੀ ਤੇ ਕਰਨੀ ਵਿੱਚ ਅੰਤਾਂ ਦਾ ਅੰਤਰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਦੇਖਣ ਨੂੰ ਮਿਲ ਰਿਹਾ ਹੈ।ਇਸ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਆਗੂਆਂ ਬਲਵੀਰ ਲੌਂਗੋਵਾਲ, ਜੁਝਾਰ ਲੌਂਗੋਵਾਲ, ਅਨਿਲ ਸ਼ਰਮਾ, ਬੀਰਬਲ ਸਿੰਘ, ਲਖਵੀਰ ਲੌਂਗੋਵਾਲ, ਕਮਲਜੀਤ ਵਿੱਕੀ ਨੇ ਸੰਘਰਸ਼ ਨੂੰ ਵਿਚੋਲਿਆ ਰਾਹੀਂ ਗੱਲਬਾਤ ਵਿੱਚ ਉਲਝਾ ਕੇ ਮੰਗਾਂ ਨੂੰ ਠੰਡੇ ਬਸਤੇ ਵਿੱਚ ਪਾਉਣ ਨੂੰ ਲੋਕ ਧ੍ਰੋਹ ਦੱਸਿਆ। ਆਪ ਸਰਕਾਰ ਦਾ ਹਰ ਵਾਅਦਾ ਝੂਠ ਛਲ ਕਪਟ ਹੀ ਨਿਕਲਿਆ ਹੈ। ਮੰਤਰੀਆਂ ਵੱਲੋਂ ਕਰਮਚਾਰੀਆਂ ਨੂੰ ਮੀਟਿੰਗ ਵਿੱਚ ਬੁਲਾ ਕੇ ਜਲੀਲ ਕਰਨਾ ਜਾਂ ਮੀਟਿੰਗ ਦੇ ਕੇ ਮੁਕਰਨਾ ਆਮ ਵਰਤਾਰਾ ਬਣ ਗਿਆ ਹੈ, ਜੋ ਅਤਿ ਗੈਰ ਜ਼ਿੰਮੇਵਾਰਾਨਾ ਰੁਝਾਨ ਹੈ। ਜਮਹੂਰੀ ਅਧਿਕਾਰ ਸਭਾ ਤੇ ਦੇਸ਼ ਭਗਤ ਯਾਦਗਾਰ ਨੇ ਰੋਡਵੇਜ਼ ਤੇ ਪੀ.ਆਰ.ਟੀ.ਸੀ ਦੇ ਗ੍ਰਿਫਤਾਰ ਕਰਮੀਆਂ ਨੂੰ ਤੁਰੰਤ ਰਿਹਾਅ ਕਰਨ, ਪੂਰਾ ਵੇਤਨ ਦੇਣ, ਰੈਗੂਲਰ ਕਰਨ ਤੇ ਪੁਰਾਣੀ ਪੈਨਸ਼ਨ ਸਕੀਮ ਦੇਣ ਦੀ ਮੰਗ ਕੀਤੀ ਹੈ।

## ਹੈਲਿਕਸ ਆਕਸਫੋਰਡ ਸਮਾਰਟ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਤੇ ਸੱਭਿਆਚਾਰਕ ਸਮਾਰੋਹ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਹੈਲਿਕਸ ਆਕਸਫੋਰਡ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਅਤੇ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ।ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਨੇ ਸ਼ਿਰਕਤ ਕੀਤੀ।ਇਸ ਸਮਾਗਮ ਦੌਰਾਨ ਵਿੱਦਿਅਕ ਸੈਸ਼ਨ ਦੌਰਾਨ ਸਿੱਖਿਆ, ਖੇਡਾਂ ਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕਰਨ ਉਪਰੰਤ ਕਵਿਤਾਵਾਂ, ਗੀਤ, ਗਰੁੱਪ ਸੌਂਗ, ਨਾਟਕ ਕੋਰਿਓਗ੍ਰਾਫੀਆਂ ਦੇ ਨਾਲ ਨਾਲ ਵੱਖ ਵੱਖ ਰਾਜਾਂ ਦੇ ਸੱਭਿਆਚਾਰ ਤੇ ਰਹਿਣ ਸਹਿਣ ਨੂੰ ਦਰਸਾਉਂਦੀਆਂ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਮੁਟਿਆਰਾਂ ਦਾ ਗਿੱਧਾ ਤੇ ਗੱਭਰੂਆਂ ਦਾ ਭੰਗੜਾ ਪ੍ਰੋਗਰਾਮ ਦੀ ਸਿਖਰ ਹੋ ਨਿਬੜਿਆ।ਮੁੱਖ ਮਹਿਮਾਨ ਐੱਸ ਡੀ ਐੱਮ ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਸਫਲ ਇਨਸਾਨ ਬਣਨ ਲਈ ਅਨੁਸ਼ਾਸਨ ਵਿੱਚ ਰਹਿਣਾ ਸਭ ਤੋਂ ਜ਼ਰੂਰੀ ਹੈ ਅਤੇ ਇਸ ਦਾ ਮੁੱਢਲਾ ਪਾਠ ਬੱਚਿਆਂ ਨੂੰ ਸਕੂਲੀ ਸਿੱਖਿਆ ਦੌਰਾਨ ਹੀ ਮਿਲਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਬੱਚੇ ਨੇ ਆਪਣੇ ਜੀਵਨ ਵਿੱਚ ਸਫਲ ਹੋਣਾ ਹੈ ਤਾਂ ਮਿਹਨਤ ਇਸ ਦੀ ਸਭ ਤੋਂ ਵੱਡੀ ਕੁੰਜੀ ਹੈ।ਕਦੇ ਵੀ ਕਿਸੇ ਖੇਤਰ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ ਹਿੰਮਤ ਨਹੀਂ ਹਾਰਨੀ ਚਾਹੀਦੀ।ਸਕੂਲ ਦੀ ਪ੍ਰਿੰਸੀਪਲ ਅਮਰਜੋਤ ਕੌਰ ਹਰੀਕਾ ਨੇ ਸਾਲਾਨਾ ਰਿਪੋਰਟ ਪੇਸ਼ ਕਰ ਪਿਛਲੇ ਸਮੇਂ ਦੌਰਾਨ ਹਾਸਲ ਕੀਤੀਆਂ ਉਪਲਬਧੀਆਂ ਸੰਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਆਗਾਮੀ ਵਿੱਦਿਅਕ ਸੈਸ਼ਨ ਮਿੱਥੇ ਗਏ ਟੀਚਿਆਂ ਸਬਧੀ ਜਾਣਕਾਰੀ ਦਿੱਤੀ।ਵਾਈਸ ਪ੍ਰਿੰਸੀਪਲ ਮੰਨਤ ਕੌਰ ਹਰੀਕਾ ਨੇ ਆਏ ਮਹਿਮਾਨਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਵਿੱਦਿਆ ਦੀ ਮਨੁੱਖੀ ਜੀਵਨ ਵਿੱਚ ਅਹਿਮੀਅਤ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਇਰੈਕਟਰ ਮੈਡਮ ਦਵਿੰਦਰ ਕੌਰ, ਹਰਪ੍ਰੀਤ ਸਿੰਘ ਹਰੀਕਾ, ਗੁਰਪ੍ਰਤਾਪ ਸਿੰਘ ਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਮੁਲਾਜ਼ਮ ਆਗੂ ਸੁਖਜੀਤ ਸਿੰਘ 'ਤੇ ਐੱਫ.ਆਈ.ਆਰ ਦੀ ਨਿਖੇਧੀ

ਮਾਨਸਾ (ਆਤਮਾ ਸਿੰਘ ਪਮਾਰ) ਸੀ.ਪੀ.ਐੱਫ਼ ਕ੍ਰਮਚਾਰੀ ਯੂਨੀਅਨ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਕਿ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਸੀਪੀਐੱਫ਼ ਕ੍ਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ 'ਤੇ ਦਿੱਲੀ ਧਰਨੇ ਕਾਰਨ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਵੱਲੋਂ ਐਫ ਆਈ ਆਰ ਦਰਜ ਕੀਤੀ ਗਈ ਹੈ, ਜਿਸ ਦੀ ਸੀਪੀਐਫ ਕ੍ਰਮਚਾਰੀ ਯੂਨੀਅਨ ਵੱਲੋਂ ਨਿੰਦਾ ਕੀਤੀ ਜਾਂਦੀ ਹੈ, ਕਿਉਂਕਿ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹਰ ਵਰਗ ਦਾ ਸੰਵਿਧਾਨਿਕ ਹੱਕ ਹੈ, ਜਿਸ ਕਾਰਨ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ 25 ਨਵੰਬਰ ਨੂੰ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ ਵਿਖੇ ਕੌਮੀ ਪੱਧਰੀ ਧਰਨਾ ਦਿੱਤਾ ਗਿਆ ਸੀ।ਧਰਨੇ ਦੌਰਾਨ ਮੁਲਾਜ਼ਮਾਂ ਦੀ ਗਿਣਤੀ ਵੱਧ ਹੋਣ ਕਾਰਨ ਦਿੱਲੀ ਪੁਲਸ ਵੱਲੋਂ ਸੁਖਜੀਤ ਸਿੰਘ ਸਮੇਤ ਤਿੰਨ ਹੋਰ ਮੁਲਾਜ਼ਮ ਆਗੂਆਂ ਤੇ ਐਫਆਈਆਰ ਦਰਜ ਕਰ ਦਿੱਤੀ।ਦੱਸਣਯੋਗ ਹੈ ਕਿ 2 ਦਸੰਬਰ ਨੂੰ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਦੇ ਇਸ ਰਵੱਈਏ ਵਿਰੁੱਧ ਦੇਸ਼ ਭਰ 'ਚ ਐਫਆਈਆਰ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਵਿਦਿਆਰਥੀਆਂ ਨੇ ਦੋ ਰੋਜ਼ਾ ਵਿੱਦਿਅਕ ਟੂਰ ਲਾਇਆ



ਬਰੇਟਾ (ਰੀਤਵਾਲ)-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦੇ 350 ਸਾਲਾਂ ਸਮਾਗਮਾਂ ਨੂੰ ਸਮਰਪਤ ਸਪਸ ਧਰਮਪੁਰਾ ਦੇ ਵਿਦਿਆਰਥੀਆਂ ਨੇ ਦੋ ਦਿਨਾ ਵਿੱਦਿਅਕ ਟੂਰ ਲਾਇਆ।ਸਕੂਲ ਮੁਖੀ ਜਸ਼ਨਦੀਪ ਸਿੰਘ ਕੁਲਾਣਾ ਨੇ ਕਿਹਾ ਕਿ ਗ੍ਰਾਮ ਪੰਚਾਇਤ, ਸਕੂਲ ਪ੍ਰਬੰਧਕ ਕਮੇਟੀ ਤੇ ਸਟਾਫ਼ ਦੇ ਸਹਿਯੋਗ ਨਾਲ 29-30 ਨਵੰਬਰ ਨੂੰ ਦੋ ਇਹ ਟੂਰ ਲਾਇਆ ਹੈ। ਸਰਪੰਚ ਸੁਖਜਿੰਦਰ ਸਿੰਘ ਕਾਲ਼ਾ ਵੱਲੋਂ ਟੂਰ ਬੱਸ ਨੂੰ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਤਹਿਤ ਗੁਰਦੁਆਰਾ ਪ੍ਰਮੇਸ਼ਵਰ ਦੁਆਰ, ਸ੍ਰੀ ਫ਼ਤਹਿਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਸਾਹਿਬ ਦੇ ਇਤਿਹਾਸਕ ਸਥਾਨਾਂ ਦੀ ਯਾਤਰਾ ਕੀਤੀ।ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਵਿਦਿਆਰਥੀਆਂ ਨੂੰ ਜਿੱਥੇ ਗੁਰੂ ਸਾਹਿਬ ਦੇ ਜੀਵਨ, ਫ਼ਲਸਫ਼ੇ ਤੇ ਜੀਵਨ ਸੰਘਰਸ਼ ਦੀ ਜਾਣਕਾਰੀ ਮਿਲੇਗੀ, ਉੱਥੇ ਆਮ ਗਿਆਨ ਦੀ ਸਮਝ ਵੀ ਵਿਕਸਤ ਹੋਵੇਗੀ।

## ਡਾ. ਜਗਦੀਪ ਸਿੰਘ ਨੇ ਡਾ. ਗੁਰਜੀਤ ਸਿੰਘ ਭੱਠਲ ਵੱਲੋਂ ਲਿਖਤ ਪੁਸਤਕ ਕੀਤੀ ਲੋਕ ਅਰਪਣ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਤੋਂ ਡਾ. ਗੁਰਜੀਤ ਸਿੰਘ ਭੱਠਲ ਵੱਲੋਂ ਲਿਖਿਤ ਕੰਪਿਊਟਰ ਤੇ ਤਕਨਾਲੋਜੀ ਨਾਲ਼ ਸਬੰਧਤ ਪੁਸਤਕ ਦਾ ਲੋਕ-ਅਰਪਣ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਵੀ ਹਾਜ਼ਰ ਰਹੇ।ਡਾ. ਗੁਰਜੀਤ ਸਿੰਘ ਭੱਠਲ ਨੇ ਦੱਸਿਆ ਕਿ ਉਹ ਤੇ ਤਕਨਾਲੋਜੀ ਨਾਲ਼ ਸਬੰਧਿਤ ਲੇਖ ਵੱਖ-ਵੱਖ ਅਖ਼ਬਾਰਾਂ ਵਿੱਚ ਨਿਰੰਤਰ ਲਿਖਦੇ ਰਹੇ ਹਨ।ਇਸੇ ਵਿਸ਼ੇ 'ਤੇ ਉਨ੍ਹਾਂ 'ਨਵੀਂ ਸੋਚ ਨਵੀਆਂ ਟੈਕਨੋਲੋਜੀਆਂ' ਨਾਮਕ ਕਿਤਾਬ ਲਿਖੀ ਹੈ, ਜਿਸ ਵਿੱਚ ਆਧੁਨਿਕ ਤਕਨੀਕੀ ਵਿਕਾਸ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।ਕਿਤਾਬ ਵਿੱਚ ਅੰਗਰੇਜ਼ੀ ਵਿੱਚ ਵੱਖ-ਵੱਖ ਤਕਨਾਲੋਜੀਆਂ ਦੇ 16 ਲੇਖ ਤੇ ਉਨ੍ਹਾਂ ਦੇ 16 ਪੰਜਾਬੀ ਅਨੁਵਾਦ ਸ਼ਾਮਲ ਹਨ, ਜਿਨ੍ਹਾਂ ਨੂੰ ਚਾਰ ਭਾਗਾਂ 'ਚ ਵਰਗੀਕ੍ਰਿਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਹ ਲੇਖ ਮੁੱਖ ਤੌਰ 'ਤੇ ਸੰਚਾਰ ਪ੍ਰਣਾਲੀਆਂ, ਚਿਕਿਤਸਾ ਖੇਤਰ, ਪਰਿਆਵਰਣ ਸੁਰੱਖਿਆ ਤੇ ਧਰਤੀ ਦੇ ਘਟ ਰਹੇ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਤਕਨੀਕੀ ਨਵੇਂ ਨਾਵਾਂ ਵਰਗੇ ਉਭਰਦੇ ਖੇਤਰਾਂ 'ਤੇ ਕੇਂਦਰਤ ਹਨ।ਕਿਤਾਬ ਖ਼ਾਸ ਤੌਰ 'ਤੇ ਪੋਸਟ ਗ੍ਰੈਜੂਏਟ ਅਤੇ ਪੀ.ਐੱਚ.ਡੀ. ਵਿਦਿਆਰਥੀਆਂ ਲਈ ਸਮਰਪਤ ਹੈ ਤਾਂ ਜੁ ਉਹ ਨਵੀਆਂ ਤਕਨਾਲੋਜੀਆਂ, ਚੱਲ ਰਹੀ ਵਿਸ਼ਵ-ਪੱਧਰੀ ਖੋਜ ਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਗਹਿਰਾਈ ਨਾਲ ਸਮਝ ਪ੍ਰਾਪਤ ਕਰ ਸਕਣ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਡਾ. ਭੱਠਲ ਦੀ ਇਸ ਕੋਸ਼ਿਸ਼ ਨੂੰ ਸਰਾਹਿਆ ਅਤੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਦੇ ਪ੍ਰਸੰਗ ਵਿੱਚ ਇਸ ਤਰ੍ਹਾਂ ਦੀਆਂ ਪਹਿਲਾਂ ਸਮਾਜ ਨੂੰ ਸਹੀ ਦਿਸ਼ਾ ਦੇਣ ਲਈ ਬਹੁਤ ਜ਼ਰੂਰੀ ਹਨ।

# ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ ਦਾ ਸਾਲਾਨਾ ਕਲਾ ਮੇਲਾ ਯਾਦਗਾਰੀ ਹੋ ਨਿੱਬੜਿਆ

### ਮੇਅਰ ਵੱਲੋਂ ਬਠਿੰਡਾ 'ਚ ਸ਼ਾਨਦਾਰ ਆਰਟ ਗੈਲਰੀ ਤੇ ਕਲਾ ਮਿਊਜ਼ੀਅਮ ਬਣਾਉਣ ਦਾ ਐਲਾਨ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਠਿੰਡਾ ਦੀ ਸ੍ਰ. ਸੋਭਾ ਸਿੰਘ ਚਿੱਤਰਕਾਰ ਮੈਮੋਰੀਅਲ ਸੁਸਾਇਟੀ ਵੱਲੋਂ ਕਰਵਾਏ ਗਏ ਚਾਰ ਰੋਜ਼ਾ ਸਾਲਾਨਾ ਚਿੱਤਰਕਲਾ ਪ੍ਰਦਰਸ਼ਨੀ ਮੇਲੇ ਦੇ ਅਖੀਰਲੇ ਦਿਨ ਮੁੱਖ ਮਹਿਮਾਨ ਵਜੋਂ ਬਠਿੰਡਾ ਦੇ ਮੇਅਰ ਸ੍ਰੀ ਪਦਮਜੀਤ ਮਹਿਤਾ ਨੇ ਸ਼ਿਰਕਤ ਕੀਤੀ ਤੇ ਕਲਾਕਾਰਾਂ ਨੂੰ ਸਨਮਾਨਤ ਕੀਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਵਾਅਦਾ ਕੀਤਾ ਕਿ ਜਲਦ ਬਠਿੰਡਾ ਵਿਖੇ ਚਿੱਤਰਕਾਰਾਂ ਤੇ ਕਲਾ ਪ੍ਰੇਮੀਆਂ ਲਈ ਬਹੁਤ ਖ਼ੂਬਸੂਰਤ ਆਰਟ ਗੈਲਰੀ ਤੇ ਕਲਾ ਮਿਊਜ਼ੀਅਮ ਤਿਆਰ ਕਰਕੇ ਦਿੱਤਾ ਜਾਵੇਗਾ, ਜਿਸ ਦਾ ਪ੍ਰਸਤਾਵ ਸੁਸਾਇਟੀ ਮੈਂਬਰ ਪਹਿਲਾਂ ਵੀ ਰੱਖ ਚੁੱਕੇ ਸਨ, ਜਿਸ ਨੂੰ ਉਨ੍ਹਾਂ ਸਵੀਕਾਰ ਕਰਦੇ ਹੋਏ ਸਟੇਜ ਤੋਂ ਇਹ ਵੱਡਾ ਐਲਾਨ ਕੀਤਾ।ਮੇਅਰ ਸਾਹਿਬ ਦੀ ਇਹ ਗੱਲ ਸੁਣਦਿਆਂ ਸਾਰੇ ਦਰਸ਼ਕਾਂ ਨੇ ਆਪਣੀਆਂ ਸੀਟਾਂ ਤੋਂ ਖੜੇ ਹੋ ਕੇ ਤਾੜੀਆਂ ਨਾਲ ਉਨ੍ਹਾਂ ਦੇ ਫੈਸਲੇ ਦਾ ਸਵਾਗਤ ਕੀਤਾ।

ਸ੍ਰ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ ਵੱਲੋਂ ਬਠਿੰਡਾ ਦੇ ਟੀਚਰ ਹੋਮ ਟਰੱਸਟ ਵਿਖੇ ਚਿੱਤਰਕਾਰਾਂ ਤੇ ਜੇਤੂ ਵਿਦਿਆਰਥੀਆਂ ਦੇ ਸਨਮਾਨ ਨਾਲ ਐਤਵਾਰ ਯਾਦਗਾਰੀ ਹੋ ਨਿੱਬੜਿਆ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ੍ਰ. ਸੁਖਮੰਦਰ ਸਿੰਘ ਚੱਠਾ ਐੱਮ ਡੀ ਫਤਿਹ ਗਰੁੱਪ ਆਫ ਇੰਸਟੀਚਿਊਸ਼ਨ ਰਾਮਪੁਰਾ ਫੂਲ ਨੇ ਵਿਦਿਆਰਥੀਆਂ ਤੇ ਚਿੱਤਰਕਾਰਾਂ ਦਾ ਟਰਾਫ਼ੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨ ਕੀਤਾ।ਇਸ ਮੌਕੇ ਸੰਜੇ ਮਲਹੋਤਰਾ ਐੱਮ. ਡੀ. ਕੀਰਤੀ ਪਬਲੀਕੇਸ਼ਨ ਗੁੜਗਾਉਂ ਤੇ ਸੂਰਜ ਪ੍ਰਕਾਸ਼ ਹਾਜ਼ਰ ਰਹੇ।ਇਸ ਵਾਰ ਦਾ ਕਲਾ ਮੇਲਾ ਸ੍ਰ. ਮਿਹਰ ਸਿੰਘ (ਵਿਸ਼ਵ ਪ੍ਰਸਿੱਧ ਚਿੱਤਰਕਾਰ) ਨੂੰ ਸਮਰਪਤ ਕੀਤਾ ਗਿਆ।ਇੱਥੇ ਜ਼ਿਕਰਯੋਗ ਹੈ ਕਿ ਇਸ ਵਾਰ ਇਹ ਕਲਾ ਮੇਲਾ ਬਠਿੰਡਾ ਦੀ ਟਰੀ ਲਵਰ ਸੋਸਾਇਟੀ, ਬਠਿੰਡਾ ਫਲਾਵਰ ਫੈਸਟੀਵਲ ਸੰਗਠਨ ਤੇ ਕੀਰਤੀ ਪਬਲੀਕੇਸ਼ਨ ਗੁੜਗਾਉਂ ਦੇ ਸਹਿਯੋਗ ਨਾਲ ਇਹ ਸਾਂਝਾ ਉਦਮ ਕੀਤਾ ਗਿਆ।ਇਸ ਸਬੰਧੀ ਸੁਸਾਇਟੀ ਦੇ ਪ੍ਰਧਾਨ ਡਾ. ਅਮਰੀਕ ਸਿੰਘ, ਜਨਰਲ ਸਕੱਤਰ ਆਰਟਿਸਟ ਗੁਰਪ੍ਰੀਤ ਬਠਿੰਡਾ, ਸਰਪ੍ਰਸਤ ਅਮਰਜੀਤ ਸਿੰਘ ਪੇਂਟਰ ਤੇ ਪ੍ਰੈੱਸ ਸਕੱਤਰ ਸੰਦੀਪ ਸ਼ੇਰਗਿੱਲ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਇਸ ਪ੍ਰਦਰਸ਼ਨੀ ਵਿੱਚ 80 ਤੋਂ ਵੱਧ ਕਲਾਕਾਰਾਂ ਦੀਆਂ ਪੇਂਟਿੰਗਾਂ ਤੇ ਹੋਰ ਆਰਟ ਵਰਕ ਪ੍ਰਦਰਸ਼ਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਵਿਦਿਆਰਥੀ ਆਰਟਿਸਟ ਵੀ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਸ ਚਿੱਤਰਕਲਾ ਸੁਸਾਇਟੀ ਦੇ ਬਹੁਤ ਸਾਰੇ ਹੋਣਹਾਰ ਆਰਟਿਸਟ ਅੱਜ ਦੁਨੀਆ ਤੇ ਦੇਸ਼ ਦੇ ਕੋਨੇ ਕੋਨੇ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ।ਇਸ ਕਲਾ ਮੇਲੇ ਵਿੱਚ ਚਿੱਤਰਕਾਰ ਸੋਹਨ ਸਿੰਘ, ਅਮਰਜੀਤ ਪੇਂਟਰ, ਡਾਕਟਰ ਅਮਰੀਕ ਸਿੰਘ, ਗੁਰਪ੍ਰੀਤ ਆਰਟਿਸਟ, ਹਰਦਰਸ਼ਨ ਸੋਹਲ, ਬਲਰਾਜ ਬਰਾੜ ਮਾਨਸਾ, ਯਸ਼ਪਾਲ ਜੈਤੋ, ਜਸਪਾਲ ਪਾਲਾ, ਬਸੰਤ ਸਿੰਘ, ਕੇਵਲ ਕ੍ਰਿਸ਼ਨ, ਸੁਰੇਸ਼ ਮੰਗਲਾ, ਹਰੀ ਚੰਦ, ਪ੍ਰਸ਼ੋਤਮ ਕੁਮਾਰ, ਸੁਰੀਲ ਕੁਮਾਰ ਗਿੱਦੜਬਾਹਾ, ਕ੍ਰਿਸ਼ਨ ਰਤੀਆ, ਮਾਧੋਦਾਸ, ਭਾਵਨਾ ਗਰਗ, ਹਰਦੀਪ ਸਿੰਘ ਰਾਜਗੜ੍ਹ ਕੁੱਬੇ, ਸੰਦੀਪ ਸ਼ੇਰਗਿੱਲ, ਸੁਰੇਸ਼ ਮੰਗਲਾ, ਕੇਵਲ ਕ੍ਰਿਸ਼ਨ, ਮਿਥੁਨ ਮੰਡਲ, ਪਰਮਿੰਦਰ ਪੈਰੀ, ਚਿੰਤਨ ਸ਼ਰਮਾ, ਪੁਨੀਤ ਸ਼ਰਮਾ, ਅਮਰੀਕ ਮਾਨਸਾ, ਗੁਰਪ੍ਰੀਤ ਮਾਨਸਾ, ਹਰਜਿੰਦਰ ਮਾਨਸਾ, ਅਮਿਤ, ਲਖਵਿੰਦਰ ਲੱਕੀ, ਰੇਖਾ ਕੁਮਾਰੀ, ਸਾਬੀਆ ਅਗਰਵਾਲ, ਅੰਮ੍ਰਿਤਾ ਨੰਦਨ, ਗੁਰਜੀਤ ਪਲਾਹਾ, ਰਮਨਦੀਪ ਕੌਰ, ਬਬੀਤਾ ਸਿੰਗਲਾ, ਆਸ਼ਿਮਾ, ਮਨਪ੍ਰੀਤ ਕੌਰ, ਨਵਪ੍ਰੀਤ ਸਿੰਘ, ਸਰਗਮ, ਭਜਨ ਲਾਲ, ਟੇਕ ਚੰਦ, ਇੰਦਰਜੀਤ ਸਿੰਘ, ਜੀਵਨ ਜੋਤੀ, ਰਿਤੇਸ਼ ਕੁਮਾਰ, ਹਰਪ੍ਰੀਤ ਰਿੰਕੂ, ਭੂਮਿਕਾ, ਮਨਪ੍ਰੀਤ ਕੌਰ, ਰੂਪਾਂਸ਼ੀ, ਪਰਨੀਤ ਕੌਰ ਸੰਗਰੂਰ ਆਦਿ ਤੋਂ ਇਲਾਵਾ ਅਨੇਕਾਂ ਹੋਰ ਚਿੱਤਰਕਾਰਾਂ ਨੇ ਇਸ ਪ੍ਰਦਰਸ਼ਨੀ ਵਿੱਚ ਹਿੱਸਾ ਲਿਆ। ਇਸ ਸਾਲ ਇਸ ਪ੍ਰੋਗਰਾਮ ਤਹਿਤ ਲਾਈਫ ਟਾਈਮ ਅਚੀਵਮੈਂਟ ਅਵਾਰਡ ਸ੍ਰ. ਹਰਦਰਸ਼ਨ ਸਿੰਘ ਸੋਹਲ ਤੇ ਸਾਲਾਨਾ ਸਨਮਾਨ ਸ੍ਰ. ਜਸਪ੍ਰੀਤ ਸਿੰਘ ਚੰਡੀਗੜ੍ਹ, ਤਰਸੇਮ ਸਿੰਘ ਚੰਡੀਗੜ੍ਹ, ਸ੍ਰੀਮਤੀ ਹਰਸ਼ ਇੰਦਰ ਲੂੰਬਾ ਦਿੱਲੀ, ਰੂਬੀ ਰਾਣੀ, ਗੁਰਦੀਪ ਸਿੰਘ ਮੰਡੀ ਕਲਾਂ ਨੂੰ ਦੇ ਕੇ ਸਨਮਾਨਤ ਕੀਤਾ ਗਿਆ।


ਫਾਰਮ ਨੰ. 14
[ਵੇਖੋ ਨਿਯਮ 33 (2)]

**ਵਸੂਲੀ ਅਫਸਰ-I/II ਦਾ ਦਫ਼ਤਰ**
**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)**
**ਹੇਠਲੀ ਮੰਜ਼ਲ, ਐੱਸ ਸੀ ਓ 33-34-35,**
**ਸੈਕਟਰ 17-ਏ, ਚੰਡੀਗੜ੍ਹ-160017**

ਪ੍ਰਕਾਸ਼ਨਾ ਰਾਹੀਂ
ਡਿਮਾਂਡ ਨੋਟਿਸ
ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ

ਆਰ ਸੀ/494/2025 22.10.2025

ਐਕਸਿਸ ਬੈਂਕ ਲਿਮਟਿਡ
ਬਨਾਮ
ਮੈਸਰਜ਼ ਰਿਆਨ ਨਿਟਸ

ਸੇਵਾ 'ਚ

(ਸੀ ਡੀ 1) ਮੈਸਰਜ਼ ਰਿਆਨ ਨਿਟਸ, 842/2, ਪਹਿਲੀ ਮੰਜ਼ਲ ਇੰਡਟਰੀਅਲ ਏਰੀਆ ਏ, ਲੁਧਿਆਣਾ, ਪੰਜਾਬ-141001 ਰਾਹੀਂ ਇਸ ਦੇ ਮਾਲਕ ਸ੍ਰੀ ਧਰੁਵ ਵਰਮਾ।

(ਸੀ ਡੀ 2) ਸ੍ਰੀ ਧਰੁਵ ਵਰਮਾ ਪੁੱਤਰ ਸ੍ਰੀ ਅਚਿੰਤ ਵਰਮਾ ਮਾਲਕ ਮੈਸਰਜ਼ ਰਿਆਨ ਨਿਟਸ, ਵਾਸੀ ਮਕਾਨ ਨੰ. ਬੀ-4, ਓਮੈਕਸ ਰਾਇਲ ਵਿਊ ਹੋਮਜ਼, ਸਾਹਮਣੇ ਸਟਰਲਿੰਗ ਰਿਜ਼ੋਰਟ, ਠੱਕਰਵਾਲ, ਲੁਧਿਆਣਾ, ਪੰਜਾਬ-142002

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/2148/2022 'ਚ ਰਕਮ ਰੁਪਏ 24,74,633.40/- (ਚੌਂਵੀ ਲੱਖ ਚੁਹੱਤਰ ਹਜ਼ਾਰ ਛੇ ਸੌ ਤੇਤੀ ਰੁਪਏ ਅਤੇ ਚਾਲੀ ਪੈਸੇ ਕੇਵਲ) ਸਮੇਤ ਪੈਂਡੈਂਟਲਾਈਟ ਅਤੇ ਭਵਿੱਖੀ ਵਿਆਜ 8.00% ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 26/12/2022 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 27,000/- (ਸਤਾਈ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 31.01.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 22.10.2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ,
ਕਰਜ਼ਾ ਵਸੂਲੀ ਟ੍ਰਿਬਿਊਨਲ
ਚੰਡੀਗੜ੍ਹ (ਡੀ ਆਰ ਟੀ 3)



ਫਾਰਮ ਨੰ. 14
[ਵੇਖੋ ਨਿਯਮ 33 (2)]

**ਵਸੂਲੀ ਅਫਸਰ-I/II ਦਾ ਦਫ਼ਤਰ**
**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)**
**ਹੇਠਲੀ ਮੰਜ਼ਲ, ਐੱਸ ਸੀ ਓ 33-34-35,**
**ਸੈਕਟਰ 17-ਏ, ਚੰਡੀਗੜ੍ਹ-160017**

ਪ੍ਰਕਾਸ਼ਨਾ ਰਾਹੀਂ ਡਿਮਾਂਡ ਨੋਟਿਸ
ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ

ਆਰ ਸੀ/431/2024 13.10.2025

ਐਕਸਿਸ ਬੈਂਕ ਲਿਮਟਿਡ ਬਨਾਮ
ਮੈਸ: ਕਰਤਾਰ ਸਿੰਘ ਖੈਹਰਾ ਐਂਡ ਕੰਪਨੀ ਅਤੇ ਹੋਰ

ਸੇਵਾ 'ਚ

(ਸੀ ਡੀ 1) ਮੈਸਰਜ਼ ਕਰਤਾਰ ਸਿੰਘ ਖੈਹਰਾ ਅਤੇ ਕੰਪਨੀ, ਦੁਕਾਨ ਨੰ. 123, ਨਵੀਂ ਦਾਣਾ ਮੰਡੀ, ਜਗਰਾਉਂ, ਲੁਧਿਆਣਾ, ਪੰਜਾਬ-142026 ਰਾਹੀਂ ਇਸ ਦੇ ਮਾਲਕ ਸ੍ਰੀ ਰਣਜੀਤ ਸਿੰਘ।

(ਸੀ ਡੀ 2) ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਗੁਰਬਚਨ ਸਿੰਘ, ਮਾਲਕ ਮੈਸਰਜ਼ ਕਰਤਾਰ ਸਿੰਘ ਖੈਹਰਾ ਅਤੇ ਕੰਪਨੀ, ਦੁਕਾਨ ਨੰ. 123, ਨਵੀਂ ਦਾਣਾ ਮੰਡੀ, ਜਗਰਾਉਂ, ਲੁਧਿਆਣਾ, ਪੰਜਾਬ-142026. ਨਾਲ ਹੀ : ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਗੁਰਬਚਨ ਸਿੰਘ, ਮਾਲਕ ਮੈਸਰਜ਼ ਕਰਤਾਰ ਸਿੰਘ ਖੈਹਰਾ ਅਤੇ ਕੰਪਨੀ ਵਾਸੀ ਪਿੰਡ ਗਿੱਦੜਵਿੰਡੀ, ਜਗਰਾਉਂ, ਲੁਧਿਆਣਾ, ਪੰਜਾਬ-142026

(ਸੀ ਡੀ 3) ਸ੍ਰੀ ਗੁਰਬਚਨ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਗਰੰਟਰ ਮੈਸਰਜ਼ ਕਰਤਾਰ ਸਿੰਘ ਖੈਹਰਾ ਅਤੇ ਕੰਪਨੀ ਵਾਸੀ ਪਿੰਡ ਗਿੱਦੜਵਿੰਡੀ, ਜਗਰਾਉਂ, ਲੁਧਿਆਣਾ, ਪੰਜਾਬ-142026

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/667/2022 'ਚ ਰਕਮ ਰੁਪਏ 50,78,785.23/- (ਪੰਜਾਹ ਲੱਖ ਅਠੱਤਰ ਹਜ਼ਾਰ ਸੱਤ ਸੌ ਪਚਾਸੀ ਰੁਪਏ ਅਤੇ ਤੇਈ ਪੈਸੇ ਕੇਵਲ) ਸਮੇਤ ਪੈਂਡੈਂਟਲਾਈਟ ਅਤੇ ਭਵਿੱਖੀ ਵਿਆਜ 8.80 % ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 15/09/2021 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 53,000/- (ਤਿਰਵੰਜਾ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 13.01.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 13.10.2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ,
ਕਰਜ਼ਾ ਵਸੂਲੀ ਟ੍ਰਿਬਿਊਨਲ
ਚੰਡੀਗੜ੍ਹ (ਡੀ ਆਰ ਟੀ 3)

# ਕਾਰ ਦੀ ਸਕੂਟਰੀ ਨਾਲ ਟੱਕਰ, ਕਾਰ ਚਾਲਕ ਮੌਕੇ ਤੋਂ ਫਰਾਰ



ਬਲਾਚੌਰ (ਜਸਵਿੰਦਰ ਬੈਂਸ)-ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਦੇ ਪਿੰਡ ਸੁੱਧਾਮਾਜਰਾ ਦੇ ਕੋਲ ਸਕੂਟੀ ਅਤੇ ਕਾਰ ਦੀ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਥਾਣਾ ਕਾਠਗੜ੍ਹ ਤੋਂ ਸੂਚਨਾ ਮਿਲੀ ਕਿ ਸੁੱਧਾ ਮਾਜਰਾ ਵਿਖੇ ਐਕਸੀਡੈਂਟ ਹੋ ਗਿਆ ਹੈ। ਉਨ੍ਹਾਂ ਤੁਰੰਤ ਮੌਕੇ 'ਤੇ ਜਾ ਕੇ ਦੇਖਿਆ ਕਿ ਇੱਕ ਸਕੂਟੀ ਪੀ ਬੀ 32 ਡਬਲਯੂ 5825 ਜਿਸ ਨੂੰ ਵਿਨੋਦ ਕੁਮਾਰ ਛਾਬੜਾ ਪੁੱਤਰ ਸੋਮ ਨਾਥ ਛਾਬੜਾ ਵਾਰਡ ਨੰਬਰ 8 ਵਾਸੀ ਬਲਾਚੌਰ ਚਲਾ ਰਿਹਾ ਸੀ, ਜੋ ਕਿ ਆਪਣੇ ਬੱਚੇ ਅਤੇ ਪਤਨੀ ਨਾਲ ਰੋਪੜ ਤੋਂ ਦਵਾਈ ਲੈ ਕੇ ਬਲਾਚੌਰ ਨੂੰ ਜਾ ਰਹੇ ਸੀ। ਜਦੋਂ ਇਹ ਪਿੰਡ ਸੁੱਧਾਮਾਜਰਾ ਕੋਲ ਪਹੁੰਚੇ ਤਾਂ ਇਹਨਾਂ ਦੇ ਪਿਛੇ ਰੋਪੜ ਵਲੋਂ ਆ ਰਹੀ ਸਵਿਫਟ ਕਾਰ ਚਾਲਕ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ, ਜਿਸ ਨਾਲ ਤਿੰਨੋਂ ਸਕੂਟੀ ਸਵਾਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ ਅਤੇ ਜਿਨ੍ਹਾਂ ਨੂੰ ਇਲਾਜ ਲਈ ਬਲਾਚੌਰ ਦੇ ਪ੍ਰਾਈਵੇਟ ਵਾਹਨ ਰਾਹੀ ਬਲਾਚੌਰ ਹਸਪਤਾਲ ਭਰਤੀ ਕਰਵਾਇਆ ਗਿਆ। ਜਦਕਿ ਇਕ ਵਿਅਕਤੀ ਦੇ ਸੱਟ ਜ਼ਿਆਦਾ ਹੋਣ ਕਰਕੇ ਉਸ ਨੂੰ ਰੋਪੜ ਰੈਫਰ ਕਰ ਦਿੱਤਾ ਗਿਆ। ਐਸ ਐਸ ਐਫ ਦੀ ਟੀਮ ਨੇ ਦੋਨਾਂ ਵਹੀਕਲਾਂ ਨੂੰ ਥਾਣਾ ਕਾਠਗੜ੍ਹ ਦੇ ਹਵਾਲੇ ਕਰ ਦਿੱਤਾ ਜਦ ਕਿ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

# ਲਿਵਾਸਾ ਹਸਪਤਾਲ 'ਚ ਐਡਵਾਂਸਡ ਲਿਵਰ ਕੈਂਸਰ ਮਰੀਜ਼ ਦਾ ਸਫ਼ਲਤਾਪੂਰਵਕ ਇਲਾਜ



ਚੰਡੀਗੜ੍ਹ (ਗੁਰਜੀਤ ਬਿੱਲਾ)-75 ਸਾਲਾ ਅਡਵਾਂਸਡ ਲਿਵਰ ਕੈਂਸਰ ਮਹਿਲਾ ਮਰੀਜ਼, ਜੋ ਕਿ ਦਿਲ ਦੀ ਬਿਮਾਰੀ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਸਮੇਤ ਵੱਖ-ਵੱਖ ਸਿਹਤ ਚੁਣੌਤੀਆਂ ਤੋਂ ਪੀੜਤ ਸੀ, ਨੂੰ ਲਿਵਾਸਾ ਹਸਪਤਾਲ ਵੱਲੋਂ ਐਡਵਾਂਸ ਲਿਊਟੇਥੈਰੇਪੀ ਦੀ ਵਰਤੋਂ ਕਰਕੇ ਸਫਲ ਪ੍ਰਬੰਧਨ ਕਰਨ ਤੋਂ ਬਾਅਦ ਇੱਕ ਨਵੀਂ ਜ਼ਿੰਦਗੀ ਮਿਲੀ। ਮਰੀਜ਼ ਨੂੰ ਐਡਵਾਂਸਡ ਹੈਪੇਟੋਸੈਲੂਲਰ ਕਾਰਸੀਨੋਮਾ ਸੀ ਜੋ ਨੇੜਲੇ ਲਿੰਫ ਨੋਡਸ ਅਤੇ ਫੇਫੜਿਆਂ ਵਿੱਚ ਫੈਲ ਗਿਆ ਸੀ। ਲਿਵਾਸਾ ਦੀ ਓਨਕੋਲੋਜੀ ਟੀਮ ਨੇ ਔਰਤ ਦੀ ਸਿਹਤ ਸਥਿਤੀ ਦੇ ਅਨੁਕੂਲ ਦੋਹਰੀ ਇਮਯੂਨੋਥੈਰੇਪੀ ਦੁਆਰਾ ਇੱਕ ਸੁਰੱਖਿਅਤ ਅਤੇ ਵਧੇਰੇ ਪ੍ਰਭਾਵੀ ਇਲਾਜ ਦੀ ਯੋਜਨਾ ਤਿਆਰ ਕੀਤੀ। ਮੈਡੀਕਲ ਓਨਕੋਲੋਜੀ ਕੰਸਲਟੈਂਟ ਡਾ ਅੰਮ੍ਰਿਤਜੋਤ ਸਿੰਘ ਰੰਧਾਵਾ ਨੇ ਮਰੀਜ਼ ਦੀ ਉਮਰ ਅਤੇ ਗੁੰਝਲਦਾਰ ਮੈਡੀਕਲ ਇਤਿਹਾਸ ਨੂੰ ਧਿਆਨ ਵਿਚ ਰੱਖਦਿਆਂ ਇਲਾਜ ਯੋਜਨਾ ਤਿਆਰ ਕੀਤੀ। ਮਰੀਜ਼ ਨੇ ਇਲਾਜ ਤੋਂ ਬਾਅਦ ਸ਼ਾਨਦਾਰ ਰਿਕਵਰੀ ਕੀਤੀ ਹੈ। ਉਹ ਹੁਣ ਸਥਿਰ ਹੈ, ਅਤੇ ਉਸਦੀ ਸਿਹਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ।

## ਅਸਲਾ ਲਾਇਸੰਸ ਧਾਰਕਾਂ ਦੇ ਹਥਿਆਰ ਚੁੱਕ ਕੇ ਚੱਲਣ 'ਤੇ ਪਾਬੰਦੀ ਦੇ ਹੁਕਮ

ਨਵਾਂਸ਼ਹਿਰ (ਮਨੋਜ ਲੜੋਈ)-ਪੰਜਾਬ ਵਿੱਚ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਹੁਕਮ ਜਾਰੀ ਕਰਦਿਆਂ ਅਸਲਾ ਲਾਇਸੈਂਸ ਧਾਰਕਾਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਅਤੇ ਅਮਨ-ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਲਾਇਸੈਂਸ ਧਾਰਕਾਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ 'ਤੇ ਮਨਾਹੀ ਕੀਤੀ ਗਈ ਹੈ। ਇਹ ਹੁਕਮ ਆਰਮੀ ਪਰਸੋਨਲ, ਪੈਰਾ ਮਿਲਟਰੀ ਫੋਰਸੀਜ਼, ਪੰਜਾਬ ਪੁਲਸ ਕਰਮਚਾਰੀਆਂ ਅਤੇ ਜਿਨ੍ਹਾਂ ਨੂੰ ਧਾਰਮਿਕ ਤੌਰ 'ਤੇ ਰੀਤੀ-ਰਿਵਾਜ਼ਾਂ ਕਾਰਨ ਹਥਿਆਰ ਚੁੱਕਣ ਦੇ ਅਧਿਕਾਰ ਹਨ, ਬੈਂਕਾਂ ਅਤੇ ਕੈਸ਼ ਵੈਨ ਦੀ ਸੁਰੱਖਿਆ ਲਈ ਤੈਨਾਤ ਕੀਤੀ ਗਈ ਨੌਕਰੀ ਕਰਦੇ ਕਰਮਚਾਰੀਆਂ ਜਾਂ ਜਿਨ੍ਹਾਂ ਨੂੰ ਭਾਰਤ ਜਾਂ ਪੰਜਾਬ ਸਰਕਾਰ ਵਲੋਂ ਸੁਰੱਖਿਆ ਕਵਚ ਪ੍ਰਦਾਨ ਕੀਤਾ ਹੋਇਆ ਹੈ, 'ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

# ਪੰਜਾਬ ਸਰਕਾਰ ਦਾ ਵਫ਼ਦ ਜਾਪਾਨ ਤੇ ਦੱਖਣੀ ਕੋਰੀਆ ਦਾ ਕਰੇਗਾ ਦੌਰਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਇੱਕ ਉੱਚ ਪੱਧਰੀ ਵਫ਼ਦ ਦਸੰਬਰ ਦੇ ਪਹਿਲੇ ਹਫ਼ਤੇ ਜਾਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਕਰੇਗਾ। ਇਹ ਦੌਰਾ 13 ਤੋਂ 15 ਮਾਰਚ 2026 ਨੂੰ ਆਈ.ਐਸ.ਬੀ. ਮੋਹਾਲੀ ਕੈਂਪਸ ਵਿਖੇ ਕਰਵਾਏ ਜਾਣ ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਤੋਂ ਪਹਿਲਾਂ ਸੂਬਾ ਸਰਕਾਰ ਦੇ ਉੱਚ-ਪੱਧਰੀ ਅੰਤਰਰਾਸ਼ਟਰੀ ਆਊਟਰੀਚ ਮਿਸ਼ਨ ਦੇ ਹਿੱਸੇ ਵਜੋਂ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਦੀ ਅਗਵਾਈ ਵਾਲੇ ਇਸ ਵਫ਼ਦ ਵਿੱਚ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਦੇ ਮੰਤਰੀ ਸੰਜੀਵ ਅਰੋੜਾ, ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀ ਅਤੇ ਇਨਵੈਸਟ ਪੰਜਾਬ ਟੀਮ ਸ਼ਾਮਲ ਹੋਵੇਗੀ।

## ਕੰਗ ਨੇ ਸਰਦ ਰੁੱਤ ਸੈਸ਼ਨ ਦੌਰਾਨ ਰਾਸ਼ਟਰੀ ਮੁੱਦਿਆਂ 'ਤੇ ਚਰਚਾ ਦੀ ਕੀਤੀ ਮੰਗ



ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)-ਆਮ ਆਦਮੀ ਪਾਰਟੀ (ਆਪ) ਦੇ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਰਾਸ਼ਟਰੀ ਚਿੰਤਾਵਾਂ ਨੂੰ ਹੱਲ ਕਰਨ ਲਈ ਸੰਸਦ ਦੇ ਚੱਲ ਰਹੇ ਸਰਦ ਰੁੱਤ ਸੈਸ਼ਨ ਦੀ ਮਹੱਤਵਪੂਰਨ ਮਹੱਤਤਾ 'ਤੇ ਜ਼ੋਰ ਦਿੱਤਾ। ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੀਡੀਆ ਨਾਲ ਗੱਲ ਕਰਦਿਆਂ ਸੰਸਦ ਮੈਂਬਰ ਕੰਗ ਨੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ) ਨੂੰ ਇੱਕ ਪ੍ਰਮੁੱਖ ਮੁੱਦਾ ਦੱਸਿਆ ਜੋ ਮੁੱਖ ਸੰਸਥਾਵਾਂ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਘਟਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਦ ਰੁੱਤ ਸੈਸ਼ਨ ਦੇਸ਼ ਲਈ ਬਹੁਤ ਮਹੱਤਵਪੂਰਨ ਹੈ। ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸਆਈਆਈਆਰ) ਇਸ ਸਮੇਂ ਦੇਸ਼ ਸਾਹਮਣੇ ਮੌਜੂਦ ਇੱਕ ਪ੍ਰਮੁੱਖ ਮੁੱਦਾ ਹੈ ਅਤੇ ਵਿਰੋਧੀ ਧਿਰ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਵਚਨਬੱਧ ਹੈ।

## Public Notice

Under the instruction of Aadhar Housing Finance ltd I hereby informed the general public that Gulshan Kumar S/o Bishamber Dass R/o B-23/121 Mian Mohalla out side Kapuri Gate Batala Tehsil Batala Distt Gurdaspur, is the absolute owner of Property measuring 4.75 Marlas i.e having 19/1164 share out of khasra No. 18//4 (7-4), 5 (7-9), having measurement towards east and west 58 feet 6 inch, South and north 23 feet 5 inch bounded by East-Property of other, West-Property of other, North-Passage 30 feet wide, South-Property of Gurdeep Singh, situated in the area of revenue estate Shahbad Hadbhast No. 204 Tehsil Batala Distt Gurdaspur.

That Gulshan Kumar S/o Bishamber Dass is taking Contraction loan on above said property from Aadhar Housing Finance ltd 6th floor Burj Punjab, Sco no.9 Distt Shoping Complex Ranjit Avenue Amritsar and Gulshan Kumar S/o Bishamber Dass has lost previous title deed sale deed of 4 Marlas was executed by Jarnail Singh S/o Natha Singh in favour of Japmi Devi W/o Sewak Singh vide Doc no. 2526 dated 16-09-2016 and has also been got registered Lost Information Report 646296/2025 dated 10-11-2025 in this respect. Anybody having claim or claiming any manner in this property or has raised loan by depositing the aforesaid document to any person/bank/ corporation/ Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Aadhar housing Finance ltd.

Harpal Singh Nijjar (Advocate)
Office address- 1st Floor
Above Bhagwan Dass Vasika,
Opp. NRI Police Station,
Kacheri Chownk, Amritsar.
M: 98156-10005

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ-ਟੀ-39-25-26 ਮਿਤੀ 29.11.2025

ਬੰਦ ਹੋਣ ਦੀ ਮਿਤੀ/ਸਮਾਂ: ਨੂੰ 22.12.2025 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-57/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 22.12.2025 ਨੂੰ 15:00 ਵਜੇ ਤੱਕ ਵੈਬਸਾਈਟ https://www.ireps.gov.in 'ਤੇ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਜਿਸ ਕੀਤੇ ਗਏ ਅਤੇ ਮਿਤੀ ਤਕ ਸਮੂਹ ਕਰਵਾਉਣ ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਵਿੱਚ ...

ਐਸ ਆਈ ਟੀ.

| | | | |
|---|---|---|---|
| ਕੰਮ ਦਾ ਨਾਮ | (i) ਡੀ ਐਸ ਟੀ ਈ/ਫਿਰੋਜ਼ਪੁਰ ਦੇ ਸੈਕਸ਼ਨ ਦੇ ਲਈ ਇਕ ਸਾਲ ਦੇ ਲਈ ਸੈਮੀਕਾਲ ਸਿਗਨਲ ਮੇਂਟੇਨੈਂਸ ਕਾਂਟਰੈਕਟ (SSMC) (ii) (i) ਦੇ ਸੈਕਸ਼ਨ ... ਫਿਰੋਜ਼ਪੁਰ ਡਿਵੀਜ਼ਨ ... | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 22.12.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 29.11.2025 12:27 |
| ਅੰਦਾਜਨ ਕੀਮਤ | (i) 14984554.68 (ii) 6908493.70 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 08.12.2025 |
| ਬਿਆਨਾ ਰਾਸ਼ੀ (ਰੁ) | (i) 224900.00 (ii) 138200.00 | ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 6 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3714/25

# ਕਲਾਸੀਫਾਈਡ ਇਸ਼ਤਿਹਾਰ

## Change of Name

I, Nirmala Devi W/o Lal Ji Verma R/o House No. 225 Adarsh Nagar, Jalandhar, Punjab have changed my name from Nirmala Devi to Nirmala Verma. All Concerned please note.

I Neelam D/o Gurpreet Singh R/o VPO. Madhopur ,Teh. Phagwara, Distt Kapurthala have changed my name from Neelam to Neelam Kaur.

I, Gurmit Kaur W/o Surinder Singh R/o Village Bahla, PO. Garhdiwala, Teh. Dasuya, Distt. Hoshiarpur (Punjab) declare that I have changed my name from Gurmit Kaur to Harpreet Kaur. All concerned please note.

I, Jaswider Kaur W/O Jasbir Singh R/O Village Bur Chand PO Margindpura,Tehsil Patti,Distt.Tarn Taran,Punjab have changed my name from Jaswider Kaur to Jaswinder Kaur. Concerned note.

I, Gurpreet Singh S/o Sardara Singh R/o Village Sadhpura, PO Chogawan Sadhpur, Distt. Amritsar, Punjab have changed my name from Gurpreet Singh to Singh is my surname and Gurpreet is my given name.

I, Sneha W/o Parveen R/o H.No. E-7/679, Street No.1, Opp. Police Station, Manchanda Building, Chheharta, Amritsar, Punjab have changed my name from Sneha to Sneha Pandey.

I Venus W/o Manjit Singh Gill R/o House NO. 343, Ward No. 15, Mohalla New Chandan Nagar, Kartarpur, Distt. Jalandhar, Punjab-144801, declare that I have changed my name from Venus to Venus Gill. Concerned Please Note.

I Joel S/o Manjit Singh Gill R/o Mohalla New Chandan Nagar, Kartarpur, Distt. Jalandhar, Punjab-144801, declare that I have changed my name from Joel to Joel Gill. Concerned Please Note.

I, Parmjeet Kaur W/o Gurdev Chand R/o Street No. 3, Near Footbol Ground New Dashmesh Nagar Distt. Hoshiarpur Punjab have changed my name from Parmjeet Kaur to Paramjeet Kaur.

I hitherto known as Pardeep Kumar Rai Son of Garib Dass, Residing at Street no. 1 New Gobind Nagar, Near Sonalika Tresher Division, Opposite I.T.I., Distt. Hoshiarpur have changed my name and shall hereafter be known as Pardeep Singh Rai. I have changed my name only and not my religion.

I, Lovepreet Singh S/O Lakhvindra Singh R/O Village Kundeshwari PO and Tehsil Kashipur, Udham Singh Nagar, Uttarakhand, India have changed my name from Lovepreet Singh to Lovepreet as my Given name and Singh as my Surname. Concerned note.

I, Rajvir S/O Sh. Ram Lubhaya R/O Vill. Miowal, Po. Mausahib, Tehsil. Phillaur, Distt. Jalandhar, Punjab have changed my name from Rajvir to Rajvir Kalsi. All Note.

I, Suraj Sampla S/o Ajit Kumar Resident of V.P.O. Sofi Pind, Distt. Jalandhar, Punjab have changed my name from Suraj Sampla to SAMPLA as SurName and given my name as SURAJ. All concerned please note.

I, Harjeetsingh Santokhsingh Sandhu S/o Santokhsingh Sammasingh Sandhu R/O VPO. Dharar Distt Amritsar have changed my name from Harjeetsingh Santokhsingh Sandhu to Harjeetsingh S Sandhu

I, Nirmal Bir Singh S/o Surjeet Singh Randhawa Resident of H.No. 241, Near Panj Peer, New Golden Avenue, Amritsar, have changed my name from Nirmal Bir Singh to Singh Nirmal Bir Concerned may please be Noted.

I, Sarbjit Kaur W/o Nirmalbir Singh Resident of H.No. 241, Near Panj Peer, New Golden Avenue, Amritsar, have changed my name from Sarbjit Kaur to Kaur Sarbjit concerned may please be noted.

I, Santosh Singh Son of Sadhu Singh resident of H.No. S-37, Lane No. 1, Green City, Airport Road, Amritsar have changed my name from Santosh Singh to Santokh Singh concerned may please be noted.

I, Karandeep Singh S/o Gurwinder Singh R/o Village Balehar, Tehsil Patti District Tarn Taran have declare that Karandeep is my Given name and Singh is my Surname.

I, Jung Bahadur alias Happy S/o Piara Singh R/o H.No. W.S. 73, Mohalla Satran, Basti Sheikh, Jalandhar-144002, Punjab, have changed my name from Jung Bahadur alias Happy to Jang Bahadur as given name and Singh as surname. All concerned please note.

## Change of Name

I, Vikrant S/o Hans Raj R/o H.No.34-B, near Police Station Shiv Nagar, Islamabad, Amritsar have changed my name from Vikrant to Vikrant Kashyap

I, Kamlesh Rani W/o Hans Raj R/o H.No.34-B, near Police Station Shiv Nagar, Islamabad, Amritsar have changed my name from Kamlesh Rani to Kamlesh.

I, Harbinder Kumar S/o Resham Lal R/o Village Sidham Mutsadi, Po Chuheki Distt Jalandhar Punjab 144039 have declare that Harbinder is my Given name and Kumar is my Surname. All Concerned may please note.

I, Sukhdeep son of Atamjit Singh resident of 534, Model Town Jalandhar, Punjab have changed my name to Sukhdeep Singh Bawa. All concerned please note.

I, Rakkesh Kashyap S/O Mohinder Pal, R/o 37 Ground Floor Mig Flats, GGS Avenue, Jalandhar, I,PO; Jalandhar City, Dist: Jalandhar, Punjab-144001, have changed my name and shall hereafter be Known as Rakesh Kumar.

I, Baljeet Singh S/o Sham Singh R/o H.No. 15, Bhai Gurdass Nagar, Basti Peer Dad, Jalandhar have changed my name to Given Name as Baljeet & Surname as Singh. All concerned please note.

I, Meena Vasudeva W/o Sh. Vinod Kumar R/o H.No. 162, St. No. 4, Amar Nagar, Gulab Devi Hospital Road, Jalandhar, Punjab have changed my name from Meena Vasudeva to Meena. All concerned please note.

I, Paramjit w/o Harjinder Singh r/o B-1/438, Anand Nagar, Maqsudan, Jalandhar, Punjab have changed my name to Paramjit Kaur. All Please Note.

I, Amandeep Bangar s/o Harbhajan Dass R/o D.R Ambedkar Nagar (Dhadda) Kapurthala-144407, Punjab have changed name of my minor daughter name from Angel Bangar to Rahi Lal. All Please Note.

I, Pappu Shrivas S/o Ganpat Shrivas R/o H.No. 706, Urban Estate, Phase-1, PO. Garha, Distt. Jalandhar, Punjab-144022 have changed the name of my minor son Shivam Shrivas aged 16 years and he shall hereafter be known as Satyam Shrivas.

I, Maninderjit Singh S/o Mangal Singh R/o H.No. 81, New Colony, Gopal Nagar, Jalandhar-144008, Punjab have changed the name of my minor son Jaspreet Singh Age 16 Years and She shall hereafter be known as Jappreet Singh Johar.

I, Munish Kumar Verma S/o Ram Kumar, R/o H. No. E.F. 335, Grand Colony, New Railway Road, Jalandhar have changed my name from Munish Kumar Verma to Munish Verma. All concerned please note.

I, Arfan S/o Shingara, resident of Ward No. 5, Lohian Khas, Tehsil Shahkot, (Jalandhar), Have Changed My Name Arfan to Arfan Sabharwal Concerned May Note.

## ਬੇਦਖਲੀ ਨੋਟਿਸ

ਮੈਂ, ਭਰਭੂਰ ਸਿੰਘ ਪੁੱਤਰ ਛੋਟਾ ਸਿੰਘ, ਪਿੰਡ ਮੁਲੋਵਾਲ (ਸੰਗਰੂਰ) ਆਪਣੇ ਲੜਕੇ ਗੁਰਪਿਆਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ।

ਮੈਂ/ਅਸੀਂ, ਸੁਰਜੀਤ ਸਿੰਘ ਪੁੱਤਰ ਸ੍ਰੀ ਧਰਮ ਸਿੰਘ, ਵਾਸੀ ਪਿੰਡ ਟਾਹਲੀ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੁਖਵਿੰਦਰ ਸਿੰਘ ਅਤੇ ਇਸ ਦੀ ਪਤਨੀ ਮਿੰਨੂ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਅਤੇ ਜਾਤੀ ਜ਼ਿੰਦਗੀ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ/ਸੰਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਤਿਲਕ ਰਾਜ ਪੁੱਤਰ ਰਾਮ ਚੰਦ ਵਾਸੀ ਪੁਰੋਵਾਲ ਜੱਟਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਮੇਰਾ ਲੜਕਾ ਜਨਕ ਰਾਜ ਅਤੇ ਉਸ ਦੀ ਪਤਨੀ ਅੰਜੂ ਬਾਲਾ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਕ੍ਰਿਸ਼ਨ ਲਾਲ ਪੁੱਤਰ ਤਾਰਾ ਚੰਦ ਵਾਸੀ ਮਕਾਨ ਨੰਬਰ 308, ਸੁਰਿਆ ਨਗਰ, ਬਸਤੀ ਗੁਜਾਂ, ਜਲੰਧਰ-1, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰੀਸ਼ ਕੁਮਾਰ ਉਰਫ ਹੈਪੀ ਅਤੇ ਉਸਦੀ ਪਤਨੀ ਅਨੀਤਾ ਰਾਨੀ ਉਰਫ ਸਿਮਲ ਅਤੇ ਉਸਦਾ ਲੜਕਾ ਅੰਕਿਤ ਅਹੂਜਾ ਅਤੇ ਲੜਕੀ ਰਿਤਿਕਾ ਅਹੂਜਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਉਸਦੀ ਖੁਦ ਦੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸੁਖਦੇਵ ਸਿੰਘ ਸਪੁੱਤਰ ਦਲਬੀਰ ਸਿੰਘ, ਵਾਸੀ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਲੜਕੇ ਸਿਕੰਦਰ ਸਿੰਘ, ਨੂੰਹ ਪ੍ਰਭ ਕੌਰ (ਸਮੇਤ ਬੱਚਿਆਂ) ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਸਤੀਸ਼ ਬੇਦੀ ਪੁੱਤਰ ਰਾਮ ਸ਼ਰਨਦਾਸ ਬੇਦੀ, ਵਾਸੀ ਪੁਰਾਣਾ ਸ਼ਾਹਪੁਰ ਰੋਡ, ਨੇੜੇ ਕ੍ਰਿਸ਼ਨਾ ਪੈਲੇਸ ਪਠਾਨਕੋਟ ਹਾਂ। ਇਹ ਕਿ ਮੇਰਾ ਲੜਕਾ ਰਾਹੁਲ ਬੇਦੀ ਅਤੇ ਨੂੰਹ ਮੋਨਿਕਾ ਦੇਵੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਮੇਰਾ ਇਨ੍ਹਾਂ ਨਾਲ ਕੋਈ ਵੀ ਤਲਕ-ਵਾਸਤਾ ਨਹੀਂ ਹੈ।

ਮੈਂ ਹਰਮੇਸ਼ ਕੁਮਾਰ ਪੁੱਤਰ ਕਿਸ਼ਨ ਚੰਦ ਵਾਸੀ 49, 3, ਬਸੰਤ ਨਗਰ ਫਗਵਾੜਾ ਜਿਲਾਂ ਕਪੂਰਥਲਾ ਦਾ ਸੂਚਿਤ ਕਰਦਾ ਹਾਂ ਮੇਰਾ ਲੜਕਾ ਮਨਮੀਤ ਕੁਮਾਰ ਨੂੰਹ ਅੰਜੂ ਭੈੜੀ ਸੰਗਤ ਵਿੱਚ ਪੈ ਗਏ ਹਨ। ਮੇਰੇ ਨਾਲ ਲੜਾਈ ਝਗੜਾ ਕਰਦੇ ਹਨ। ਮੇਰੇ ਕਹਿਣੇ ਵਿੱਚ ਨਹੀ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਕਿਸ਼ਨ ਸਿੰਘ ਪੁੱਤਰ ਲਸ਼ਮਣ ਦਾਸ ਵਾਸੀ ਪਿੰਡ ਪਰਸੋਤਾ ਡਾਕਖਾਨਾ ਬਾੜੀਆਂ ਕਲਾਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਜ ਕੁਮਾਰ ਅਤੇ ਉਸਦੀ ਪਤਨੀ ਮਨੀਸ਼ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ ਪਰਵੇਸ਼ ਗੁਲਾਟੀ ਪੁੱਤਰ ਸ਼੍ਰੀ ਜੁਗਲ ਕਿਸ਼ੋਰ ਵਾਸੀ ਮਕਾਨ ਨੰ.53, ਗਲੀ ਨੰ. 29, ਫਤਿਹ ਸਿੰਘ ਕਾਲੋਨੀ, ਆਊਟਸਾਈਡ ਗੇਟ ਹਕੀਮਾਂ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵੀ ਗੁਲਾਟੀ ਅਤੇ ਉਸਦੀ ਪਤਨੀ ਹਿਮਾਨੀ ਅਤੇ ਉਨ੍ਹਾਂ ਦੇ ਬੱਚੇ ਵੰਸ਼ਿਕਾ ਅਤੇ ਹਿਮਾਂਸ਼ੂ ਜੋ ਕਿ ਸਾਰੇ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਮੇਰੀ ਕੋਈ ਦੇਖਭਾਲ ਨਹੀਂ ਕਰਦੇ ਅਤੇ ਕੋਈ ਗੱਲ ਨਹੀਂ ਸੁਣਦੇ। ਮੈਂ ਉਨ੍ਹਾਂ ਸਭ ਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਬਲਿਹਾਰ ਸਿੰਘ ਸਪੁੱਤਰ ਲੱਖਾ ਸਿੰਘ, ਵਾਸੀ ਜੋਧੇ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਮਨਪ੍ਰੀਤ ਸਿੰਘ ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਹਰਮਨਪ੍ਰੀਤ ਸਿੰਘ ਸਪੁੱਤਰ ਸਤਨਾਮ ਸਿੰਘ, ਵਾਸੀ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੀ ਪਤਨੀ ਮਨਮੀਤ ਕੌਰ ਪੁੱਤਰੀ ਸੁੱਚਾ ਰਾਮ, ਨਾਲੋਂ ਕਹਿਣਿਓਂ ਬਾਹਰੀ ਹੋਣ ਕਾਰਨ ਆਪਣਾ ਨਾਤਾ ਤੋੜਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਮੰਗਾ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਡਾਕ. ਸੁਭਾਨਪੁਰ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰੀਕ ਕੌਰ ਉਰਫ ਅੰਮ੍ਰਿਤ ਕੌਰ ਪਤਨੀ ਗੁਰਵਕਸ਼ ਸਿੰਘ, ਵਾਸੀ ਮਕਾਨ ਨੰ: 112, ਗਲੀ ਨੰ: 1, ਪ੍ਰਤਾਪ ਐਵੀਨਿਊ, ਜੀ. ਟੀ. ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਰਾਜਕਰਨ ਸਿੰਘ ਉਰਫ ਹੈਪੀ ਦੀ ਮੌਤ ਹੋ ਚੁੱਕੀ ਹੈ। ਮੌਤ ਤੋਂ ਬਾਅਦ ਮੇਰੀ ਨੂੰਹ ਸਰਬਜੀਤ ਕੌਰ ਪਤਨੀ ਸਵ: ਰਾਜਕਰਨ ਸਿੰਘ ਉਰਫ ਹੈਪੀ ਅਤੇ ਇਸ ਦੇ ਬੱਚੇ ਜਸਲੀਨ ਕੌਰ, ਨਵਉਜਵਲ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਮਰੀਕ ਕੌਰ ਉਰਫ ਅੰਮ੍ਰਿਤ ਕੌਰ ਪਤਨੀ ਗੁਰਵਕਸ਼ ਸਿੰਘ, ਵਾਸੀ ਮਕਾਨ ਨੰ: 112, ਗਲੀ ਨੰ: 1, ਪ੍ਰਤਾਪ ਐਵੀਨਿਊ, ਜੀ. ਟੀ. ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਲੜਕਾ ਪਲਵਿੰਦਰ ਸਿੰਘ ਉਰਫ ਪਾਲੀ ਅਤੇ ਇਸ ਦੀ ਪਤਨੀ ਗੁਰਿੰਦਰ ਕੌਰ ਅਤੇ ਇਨ੍ਹਾਂ ਦੇ ਤਿੰਨ ਬੱਚੇ ਜੋ ਵਿਦੇਸ਼ ਅਮਰੀਕਾ ਵਿਚ ਰਹਿ ਰਹੇ ਹਨ, ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪੰਜਾਬ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਮਕਾਨ ਨੰ: 2734, ਦਸਮੇਸ਼ ਨਗਰ, ਗੁਰੂ ਨਾਨਕਪੁਰਾ ਰੋਡ, ਕੋਟ ਖਾਲਸਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਰਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਵੇਲ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਪਿੰਡ ਕੱਲੇਵਾਲ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਭਿੰਦਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ, ਸਿਮਰੋ ਪਤਨੀ ਜਸਪਾਲ ਵਾਸੀ ਕਾਲਾ ਸੰਘਾ ਰੋਡ, ਪਿੰਡ ਕੋਟ ਸਦੀਕ, ਡਾਕਖਾਨਾ ਬਸਤੀ ਗੁਜਾ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਬੀਰ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਗੁਰਬਚਨ ਸਿੰਘ ਪੁੱਤਰ ਜੱਸਾ ਸਿੰਘ ਵਾ ਬਿਮਲਾ ਕੌਰ ਪਤਨੀ ਗੁਰਬਚਨ ਸਿੰਘ, ਵਾਸੀ ਪਿੰਡ ਬਾਬਕ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡੀ ਨੂੰਹ ਅਮਨਦੀਪ ਕੌਰ ਵਿਧਵਾ ਜਸਵੀਰ ਸਿੰਘ, ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਜਿਸ ਕਰਕੇ ਅਸੀਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਸਾਡਾ ਕੋਈ ਸੰਬੰਧ ਨਹੀਂ ਹੋਵੇਗਾ।

## ਨਾਂਅ ਦੀ ਬਦਲੀ

ਮੈਂ ਕਿਰਨ ਬਾਲਾ ਪਤਨੀ ਗੋਪਾਲ ਬੱਧਣ ਵਾਸੀ ਪਿੰਡ ਆਦੇਕਾਲੀ, ਡਾਕਖਾਨਾ ਮਿੱਠੜਾ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਨੇ ਆਪਣੇ ਲੜਕੇ ਦਾ ਨਾਮ ਮਨਕੀਰਤ ਬੱਧਣ ਤੋਂ ਬਦਲ ਕੇ ਗੁਰਕੀਰਤ ਬੱਧਣ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਪ੍ਰਿਆ ਮਹਿਤਾ ਪਤਨੀ ਨਿਤਿਨਜੀਤ ਉੱਪਲ ਵਾਸੀ ਮਕਾਨ ਨੰ: 117, ਗੁਰਜੀਤ ਨਗਰ, ਗੜ੍ਹਾ ਰੋਡ ਜਲੰਧਰ ਨੇ ਆਪਣਾ ਨਾਂਅ ਵਿਆਹ ਤੋਂ ਬਾਅਦ ਬਦਲ ਕੇ ਪ੍ਰਿਆ ਉੱਪਲ ਰੱਖ ਲਿਆ, ਸਾਰੇ ਨੋਟ ਕਰਨ।

ਮੈਂ, ਰੁਪਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ, ਵਾਸੀ ਬਮਾਲ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰੁਪਿੰਦਰ ਸਿੰਘ ਮਰਾਹੜ ਰੱਖ ਲਿਆ ਹੈ।

ਮੈਂ, ਪ੍ਰਵੀਨ ਰਾਣੀ ਪਤਨੀ ਹਰਗੋਪਾਲ ਸ਼ਰਮਾ, ਵਾਸੀ ਪਿੰਡ ਮੱਲੂਮਾਜਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਜਸਵੀਰ ਕੌਰ ਰੱਖ ਲਿਆ ਹੈ।

ਮੈਂ, ਗੁਲਜਾਰਾ ਰਾਮ ਉਰਫ ਗੁਲਜਾਰੀ ਲਾਲ ਪੁੱਤਰ ਅਸੀਂ ਚੰਦ ਪੁੱਤਰ ਇਸ਼ਰ ਦਾਸ ਵਾਸੀ ਖੁਰਲਾ ਕਿੰਗਰਾ, ਜਲੰਧਰ ਬਿਆਨ ਕਰਦਾ ਹਾਂ ਕਿ ਦੋਨੋ ਨਾਮ ਇਕੋ ਹੀ ਵਿਅਕਤੀ ਦੇ ਹਨ। ਅਤੇ ਦੋਨਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਿਤ ਨੋਟ ਕਰਨ।

ਮੈਂ, ਅਰੁਣ ਪੁੱਤਰ ਰਾਹੁਲ ਕੁਮਾਰ ਸੇਠੀ ਵਾਸੀ ਗਲੀ ਨੰ. 5, ਸੁਭਾਸ਼ ਨਗਰ ਫਗਵਾੜਾ, ਜ਼ਿਲਾ ਕਪੂਰਥਲਾ ਨੇ ਆਪਣਾ ਨਾਮ ਅਰੁਣ ਤੋਂ ਬਦਲ ਕੇ ਅਰੁਣ ਕੁਮਾਰ ਸੇਠੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਸੋਖਾ ਪੁੱਤਰ ਬਚਨਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਬੀਰ ਬੰਸੀਆ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਰਜੀਤ ਕੁਮਾਰ ਅਤੇ ਉਸਦੀ ਪਤਨੀ ਜੋਤੀ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 04-06-2025 ਨੂੰ ਅਖ਼ਬਾਰ ਨਵਾਂ ਜਮਾਨਾ ਅਤੇ ਉਤਮ ਹਿੰਦੂ ਵਿੱਚ ਦਿੱਤੇ ਇਸ਼ਤਿਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਸੁਰਜੀਤ ਕੁਮਾਰ ਅਤੇ ਉਸਦੀ ਪਤਨੀ ਜੋਤੀ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਰਿਤਿਕਾ ਪਤਨੀ ਬਹਾਦਰ ਸਿੰਘ ਨਿਵਾਸੀ ਮਕਾਨ ਨੰਬਰ ਐਨ ਈ- 91, ਸਹਿਗਲ ਮੁਹੱਲਾ, ਖਿੰਗਰਾ ਗੇਟ, ਜਲੰਧਰ (ਪੰਜਾਬ) ਨੇ ਆਪਣੀ ਧੀ ਲਵਲੀਨ ਕੌਰ, ਜੋ ਕਿ ਸਾਡੇ ਕੰਟਰੋਲ ਵਿਚ ਨਹੀਂ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਉਸ ਨਾਲ ਸੰਬੰਧ ਰੱਖਣ ਵਾਲਾ ਜਾਂ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਵਾਰ ਨਹੀਂ।

ਮੈਂ, ਰਾਧੇ ਰਾਮ ਪੁੱਤਰ ਰਾਮ ਦੇਵ, ਵਾਸੀ ਇਸਮੈਲਪੁਰ, ਤਹਿਸੀਲ ਡੋਰੀਬਨ, ਜ਼ਿਲ੍ਹਾ ਛਪਰਾ, ਬਿਹਾਰ, ਹਾਲ ਵਾਸੀ ਪਿੰਡ ਤਲਵੰਡੀ ਭਰੋ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਸੁਖਵੀਰ ਸਿੰਘ ਪੁੱਤਰ ਗੁਲਬਦਨ ਸਿੰਘ, ਵਾਸੀ ਪਿੰਡ ਤਲਵੰਡੀ ਭਰੋ ਕੋਲ ਆਪਣੀ ਮਰਜ਼ੀ ਨਾਲ ਕੰਮ ਕਰਦਾ ਹਾਂ ਅਤੇ ਇਹ ਮੇਰੀ ਦੇਖ-ਭਾਲ ਅਤੇ ਮੈਨੂੰ ਖਰਚਾ ਦਿੰਦੇ ਹਨ। ਮੇਰਾ ਕੋਈ ਅੱਗੇ-ਪਿੱਛੇ ਵਾਰਸ ਨਹੀਂ ਹੈ। ਇਸ ਕਰਕੇ ਮੈਂ ਆਪਣੀ ਜ਼ਿੰਦਗੀ ਦਾ ਆਪ ਜ਼ਿੰਮੇਵਾਰ ਹੋਵਾਂਗਾ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: 3003041624,5 ਹਾਰਸ ਪਾਵਰ, ਜੋ ਕਿ ਹਰਬੰਸ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਸ਼ੇਰੇ ਦੀ ਪੱਤੀ, ਗੁਰੂਵਾਲੀ, ਗਿਲਵਾਲੀ, ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ, ਨੂੰ ਬਲਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਸ਼ੇਰੇ ਦੀ ਪੱਤੀ, ਗੁਰੂਵਾਲੀ, ਗਿਲਵਾਲੀ, ਅੰਮ੍ਰਿਤਸਰ ਦੇ ਨਾਂਅ 'ਤੇ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਕੋਟ ਮਿਤ ਸਿੰਘ, ਤਰਨ ਤਾਰਨ ਰੋਡ, ਅੰਮ੍ਰਿਤਸਰ ਨੂੰ ਆਪਣਾ ਇਤਰਾਜ਼ ਪੇਸ਼ ਕਰੇ। ਬਾਅਦ ਵਿਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਉਪ ਮੰਡਲ ਅਫਸਰ ਪੀ ਐਸ ਪੀ ਸੀ ਐਲ ਸੈਲਾ ਖੁਰਦ ਵਲੋਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਅਧੀਨ ਚੱਲ ਰਿਹਾ ਟਿਊਵੈਲ ਕੁਨੈਕਸ਼ਨ ਸ੍ਰੀਮਤੀ ਸਤਨਾਮ ਕੌਰ ਪਤਨੀ ਲੇਟ ਭਾਗ ਸਿੰਘ ਪਿੰਡ ਡਾਨਸੀਵਾਲ ਦੇ ਨਾਮ ਤੇ ਹੈ। ਸ੍ਰੀਮਤੀ ਜਸਵਿੰਦਰ ਕੌਰ ਪਤਨੀ ਕੁਲਜਿੰਦਰ ਸਿੰਘ ਵਾਸੀ B-22, Street No. 02, Mohalla Sant Bhag Singh Nagar Near Canal Colony, Tehsil Hoshiarpur, Pin-146001 ਵਲੋਂ ਇਹ ਕੁਨੈਕਸ਼ਨ ਆਪਣੇ ਨਾਮ ਕਰਵਾਉਣ ਲਈ ਅਪਲਾਈ ਕੀਤਾ ਗਿਆ ਹੈ। ਜੇਕਰ ਕਿਸੇ ਨੂੰ ਇਸ ਨਾਅ ਬਦਲੀ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 30 ਦਿਨਾਂ ਦੇ ਅੰਦਰ ਨਿਮਨ ਹਸਤਾਖਰ ਕੋਲ ਆਪਣਾ ਇਤਰਾਜ਼ ਦਾਖਲ ਕਰ ਸਕਦਾ ਹੈ। ਜੇਕਰ ਕੋਈ ਇਤਰਾਜ ਨਹੀਂ ਆਉਂਦਾ ਤਾਂ ਇਸ ਦਫਤਰ ਵਲੋਂ ਬਿਨਾਂ ਹੋਰ ਸੂਚਨਾ ਦਿੱਤੇ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਸਹਾਇਕ ਕਾਰਜਕਾਰੀ ਇੰਜ. (ਸ਼ੰਚਾਲਣ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਸ/ਡ ਸੈਲਾ ਖੁਰਦ (ਹੁਸ਼ਿਆਰਪੁਰ)।

## PUBLIC NOTICE

I, Mukhwinder Singh S/o Kartar Singh R/o H. No. 36/6 Improvement Trust Colony Batala Road Gurdaspur, Tehsil/Distt. Gurdaspur, Punjab-143521, India declare that my given name as Mukhwinder and my Surname as Singh. (R)

I, Varinder Kumar S/o Tarlok Chand R/o Village Kattowal, P.O. Pandori Bainsan, Distt. Gurdaspur, Pin Code-143531, Punjab, India, declare that my given name as Varinder and my surname as Kumar.

I, Abhinav Mahajan S/o Ashok Chander R/o H.No. 255/17, Bata Chowk, Jhulna Mahal, Gurdaspur, Tehsil/Distt. Gurdaspur, Pin-143521, Punjab, India, have changed my name from Abhinav Mahajan to Abhinav.

I, Harkirat Singh S/o Kashmir Singh R/o Village Khokhar, P.O. Dorangla, Tehsil/Distt. Gurdaspur, Pin-143526, Punjab, India declare that my given name as Harkirat and my surname as Singh.

It is for general information that I, Jaspal Singh S/O Ranjit Singh R/O Hno 222 Punjabi Bagh, Raowali, PO. Nurpur, Jalandhar, Punjab, declare that name of my father and mother has been wrongly written as Ranjeet Singh and Gurjit Kaur In my Passport No. (T7424814). Actual Name of my father and Mother is. Ranjit Singh and Gurjeet Kaur, which may be Amended Accordingly.

## ਮਾਈ ਭਾਗੋ ਡਿਗਰੀ ਕਾਲਜ, ਰੱਲਾ (ਮਾਨਸਾ)

ਰੈਗੂਲਰ ਅਸਾਮੀਆਂ :-
ਕੰਪਿਊਟਰ ਸਾਇੰਸ-01, ਪੰਜਾਬੀ-02,
ਰਾਜਨੀਤੀ ਸ਼ਾਸ਼ਤਰ-01, ਅੰਗਰੇਜ਼ੀ-01

ਤਨਖਾਹ ਅਤੇ ਯੋਗਤਾਵਾਂ ਪੰਜਾਬੀ ਯੂਨੀਵਰਸਿਟੀ /ਪੰਜਾਬ ਸਰਕਾਰ/ ਯੂ. ਜੀ. ਸੀ. ਦੇ ਨਿਯਮਾਂ ਅਨੁਸਾਰ। ਬਿਨੈ-ਪੱਤਰ 15 ਦਿਨਾਂ ਦੇ ਅੰਦਰ-ਅੰਦਰ mbceralla@gmail.com 'ਤੇ ਭੇਜੇ ਜਾਣ ਅਤੇ collegejobs.punjabiuniversity.ac.in 'ਤੇ ਅਪਲਾਈ ਕੀਤਾ ਜਾਵੇ।
98725-43143, 98765-64164

## COURT NOTICE

(U/o 5 Rule 20 CPC)
In the Court of
Vaishnavi Sikka
Civil Judge (Junior Division),
Amritsar
CNR No. PBAS02-004597-2024
Next Date :- 19-01-2026
Sukhdev Singh
Vs.
Jaswinder Singh
Publication Issued To :
Jaswinder Singh
S/o Balbir Singh R/o House No. 2492/9, Katra Karam Singh Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 19-01-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division),
Amritsar
Dated, this day of 01-12-2025

## COURT NOTICE

In the Court of
Ms. Parminder Pindu
Judicial Magistrate 1st
Class-12, Patiala
CNR No. PBPT03-003099-2023
Next Date :- 16-12-2025
Sanjeev Kumar
Vs.
Nisha Rani
Detail of offence :-
Notice To :
Nisha Rani
W/o Jeet Mehra R/o Jalalpur, Patiala

In above titled case, the accused could not be served. It is ordered that accused should appear in person or through counsel on 16.12.2025 at 10:00 a.m.

For details logon to https://highcourtchd.gov.in/?mod=district_notice&district=Patiala

Judicial Magistrate 1st
Class-12, Patiala
Dated this day of 26-11-2025

## ਦਫਤਰ ਤਹਿਸੀਲਦਾਰ, ਮੋਗਾ

### ਨੋਟਿਸ ਬਨਾਮ ਆਮ ਪਬਲਿਕ

ਸ੍ਰੀ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੋਖਾ ਰਾਮ, ਵਾਸੀ ਪੱਤੀ ਉਸੰਗ, ਪੁਰਾਣਾ ਮੋਗਾ, ਮਕਾਨ ਨੰਬਰ 255, ਵਾਰਡ ਨੰਬਰ 31, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਮਾਲ ਰਿਕਾਰਡ ਮੋਗਾ ਮਹਿਲਾ ਸਿੰਘ-1 ਦੀ ਖੇਵਟ ਨੰਬਰ 22 ਵਿੱਚ ਉਸ ਦਾ ਨਾਂਅ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੋਖਾ ਰਾਮ ਦਰਜ ਹੈ, ਜੋ ਕਿ ਸਹੀ ਵਾ ਦਰੁਸਤ ਹੈ ਅਤੇ ਮਾਲ ਰਿਕਾਰਡ ਖੇਵਟ ਨੰਬਰ 21 ਵਿੱਚ ਉਸ ਦਾ ਨਾਂਅ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੰਦ ਸਿੰਘ ਦਰਜ ਹੈ, ਜੋ ਕਿ ਗਲਤ ਹੈ। ਕਾਬਲੇ ਦਰੁਸਤੀ ਯੋਗ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥੀ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥੀ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੋਖਾ ਰਾਮ, ਵਾਸੀ ਪੱਤੀ ਉਸੰਗ, ਪੁਰਾਣਾ ਮੋਗਾ, ਮਕਾਨ ਨੰਬਰ 255, ਵਾਰਡ ਨੰਬਰ 31, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥੀ ਨੇ ਆਪਣਾ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ। ਜਿਸ ਵਿੱਚ ਪ੍ਰਾਰਥੀ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੋਖਾ ਰਾਮ ਦਾ ਨਾਂਅ, ਜੋ ਕਿ ਮਹਿਕਮਾ ਮਾਲ ਵਾਕਿਆ ਰਕਬਾ ਮੋਗਾ ਮਹਿਲਾ ਸਿੰਘ-1 ਦੀ ਖੇਵਟ ਨੰਬਰ 21 ਵਿੱਚ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੰਦ ਸਿੰਘ ਦਰਜ ਹੈ, ਤੋਂ ਬਦਲ ਕੇ ਜਗਦੀਸ਼ ਲਾਲ ਪੁੱਤਰ ਵਜੀਰ ਚੰਦ ਪੁੱਤਰ ਚੰਦ ਸਿੰਘ ਉਰਫ ਚੋਖਾ ਰਾਮ ਕਰਨ ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।

ਨੰਬਰ : 1436/ਰੀਡਰ-1 ਮਿਤੀ: 01/12/2025
ਸਹੀ/-ਤਹਿਸੀਲਦਾਰ ਮੋਗਾ।

## COURT NOTICE

(U/o 5 Rule 20 CPC)
In the Court of
Vaishnavi Sikka
Civil Judge (Junior Division),
Amritsar
CNR No. PBAS02-004596-2024
Next Date :- 19-01-2026
Sukhdev Singh
Vs.
Jaswinder Singh
Publication Issued To :
Jaswinder Singh
S/o Balbir Singh R/o House No. 2492/9, Katra Karam Singh Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 19-01-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division),
Amritsar
Dated, this day of 29-11-2025

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।



ਬਿਨੈਕਾਰ ਦਾ ਨਾਮ : **ਮਹਿੰਦਰ ਸਿੰਘ** ਪਿਤਾ/ਪਤੀ ਦਾ ਨਾਮ : **ਕਰਮ ਸਿੰਘ**
ਪਤਾ: Village Ajtani Po Kot Badal Khan Tehsil Phillaur District Jalandhar, Village-Ajtani/ Tehsil-Sub-Tehsil-Nurmahal/ District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਨਵਪ੍ਰੀਤ ਕੌਰ** ਪੱਕਾ ਪਤਾ: Village Ajtani Po Kot Badal Khan Tehsil Phillaur District Jalandhar, Ajtani Sub-tehsil-nurmahal, Jalandhar, Punjab
ਉਮਰ/ਜਨਮ ਮਿਤੀ : 23 (20-12-2001)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-11-2025 ਨੂੰ ਜਾਰੀ ਹੋਇਆ।
ਨੰਬਰ 93/ਨੰਬਰ/ਰੀਡਰ ਮਿਤੀ 26-11-2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਨਿਲਾਮੀ ਨੋਟਿਸ

ਸਰਕਾਰੀ ਹਾਈ ਸਕੂਲ ਤੁੰਗ ਬਾਲਾ, ਮਜੀਠਾ ਰੋਡ, ਬਲਾਕ ਅੰਮ੍ਰਿਤਸਰ-2 ਵਿਖੇ 6+3=9 ਕਮਰਿਆ (ਗਰਾਊਂਡ ਫਲੋਰ ਦੇ 6 ਕਮਰੇ ਅਤੇ ਪਹਿਲੀ ਮੰਜਿਲ ਦੇ 3 ਕਮਰੇ) ਦੇ ਅਨਸੇਫ ਬਲਾਕਾਂ ਨੂੰ ਢਾਉਣ ਲਈ ਅਤੇ 40 ਦਿਨਾਂ ਦੇ ਅੰਦਰ ਸਾਈਟ ਕਲੀਅਰ ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਬਲਾਕਾਂ ਦਾ ਕੁੱਲ ਰਕਬਾ ਘੱਟ ਤੋਂ ਘੱਟ 3276+2714=5990 ਵਰਗ ਫੁੱਟ ਹੈ। ਜਿਸ ਵਿੱਚ ਕੁੱਲ 6+3=9 ਕਮਰੇ (ਗਰਾਊਂਡ ਫਲੋਰ ਦੇ 6 ਕਮਰੇ ਅਤੇ ਪਹਿਲੀ ਮੰਜਿਲ ਦੇ 3 ਕਮਰੇ) ਦਰਵਾਜੇ, ਬਾਰੀਆਂ ਅਤੇ ਰੋਸ਼ਨਦਾਨ ਹਨ। ਇਸ ਤੋਂ ਇਲਾਵਾ ਗਰਾਊਂਡ ਫਲੋਰ ਦੇ 6 ਕਮਰਿਆ ਦੀ ਦੋਨੋਂ ਪਾਸੇ ਦੀ ਬਾਹਰਲੀ ਕੰਧ ਨਹੀਂ ਢਾਹੀ ਜਾਵੇਗੀ। ਨਿਲਾਮੀ ਮਿਤੀ 12-12-2025 (ਦਿਨ ਸ਼ੁਕਰਵਾਰ) ਨੂੰ ਸਵੇਰੇ 11:00 ਵਜੇ ਸਕੂਲ ਦਫਤਰ ਵਿਖੇ ਹੋਵੇਗੀ।

ਨਿਲਾਮੀ ਦੀਆਂ ਸ਼ਰਤਾਂ:

1. ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 30,000/- ਰੁਪਏ ਦਾ ਡਰਾਫਟ/ਕੈਸ਼ (Security ਦੇ ਰੂਪ) ਵਿੱਚ ਨਿਲਾਮੀ ਦੇ 2 ਘੰਟੇ ਪਹਿਲਾਂ ਸਕੂਲ ਦਫਤਰ ਵਿਖੇ ਜਮਾਂ ਕਰਵਾਉਣਗੇ। ਡਰਾਫਟ/ਕੈਸ਼ ਜਮਾਂ ਕਰਵਾਉਣ ਦਾ ਸਮਾਂ ਮਿਤੀ 12-12-2025 ਨੂੰ ਸਵੇਰੇ 9:00 ਵਜੇ ਤੋਂ 10:00 ਵਜੇ ਦਾ ਹੋਵੇਗਾ। 2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਠੇਕਾ ਦਿੱਤਾ ਜਾਵੇਗਾ। 3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ 6+3=9 ਕਮਰਿਆ ਦੇ ਬਲਾਕਾਂ ਨੂੰ ਨਿੱਜੀ ਰੂਪ ਵਿੱਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਬੋਲੀ ਦਿੱਤੀ ਜਾਵੇ। 4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ, ਉਹ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸਕੂਲ ਦਫਤਰ ਵਿਖੇ ਮਿਤੀ 12-12-2025 ਨੂੰ ਦੁਪਹਿਰ 3:00 ਵਜੇ ਤੱਕ ਜਮਾਂ ਕਰਵਾਏਗਾ। ਬੋਲੀ ਦੀ ਰਕਮ ਜਮਾਂ ਕਰਵਾਉਣ ਉਪਰੰਤ ਹੀ ਠੇਕੇਦਾਰਾਂ ਨੂੰ ਕਮਰਿਆਂ ਦੇ ਬਲਾਕਾਂ ਨੂੰ ਢਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਕੁੱਝ ਖਾਸ ਕਾਰਨਾਂ ਕਰਕੇ ਬੋਲੀ ਦੀ ਰਕਮ ਠੇਕੇਦਾਰ ਦੀ ਸਹੂਲਤ ਅਨੁਸਾਰ ਕਿਸ਼ਤਾ ਵਿੱਚ ਜਮਾਂ ਕਰਵਾਉਣ ਲਈ ਸਕੂਲ ਦੀ ਐਸ.ਐਮ.ਸੀ ਦੀ ਸਹਿਮਤੀ/ਪ੍ਰਵਾਨਗੀ ਨਾਲ ਵਿਚਾਰਿਆ ਜਾਵੇਗਾ। 5. ਜਿਸ ਨੂੰ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾਂ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਕੈਸ਼/ਡਰਾਫਟ ਵਾਪਸ ਕਰ ਦਿੱਤਾ ਜਾਵੇਗਾ। 6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 500/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ, ਅਨਸੇਫ ਬਲਾਕਾਂ ਨੂੰ ਢਾਉਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਭਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ। ਕਮਰੇ ਢਾਉਣ ਵੇਲੇ ਮਲਬਾ ਨਾਲ-2 ਕਲੀਅਰ ਕੀਤਾ ਜਾਵੇਗਾ। ਸਕੂਲ ਦਾ ਰਸਤਾ ਕਿਸੇ ਵੀ ਤਰਾਂ ਨਾਲ ਬਲੌਕ ਨਾ ਕੀਤਾ ਜਾਵੇ। 7. ਸਕੂਲ ਰਿਹਾਇਸ਼ੀ ਇਲਾਕੇ ਵਿੱਚ ਹੈ। ਇਮਾਰਤ ਨੂੰ ਢਾਉਣ ਸਮੇਂ ਆਸ-ਪਾਸ ਘਰਾਂ ਨੂੰ ਕਿਸੇ ਵੀ ਤਰਾਂ ਦੀ ਪਰੇਸ਼ਾਨੀ ਅਤੇ ਮੁਸ਼ਕਿਲ ਨਾ ਆਵੇ।

ਵੱਲੋਂ: ਸ੍ਰੀ ਰਜੇਸ਼ ਕੁਮਾਰ ਜਿਲਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ। ਸ੍ਰੀ ਰਜੇਸ਼ ਖੰਨਾ ਉਪ ਜਿਲਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ। ਸ੍ਰੀਮਤੀ ਗੁਰਮੀਤ ਕੌਰ ਮੁੱਖ ਅਧਿਆਪਕ ਸਹਸ ਤੁੰਗ ਬਾਲਾ, ਅੰਮ੍ਰਿਤਸਰ। ਸ੍ਰੀ ਹੀਰਾ ਲਾਲ ਚੇਅਰਮੈਨ ਅਤੇ ਸਮੂਹ ਐਸ.ਐਮ.ਸੀ ਕਮੇਟੀ ਸਹਸ ਤੁੰਗ ਬਾਲਾ, ਅੰਮ੍ਰਿਤਸਰ।(ਮੋ: 78374-88061)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨੌਸ਼ਹਿਰਾ ਪਨੂੰਆਂ, ਤਰਨ ਤਾਰਨ।
ਕੇਸ ਨੰ: 65/NIT ਦਾਇਰ ਕਰਨ ਦੀ ਮਿਤੀ : 01.08.2025

1) ਹਰਜੀਤ ਕੌਰ ਵਿਧਵਾ ਗੁਰਦਿਆਲ ਸਿੰਘ ਪੁੱਤਰ ਫੌਜਾ ਸਿੰਘ
2) ਸਤਨਾਮ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਫੌਜਾ ਸਿੰਘ
ਵਾਸੀਆਨ ਪਿੰਡ ਜੱਲੋਵਾਲ, ਸਬ-ਤਹਿਸੀਲ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ। ਦਰਖਾਸਤ ਕਰਤਾ

ਬਨਾਮ

1) ਪਾਰੋ ਪੁੱਤਰੀ ਤਾਰਾ ਸਿੰਘ ਪੁੱਤਰ ਜਗਤ ਸਿੰਘ 2) ਦਾਤੋ ਪੁੱਤਰੀ ਤਾਰਾ ਸਿੰਘ ਪੁੱਤਰ ਜਗਤ ਸਿੰਘ 3) ਹਰਨਾਮ ਕੌਰ ਵਿਧਵਾ ਤਾਰਾ ਸਿੰਘ ਪੁੱਤਰ ਜਗਤ ਸਿੰਘ 4) ਸਰਬਜੀਤ ਕੌਰ ਪਤਨੀ ਪੂਰਨ ਸਿੰਘ ਪੁੱਤਰ ਫੌਜਾ ਸਿੰਘ 5) ਮੱਖਣ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਦੋਸੰਧਾ ਸਿੰਘ 6) ਮੰਗਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਦੋਸੰਧਾ ਸਿੰਘ 7) ਬਲਬੀਰ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਦੋਸੰਧਾ ਸਿੰਘ 8) ਅਮਰਜੀਤ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਦਸੰਧਾ ਸਿੰਘ (ਫੌਤ) ਰਾਹੀਂ ਵਾਰਿਸ (ੳ) ਚਰਨਜੀਤ ਕੌਰ ਵਿਧਵਾ ਅਮਰਜੀਤ ਸਿੰਘ (ਅ) ਜਸਪ੍ਰੀਤ ਸਿੰਘ ਪੁੱਤਰ ਲੇਟ ਅਮਰਜੀਤ ਸਿੰਘ (ੲ) ਗੁਰਪ੍ਰੀਤ ਸਿੰਘ ਪੁੱਤਰ ਲੇਟ ਅਮਰਜੀਤ ਸਿੰਘ 9) ਗੁਰਮੀਤ ਕੌਰ ਪਤਨੀ ਫੌਜਾ ਸਿੰਘ ਪੁੱਤਰ ਦੋਸੰਧਾ ਸਿੰਘ (ਫੌਤ) ਰਾਹੀਂ ਵਾਰਸ (ੳ) ਹਰਜਿੰਦਰ ਸਿੰਘ ਪੁੱਤਰ ਲੇਟ ਗੁਰਮੀਤ ਕੌਰ , (ਅ) ਹਰਜੀਤ ਕੌਰ ਪੁੱਤਰੀ ਲੇਟ ਗੁਰਮੀਤ ਕੌਰ 10) ਸੁਰਜੀਤ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਇੰਦਰ ਸਿੰਘ 11) ਸ਼ਿੰਗਾਰਾ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਇੰਦਰ ਸਿੰਘ 12) ਬਲਵਿੰਦਰ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਗੁਰਦਿੱਤ ਸਿੰਘ (ਫੌਤ) ਰਾਹੀਂ ਵਾਰਸ :- (ੳ) ਹਰਵਿੰਦਰ ਸਿੰਘ ਪੁੱਤਰ ਲੇਟ ਬਲਵਿੰਦਰ ਸਿੰਘ (ਅ) ਮਹਿੰਦਰ ਸਿੰਘ ਪੁੱਤਰ ਲੇਟ ਬਲਵਿੰਦਰ (ੲ) ਹਰਮਨ ਸਿੰਘ ਪੁੱਤਰ ਲੇਟ ਬਲਵਿੰਦਰ ਸਿੰਘ 13) ਸੁਰਜੀਤ ਸਿੰਘ ਪੁੱਤਰ ਜੈਮਲ ਸਿੰਘ ਪੁੱਤਰ ਸਾਧੂ ਸਿੰਘ 14) ਸੁਰਜੀਤ ਸਿੰਘ ਪੁੱਤਰ ਜੈਲ ਸਿੰਘ ਪੁੱਤਰ ਸਾਧੂ ਸਿੰਘ 15) ਗੁਰਮੀਤ ਕੌਰ ਵਿਧਵਾ ਬਲਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ 16) ਉਜਾਗਰ ਸਿੰਘ ਪੁੱਤਰ ਗੁਰਦਿੱਤ ਸਿੰਘ (ਫੌਤ) ਰਾਹੀਂ ਵਾਰਿਸ (ੳ) ਪਰਮਜੀਤ ਸਿੰਘ ਪੁੱਤਰ ਉਜਾਗਰ ਸਿੰਘ (ਅ) ਜਸਵਿੰਦਰ ਸਿੰਘ ਪੁੱਤਰ ਲੇਟ ਉਜਾਗਰ ਸਿੰਘ (ੲ) ਅਜੀਤ ਸਿੰਘ ਪੁੱਤਰ ਲੇਟ ਉਜਾਗਰ ਸਿੰਘ (ਸ) ਸਰਵਨ ਸਿੰਘ ਪੁੱਤਰ ਲੇਟ ਉਜਾਗਰ ਸਿੰਘ 17) ਨਾਜਰ ਸਿੰਘ ਪੁੱਤਰ ਗੁਰਦਿੱਤ ਸਿੰਘ (ਫੌਤ) ਰਾਹੀਂ ਵਾਰਿਸ (ੳ) ਕੁਲਵਿੰਦਰ ਸਿੰਘ ਪੁੱਤਰ ਲੇਟ ਨਾਜਰ ਸਿੰਘ (ਅ) ਜਸਬੀਰ ਸਿੰਘ ਪੁੱਤਰ ਲੇਟ ਨਾਜਰ ਸਿੰਘ (ੲ) ਸੁਖਚੇਨ ਸਿੰਘ ਪੁਤਰ ਲੇਟ ਨਾਜਰ ਸਿੰਘ (ਸ) ਲਖਵਿੰਦਰ ਸਿੰਘ ਪੁੱਤਰ ਲੇਟ ਨਾਜਰ ਸਿੰਘ 18) ਬਲਵੰਤ ਸਿੰਘ ਪੁੱਤਰ ਗੁਰਦਿੱਤ ਸਿੰਘ ਫੌਤ 19) ਕੁਲਵਿੰਦਰ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਗੁਰਦਿੱਤ ਸਿੰਘ 20) ਕੁਲਵਿੰਦਰ ਸਿੰਘ ਪੁੱਤਰ ਜਸਬੀਰ ਸਿੰਘ ਪੁੱਤਰ ਨਾਜਰ ਸਿੰਘ 21) ਜਲਬੀਰ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਗੁਰਦਿੱਤ ਸਿੰਘ 27) ਇਕਬਾਲ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਸੱਜਣ ਸਿੰਘ 23) ਤਿਲਮਲ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਸੱਜਣ ਸਿੰਘ 24) ਸਤਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਸੱਜਣ ਸਿੰਘ 25) ਸਤਨਾਮ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਕਰਤਾਰ ਸਿੰਘ 26) ਸਰਬਜੀਤ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਕਰਤਾਰ ਸਿੰਘ 27) ਅਮਰਬੀਰ ਸਿੰਘ ਪੁੱਤਰ ਭਾਨ ਸਿੰਘ ਪੁੱਤਰ ਇੰਦਰ ਸਿੰਘ 28) ਧਿਆਨ ਸਿੰਘ ਪੁੱਤਰ ਇੰਦਰ ਸਿੰਘ 29) ਭਾਨ ਸਿੰਘ ਪੁੱਤਰ ਇੰਦਰ ਸਿੰਘ 30) ਰਾਮ ਸਿੰਘ ਪੁੱਤਰ ਇੰਦਰ ਸਿੰਘ 31) ਸਵਿੰਦਰ ਸਿੰਘ ਪੁੱਤਰ ਸੱਜਣ ਸਿੰਘ ਪੁੱਤਰ ਮਾਲਾ ਸਿੰਘ 32) ਗੁਰਦਿਆਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਦੋਸੰਧਾ ਸਿੰਘ (ਫੌਤ) ਰਾਹੀਂ ਵਾਰਿਸ (ੳ) ਅਮਰਨਦੀਪ ਕੌਰ ਪੁੱਤਰੀ ਗੁਰਦਿਆਲ ਸਿੰਘ (ਅ) ਹਰਵੰਤ ਕੌਰ ਪੁੱਤਰੀ ਗੁਰਦਿਆਲ ਸਿੰਘ। ਸਾਰੇ ਵਾਸੀਆਨ ਪਿੰਡ ਜੱਲੋਵਾਲ, ਸਬ -ਤਹਿਸੀਲ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ 33) ਯੂਨੀਅਨ ਬੈਂਕ ਆਫ ਇੰਡੀਆ ਬ੍ਰਾਂਚ ਨੌਸ਼ਹਿਰਾ ਪੰਨੂਆਂ ਰਾਹੀਂ ਮੈਨੇਜਰ 34) ਯੈੱਸ ਬੈਂਕ 286 ਬ੍ਰਾਂਚ ਮੇਨ ਬਾਜ਼ਾਰ ਜੰਡਿਆਲਾ ਗੁਰੂ (ਅੰਮ੍ਰਿਤਸਰ) ਰਾਹੀਂ ਮੈਨੇਜਰ। ਉੱਤਰਵਾਦੀਆਨ,

ਦਰਖਾਸਤ ਤਕਸੀਮ ਜ਼ੇਰ ਧਾਰਾ 111 ਆਫ ਦਾ ਪੰਜਾਬ ਲੈਂਡ ਰੈਵੇਨਿਊ ਐਕਟ 1987, ਤਕਸੀਮ ਭੂਮੀ ਕੁੱਲ ਰਕਬਾ 56 ਕਨਾਲ 15 ਮਰਲੇ, ਜਿਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

ਖੇਵਟ/ਖਤੌਨੀ ਨੰਬਰ 27/114, 115, 20//19/1/(2-0), 20//19/1/2(1-8), ਕੁੱਲ 3 ਕਨਾਲਾਂ 08 ਮਰਲੇ

ਖੇਵਟ/ਖਤੌਨੀ ਨੰਬਰ, 38/153 ਤੋਂ 16 ਤੱਕ ਅਤੇ ਖਤੌਨੀ ਨੰਬਰ 39/162, ਖਸਰਾ ਨੰਬਰ 20//2/2(4-15), 20/11/(3-8), 20//2/1(1-12), 22//2(1-1), 20//12/1(2-0), 20//19/2(4-12), 20//8/1/2(2-0), 20//12/2(6-0), 20//22(7-14), 20//3(6-12), 20//8/1/1(3-8), 20//9(8-0), 20//26(1-5) ਕੁੱਲ ਰਕਬਾ 53 ਕਨਾਲ 07 ਮਰਲੇ ਵਾਕਿਆ ਰਕਬਾ ਪਿੰਡ ਜੱਲੋਵਾਲ, ਸਬ-ਤਹਿਸੀਲ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਮੁਤਾਬਕ ਹੱਦਬਸਤ ਨੰਬਰ 284 ਮੁਤਾਬਕ ਜਮ੍ਹਾਂਬੰਦੀ ਸਾਲ 2020-2021

ਉਕਤ ਮੁਕੱਦਮੇ ਵਿੱਚ ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਈ ਮੁਸ਼ਕਿਲ ਹੈ, ਇਸ ਲਈ ਨੋਟਿਸ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਕਤ ਤਕਸੀਮ ਦਾ ਫੈਸਲਾ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਸਾਲਤਾਨ ਜਾਂ ਵਕਾਲਤਾਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਛਪਣ ਤੋਂ ਪੰਦਰਾਂ ਦਿਨ ਦੇ ਅੰਦਰ-ਅੰਦਰ ਕਿਸੇ ਕੰਮ ਵਾਲੇ ਦਿਨ ਕਰ ਸਕਦਾ ਹੈ।ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 04.11.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨੌਸ਼ਹਿਰਾ ਪੰਨੂਆਂ।

ਨੰਬਰ : 378 ਮਿਤੀ : 04.11.2025

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 11.11.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀ ਬੋਹਰ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ ਪੰਜਾਬ-142044
2. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀਮਤੀ ਸੁਖਵਿੰਦਰਪਾਲ ਕੌਰ ਪਤਨੀ ਬੋਹਰ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ ਮਖੂ ਪੰਜਾਬ-142044
3. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀ ਪ੍ਰਤਾਪ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ ਮਖੂ ਪੰਜਾਬ-142044
4. (ਐੱਲ ਏ ਪੀ ਵਿੱਚ ਗਰੰਟਰ) : ਸ੍ਰੀ ਜਸਵੰਤ ਸਿੰਘ ਪੁੱਤਰ ਸ੍ਰੀ ਅਮਰੀਕ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ ਪੰਜਾਬ-142044

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.11.2025 ਤੋਂ ਬਿਨਾਂ ਵਿਆਜ) |
|---|---|---|
| LAP/013602004761 | Rs.10,52,184/- | Rs. 11,43,906.15/- |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਜਾਇਦਾਦ ਦਾ ਅਟੁੱਟ ਹਿੱਸਾ, ਰਕਬਾ 14 ਮਰਲਾ, ਪਤਾ ਪਿੰਡ ਤਲਵੰਡੀ ਨਿਪਾਲਾਂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਮਾਲਕ ਸ੍ਰੀ ਬੋਹਰ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਈਡ ਟਰਾਂਸਫਰ ਡੀਡ ਡਾਕੂਮੈਂਟ ਨੰ. 2023-24/119/1/509 ਮਿਤੀ 03-08-2023, ਰਜਿਸਟਰ ਦਫਤਰ ਸਬ ਰਜਿਸਟਰਾਰ ਮਖੂ (ਪੰਜਾਬ)

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਜੀ ਟੀ ਰੋਡ ਜਲੰਧਰ (ਬੀ ਸੀ ਵਰਟੀਕਲ) 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ੲ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 30.11.2025 (ਅਧਿਕਾਰਤ ਅਫਸਰ)

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 21.11.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀਮਤੀ ਮਹਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਵਾਰਡ ਨੰ. 11 # 374 ਸੂਰਜ ਨਗਰੀ, ਮਲੋਟ, ਮੁਕਤਸਰ, ਪੰਜਾਬ-152107
2. (ਐੱਲ ਏ ਪੀ ਵਿੱਚ ਕਰਜ਼ਦਾਰ) : ਸ੍ਰੀ ਰਣਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਵਾਰਡ ਨੰ. 11 # 374 ਸੂਰਜ ਨਗਰੀ, ਮਲੋਟ, ਮੁਕਤਸਰ, ਪੰਜਾਬ-152107
3. (ਐੱਲ ਏ ਪੀ ਵਿੱਚ ਗਰੰਟਰ) : ਸ੍ਰੀ ਗੁਰਸ਼ਰਨ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਨੇੜੇ ਫੱਕਰਸਰ ਰੋਡ, ਥਰਾਜਵਾਲਾ, ਮੁਕਤਸਰ, ਪੰਜਾਬ-152101

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.11.2025 ਤੋਂ ਬਿਨਾਂ ਵਿਆਜ) |
|---|---|---|
| LAP/110602000025 | Rs.14,00,000/- | Rs.10,80,293.96/- |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਜਾਇਦਾਦ ਰਕਬਾ ਕੁੱਲ 9-3/4 ਮਰਲਾ (2640 ਵਰਗ ਫੁੱਟ), ਜੋ ਕਿ 5 ਮਰਲਾ ਸੂਰਜ ਟੈਕਸਟਾਈਲ ਵਾਲੀ ਗਲੀ, ਤਹਿ. ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੈ। ਵਾਈਡ ਸੇਲ ਡੀਡ ਡਾਕੂਮੈਂਟ ਨੰ. 1509 ਤਰੀਕ 24-06-2014 ਰਜਿਸਟਰਡ ਦਫਤਰ ਸਬ ਰਜਿਸਟਰਾਰ ਮਲੋਟ ਅਤੇ 4-3/4 ਮਰਲਾ ਸੂਰਜ ਟੈਕਸਟਾਈਲ ਵਾਲੀ ਗਲੀ, ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੈ, ਸੇਲ ਡੀਡ ਡਾਕੂਮੈਂਟ ਨੰ. 1511 ਤਰੀਕ 24-06-2014, ਰਜਿਸਟਰਡ ਦਫਤਰ ਸਬ ਰਜਿਸਟਰਾਰ ਮਲੋਟ, ਦੋਵਾਂ ਦਾ ਮਾਲਕ ਮਹਿੰਦਰ ਕੌਰ ਪਤਨੀ ਜੋਗਿੰਦਰ ਸਿੰਘ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਲੋਟ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ੲ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 30.11.2025 (ਅਧਿਕਾਰਤ ਅਫਸਰ)

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਇਫਟੂ ਨੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ



**ਬੰਗਾ (ਅਵਤਾਰ ਕਲੇਰ)**

ਭੱਠਾ ਵਰਕਰ ਯੂਨੀਅਨ (ਇਫਟੂ) ਨੇ ਰਾਹੋਂ ਇੱਟਾਂ ਦੇ ਭੱਠੇ ਉੱਤੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਭੱਠਾ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਨੇ ਕਿਹਾ ਕਿ ਚਾਰ ਕਿਰਤ ਕੋਡ ਲਾਗੂ ਕਰਨ ਨਾਲ ਮੋਦੀ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਕੇਂਦਰ ਸਰਕਾਰ ਨੇ ਇਹ ਕਿਰਤ ਕੋਡ ਲਾਗੂ ਕਰਕੇ ਦੇਸ਼ ਦੇ ਸਮੁੱਚੇ ਮਜ਼ਦੂਰ ਵਰਗ ਉੱਤੇ ਵੱਡਾ ਹੱਲਾ ਬੋਲਿਆ ਹੈ ਜਿਸ ਦਾ ਮਜ਼ਦੂਰ ਜਮਾਤ ਹਰ ਹਾਲਤ ਵਿੱਚ ਤਿੱਖਾ ਜਵਾਬ ਦੇਵੇਗੀ। ਉਹਨਾਂ ਕਿਹਾ ਕਿ ਕਈ ਰਾਜ ਸਰਕਾਰਾਂ ਨੇ ਕੋਡਾਂ ਦੇ ਵਿਰੋਧ ਕਾਰਨ ਅਜੇ ਤਕ ਨਿਯਮ ਤਿਆਰ ਨਹੀਂ ਕੀਤੇ। ਭਾਰਤ ਦੀ ਮਜ਼ਦੂਰੀ ਸ਼ਕਤੀ ਦੀ ਬਹੁਤ ਵੱਡੀ ਗਿਣਤੀ ਗੈਰ-ਸੰਗਠਤ ਖੇਤਰ ਵਿੱਚ ਹੈ ਅਤੇ ਮੁਲਕ ਵਿਚ ਜ਼ਿਆਦਾਤਰ ਨੌਕਰੀਆਂ ਅਸਥਾਈ ਹਨ। ਕੋਡਾਂ ਦੇ ਇਸ ਐਲਾਨ ਨਾਲ ਸਰਕਾਰਾਂ ਅਤੇ ਪੂੰਜੀਪਤੀਆਂ ਵਿੱਚ ਉਹ ਹੌਸਲਾ ਪੈਦਾ ਹੋਵੇਗਾ ਕਿ ਉਹ ਹੁਣ ਤਕ ਮਜ਼ਦੂਰਾਂ ਨੇ ਜਿਨ੍ਹਾਂ ਅਧਿਕਾਰਾਂ ਲਈ ਜੱਦੋ-ਜਹਿਦ ਕੀਤੀ ਹੈ, ਉਹਨਾਂ ਨੂੰ ਵੀ ਤੋੜ ਸਕਣ। ਯੂਨੀਅਨ ਬਣਾਉਣ ਅਤੇ ਸੰਘਰਸ਼ ਕਰਨ ਦੇ ਕਠਿਨ ਮੁਹਿੰਮ ਨਾਲ ਹਾਸਲ ਕੀਤੇ ਅਧਿਕਾਰਾਂ 'ਤੇ ਸਿੱਧੇ ਹਮਲੇ ਕੀਤੇ ਜਾ ਰਹੇ ਹਨ ਅਤੇ ਇਹ ਕਾਰਪੋਰੇਟ ਹਮਲਿਆਂ ਨੂੰ ਹੋਰ ਬੇਲਗਾਮ ਕਰਨਗੇ। ਇਸ ਮੌਕੇ ਰਾਜੀਵ, ਪਾਲਾ, ਪਿੰਟੂ, ਗੋਦ ਰਾਮ, ਪ੍ਰੇਮ, ਰਾਜੇਸ਼ ਦੇਵੀ ਅਤੇ ਗੰਗਾ ਦੇਵੀ ਭੱਠਾ ਮਜ਼ਦੂਰ ਵੀ ਹਾਜ਼ਰ ਸਨ।

# ਜਸਵਿੰਦਰ ਜੱਸੀ ਦੀ ਪ੍ਰਧਾਨ ਵਜੋਂ ਨਿਯੁਕਤੀ 'ਤੇ ਵਿਧਾਇਕ ਰਾਜਾ ਗਿੱਲ ਨੇ ਕੀਤਾ ਸਨਮਾਨਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਆਪ ਦੀਆਂ ਨੀਤੀਆਂ ਤੇ ਕਾਰਗੁਜ਼ਾਰੀਆਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦੇਣ ਲਈ ਆਮ ਆਦਮੀ ਪਾਰਟੀ ਦੇ ਸੀਨੀਅਰ ਆਪ ਨੇਤਾ ਸੋਨੂੰ ਖੇਲਾ, ਜ਼ਿਲ੍ਹਾ ਪ੍ਰਧਾਨ ਮਨਵੀਰ ਸਿੰਘ ਝਾਵਰ ਅਤੇ ਹਲਕਾ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਪਾਰਟੀ ਦਫ਼ਤਰ ਟਾਂਡਾ ਵਿਖੇ ਇੱਕ ਸਮਾਰੋਹ ਕੀਤਾ ਗਿਆ ਜਿਸ ਵਿੱਚ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਮਾਨ ਸਰਕਾਰ ਹਰ ਧਰਮ ਦਾ ਆਦਰ ਸਤਿਕਾਰ ਕਰਦੇ ਹੋਏ ਉਨ੍ਹਾਂ ਦੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਆਪ ਦੀ ਹੋਈ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਜਨਤਾ ਮਾਨ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਆਪ ਵੱਲ ਝੁਕਾਅ ਵੇਖਦੇ ਹੋਏ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਆਪ ਦੀ ਹੀ ਸਰਕਾਰ ਬਣੇਗੀ। ਆਪ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਜਸਵਿੰਦਰ ਸਿੰਘ ਜੱਸੀ ਮੋਬਾਇਲ ਦੇ ਐਮ ਡੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਨੂੰ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਆਪ ਦਾ ਟਾਂਡਾ ਸਿਟੀ ਪ੍ਰਧਾਨ ਨਿਯੁਕਤ ਕਰਕੇ ਸਿਰੋਪਾ ਪਾ ਕੇ ਸਨਮਾਨਤ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਵਲਾ, ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਜ਼ਿਲ੍ਹਾ ਸਕੱਤਰ ਗੁਰਦੀਪ ਹੈਪੀ, ਸਰਪੰਚ ਜੋੜਾ ਗੋਲਡੀ ਨਿਰਵਾਲ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਕੌਂਸਲਰ ਸੁਰਿੰਦਰ ਜੀਤ ਬਿੱਲੂ ਸੈਣੀ, ਕੌਂਸਲਰ ਮੰਜੂ ਖੰਨਾ, ਕੌਂਸਲਰ ਸੁਮਨ ਖੋਸਲਾ, ਕੌਂਸਲਰ ਜਸਵੰਤ ਕੌਰ, ਮੋਹਨ ਇੰਦਰ ਸਿੰਘ ਸੰਘਾ, ਵਿੱਕੀ ਮਹਿੰਦਰੂ, ਰਾਜੂ ਖੋਸਲਾ, ਸ਼ੈਰੀ ਟਾਂਡਾ ਅਤੇ ਹੋਰ ਹਾਜ਼ਰ ਸਨ।



# ਬਹੁਜਨ ਸਮਾਜ ਪਾਰਟੀ ਦੇ ਅਹੁਦੇਦਾਰਾਂ ਦੀ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਅਹੁਦੇਦਾਰਾਂ ਦੀ ਮੀਟਿੰਗ ਯਸ਼ ਭੱਟੀ ਹਲਕਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਅਤੇ ਇਸ ਮੀਟਿੰਗ ਵਿੱਚ ਐਡਵੋਕੇਟ ਪਲਵਿੰਦਰ ਮਾਨਾ ਜੀ ਜਿਲਾ ਅਤੇ ਹਲਕਾ ਚੱਬੇਵਾਲ ਇੰਚਾਰਜ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਏ ਹੋਏ ਆਗੂਆਂ ਨੇ ਬਾਕੀ ਅਹੁਦੇਦਾਰਾਂ ਨਾਲ ਸਲਾਹ ਮਸ਼ਵਰਾ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਵਿੱਚ ਬਹੁਜਨ ਸਮਾਜ ਪਾਰਟੀ ਮਜ਼ਬੂਤੀ ਦੇ ਨਾਲ ਇਹ ਚੋਣਾਂ ਲੜੇਗੀ ਤੇ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਬਸਪਾ ਦੀ ਝੋਲੀ ਵਿੱਚ ਪਾਏਗੀ ਕਿਉਂਕਿ ਬਸਪਾ ਨੇ ਪਹਿਲਾ ਵੀ ਹਲਕਾ ਚੱਬੇਵਾਲ ਵਿਚ 5 ਪੰਜ ਸੀਟਾਂ ਤੇ ਕਬਜਾ ਕੀਤਾ ਸੀ। ਇਸ ਮੌਕੇ ਆਏ ਹੋਏ ਆਗੂ ਸਾਹਿਬਾਨਾ ਨੇ ਇਨਾਂ ਚੋਣਾਂ ਦੇ ਸਬੰਧ ਵਿੱਚ ਟੀਮ ਵਰਕ ਕਰਨ ਸਬੰਧੀ ਅਹੁਦੇਦਾਰਾਂ ਨੂੰ ਜਾਗਰੂਕ ਕੀਤਾ। ਆਏ ਹੋਏ ਮਹਿਮਾਨਾਂ ਵੱਲੋਂ ਸਾਰੇ ਆਗੂ ਸਾਥੀਆਂ ਨੂੰ ਕਿਹਾ ਕਿ ਦੋ ਦਿਨਾਂ ਵਿੱਚ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਮੀਦਵਾਰਾਂ ਦੀ ਲਿਸਟ ਫਾਈਨਲ ਕਰ ਕੇ ਜਨਤਕ ਕੀਤੀ ਜਾਵੇਗੀ। ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਵਿੱਚ ਮਜ਼ਬੂਤੀ ਨਾਲ ਇਹ ਚੋਣਾਂ ਲੜੇਗੀ। ਇਸ ਮੌਕੇ ਹਾਜ਼ਰ ਸਾਥੀਆਂ ਵਿੱਚ ਰਾਕੇਸ਼ ਕੁਮਾਰ ਕਿੱਟੀ , ਸੂਬੇਦਾਰ ਹਰਭਜਨ ਸਿੰਘ, ਰਾਜਵਿੰਦਰ ਸਿੰਘ ਕਾਲੇਵਾਲ, ਸਤਪਾਲ ਬਡਲਾ, ਜੱਸੀ ਖਾਨਪੁਰ, ਸੁਦੇਸ਼ ਭੱਟੀ ,ਸਤਪਾਲ ਕਾਲੇਵਾਲ , ਡਾ. ਹਰਨੇਕ ਸਿੰਘ ਭਗਤੁਪੁਰ, ਮਾਸਟਰ ਹਰਿਕ੍ਰਿਸ਼ਨ, ਰਾਜੇਸ਼ ਭੁੰਨੋ, ਰਾਮ ਸਰੂਪ ਬਿਲਾਸਪੁਰ, ਵਿਸ਼ਾਲ ਵਿਹਾਲਾ, ਜਗਦੀਪ ਸਿੰਘ, ਕੁਲਵਿੰਦਰ ਸਿੰਘ, ਅਨਿਕੇਤ ਮਾਨਾ, ਜਿੱਤਾ ਵਿਹਾਲਾ, ਸੂਬੇ ਹਰਕਮਲਜੀਤ, ਸਾਗਰ ਹਾਜ਼ਰ ਸਨ।

# ਐੱਸ ਡੀ ਐੱਮ ਸੁਖਪਾਲ ਸਿੰਘ ਸਨਮਾਨਤ

**ਮੋਰਿੰਡਾ (ਪੱਤਰ ਪ੍ਰੇਰਕ)** ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਇਕ ਮੀਟਿੰਗ ਫੈਡਰੇਸ਼ਨ ਦੇ ਦਫਤਰ ਵਿਖੇ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੀ ਸਰਪ੍ਰਸਤ ਕੁਲਵੀਰ ਸਿੰਘ ਸੋਨੂ ਅਤੇ ਪ੍ਰਧਾਨ ਬਿਕਰਮਜੀਤ ਸਿੰਘ ਸੋਹਣਪਾਲ ਨੇ ਦੱਸਿਆ ਕਿ ਇਹ ਮੀਟਿੰਗ ਐੱਸ ਡੀ ਐੱਮ ਸੁਖਪਾਲ ਸਿੰਘ ਮੋਰਿੰਡਾ ਨੂੰ ਵਿਦਾਇਗੀ ਦੇਣ ਸਬੰਧੀ ਕੀਤੀ ਗਈ ਸੀ। ਜਿਨਾਂ ਦੀ ਬਦਲੀ ਸਨੌਰ ਪਟਿਆਲਾ ਹੋਈ ਹੈ। ਐੱਸ ਡੀ ਐੱਮ ਸੁਖਪਾਲ ਸਿੰਘ ਮੋਰਿੰਡਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਨੇ ਮੋਰਿੰਡਾ ਐੱਸ ਡੀ ਐੱਮ ਦਫਤਰ ਵਿਖੇ ਰਹਿੰਦੇ ਹੋਏ ਆਪਣੇ ਕਾਰਜ ਕਾਲ ਦੌਰਾਨ ਕੀਤੇ ਕੰਮਾਂ ਨੂੰ ਸਾਂਝਾ ਕਰਦੇ ਹੋਏ ਮੋਰਿੰਡਾ ਇਲਾਕੇ ਦੀ ਖੂਬ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਕਿ ਮੇਰਾ ਇਥੋਂ ਜਾਣ ਨੂੰ ਬਿਲਕੁਲ ਦਿਲ ਨਹੀਂ ਕਰਦਾ ਪਰ ਡਿਊਟੀ ਤੇ ਚਲਦਿਆਂ ਇਹ ਜਾਣਾ ਜ਼ਰੂਰੀ ਹੈ। ਇਸ ਮੌਕੇ ਮਹਾਰਾਜਾ ਜੱਸਾ ਸਿੰਘ ਫੈਡਰੇਸ਼ਨ ਸਰਪ੍ਰਸਤ ਕੁਲਵੀਰ ਸਿੰਘ ਸੋਨੂ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਐੱਸ ਡੀ ਐੱਮ ਵੱਲੋਂ ਮੋਰਿੰਡਾ ਸ਼ਹਿਰ ਲਈ ਕੀਤੇ ਗਏ ਕੰਮ ਜਿਵੇਂ ਕਿ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਬਣਾਉਣ ਸਮੇਂ ਉਹਨਾਂ ਨੇ ਆਪਣੇ ਲੈਵਲ ਦੇ ਕੰਮਾਂ ਨੂੰ ਬਹੁਤ ਜਲਦੀ ਪੂਰਾ ਕੀਤਾ ਤਾਂ ਹੀ ਇਹ ਕੰਮ ਨੇਪਰੇ ਚੜ੍ਹ ਸਕਿਆ। ਉਹਨਾਂ ਨੇ ਸ਼ਹਿਰ ਅਤੇ ਇਲਾਕੇ ਦੀ ਤਰੱਕੀ ਲਈ ਬਹੁਤ ਸਾਰੇ ਅਗਾਂਹ ਵਧੂ ਕੰਮ ਕੀਤੇ, ਤਾਂ ਜੋ ਮੋਰਿੰਡੇ ਦਾ ਉੱਚ ਪੱਧਰੀ ਵਿਕਾਸ ਹੋ ਸਕੇ। ਇਸ ਮੌਕੇ ਫੈਡਰੇਸ਼ਨ ਦੇ ਮੈਂਬਰਾਂ ਵੱਲੋਂ ਐਸਡੀਐਮ ਸੁਖਪਾਲ ਸਿੰਘ ਨੂੰ ਮੋਰਿੰਡਾ ਇਲਾਕੇ ਦੇ ਕੀਤੇ ਕੰਮਾਂ ਲਈ ਪ੍ਰਸ਼ੰਸ਼ਾ ਪੱਤਰ ਅਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਹਾਰਾਜ ਜੱਸਾ ਸਿੰਘ ਫੈਡਰੇਸ਼ਨ ਦੇ ਸਰਪ੍ਰਸਤ ਕੁਲਵੀਰ ਸਿੰਘ ਸੋਨੂ, ਪ੍ਰਧਾਨ ਬਿਕਰਮਜੀਤ ਸਿੰਘ ਸੋਹਣਪਾਲ, ਸੈਕਟਰੀ ਦਲਜੀਤ ਸਿੰਘ ਮੁੰਡੇ, ਚਰਨਜੀਤ ਸਿੰਘ ਗੀਹਲ, ਜਗਜੀਤ ਸਿੰਘ ਗੀਹਲ, ਜਸਪ੍ਰੀਤ ਸਿੰਘ ਕਲਸੀ, ਗੁਰਵਿੰਦਰ ਸਿੰਘ ਗੀਹਲ, ਜਗਦੀਪ ਸਿੰਘ ਲੋਟੇ, ਜਗਵਿੰਦਰ ਸਿੰਘ ਜੰਡੂ, ਰਾਜਵੀਰ ਸਿੰਘ ਗੀਹਲ ਆਦਿ ਹਾਜ਼ਰ ਸਨ।

# ਸਰ ਮਾਰਸ਼ਲ ਕਾਨਵੈਂਟ ਸਕੂਲ ਵਿਖੇ ਕਰਵਾਇਆ ਸਾਲਾਨਾ ਸਮਾਗਮ

**ਅੱਡਾ ਸਰਾਂ, (ਜਸਵੀਰ ਕਾਜਲ)**

ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਵਿਚ ਹੋਏ ਸਮਾਗਮ ਦੌਰਾਨ ਐੱਮ ਐੱਲ ਏ ਜਸਵੀਰ ਸਿੰਘ ਰਾਜਾ ਗਿੱਲ, ਲੈਫਟੀਨੈਂਟ ਸਹਿਜਲਦੀਪ ਕੌਰ, ਸੰਦੀਪ ਸਿੰਘ ਸਿਕਰੀ, ਮਾਤਾ ਹਰਭਜਨ ਕੌਰ, ਬਲਵਿੰਦਰ ਕੌਰ ਮਾਰਸ਼ਲ, ਕੁਲਵੰਤ ਸਿੰਘ ਮਾਰਸ਼ਲ, ਸੁੱਖਵਿੰਦਰ ਸਿੰਘ ਅਰੋੜਾ, ਨਗਿੰਦਰ ਸਿੰਘ ਸਰਪੰਚ ਨੈਣੋਵਾਲ ਵੈਦ, ਸਰਪੰਚ ਗੋਲਡੀ ਨਰਵਾਲ, ਵਰਿੰਦਰ ਬਾਲੀ , ਗੁਰਮੇਲ ਸਿੰਘ, ਨਰੇਸ਼ ਕੁਮਾਰ, ਸਤਨਾਮ ਸਿੰਘ ਢਿੱਲੋਂ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ।ਸਮਾਗਮ ਵਿਚ ਨਰਸਰੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦਾ ਆਗਾਜ਼ ਬੱਚਿਆਂ ਵੱਲੋਂ ਧਾਰਮਿਕ ਗੀਤ ਨਾਲ ਕੀਤਾ ਗਿਆ। ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ, ਨਾਟਕ , ਝੂਮਰ ਤੇ ਅਖ਼ੀਰ ਵਿੱਚ ਗਿੱਧੇ ਅਤੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ । ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ 'ਤੇ ਸਰ ਮਾਰਸ਼ਲ ਕਾਨਵੈਂਟ ਸਕੂਲ ਭਲਿਆਲਾ ਦੇ ਪ੍ਰਿੰਸੀਪਲ ਰਮਨਦੀਪ ਸਿੰਘ ਅਤੇ ਸਮੂਹ ਸਟਾਫ਼ ਮੈਂਬਰ, ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦੇ ਪ੍ਰਿੰਸੀਪਲ ਗਾਇਤਰੀ ਅਤੇ ਸਮੂਹ ਸਟਾਫ਼ ਮੈਂਬਰ, ਸਰ ਮਾਰਸ਼ਲ ਕਾਨਵੈਂਟ ਸਕੂਲ ਵੈਦ ਦੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ , ਸੁਖਲਿੰਦਰਪਾਲ ਸਿੰਘ , ਦਲਜੀਤ ਕੌਰ , ਇੰਦੂ ,ਕਿਰਨਦੀਪ ਕੌਰ, ਸਿਮਰਪ੍ਰੀਤ , ਅਮਨਦੀਪ ਕੌਰ , ਗੁਰਪ੍ਰੀਤ ਕੌਰ , ਮੋਨਿਕਾ, ਨੀਲਮਾ ਦੇਵੀ, ਬਬੀਤਾ, ਰਾਜਪ੍ਰੀਤ ਕੌਰ, ਇੰਦਰਵੀਰ ਕੌਰ, ਸੰਦੀਪ ਕੌਰ, ਰਾਜਦੀਪ ਕੌਰ, ਨਵਨੀਤ ਕੌਰ , ਪਰਮਦੀਪ ਕੌਰ, ਅਕਰਸ਼ਦੀਪ ਕੌਰ, ਰਮਨਦੀਪ ਕੌਰ ਆਦਿ ਮੌਜੂਦ ਸਨ।



# ਜਲੰਧਰ ਕਮਿਸ਼ਨਰੇਟ ਪੁਲਸ ਦੀ ਵੱਡੀ ਕਾਰਵਾਈ, ਬਦਨਾਮ ਨਸ਼ਾ ਤਸਕਰਾਂ ਦੀ ਸੰਪਤੀ ਜ਼ਬਤ

**ਜਲੰਧਰ (ਸੁਰਿੰਦਰ ਕੁਮਾਰ)**- ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਤਿਨ ਸ਼ਰਮਾ ਵਾਸੀ ਬਚਿੰਤ ਨਗਰ ਪਿੰਡ ਰੇਰੂ ਪਠਾਨਕੋਟ ਚੌਕ ਜਲੰਧਰ, ਅਜੇ ਕੁਮਾਰ ਵਾਸੀ ਤਿਲਕ ਨਗਰ ਨੇੜੇ ਨਾਖਾ ਵਾਲਾ ਬਾਗ ਜਲੰਧਰ ਅਤੇ ਅਮਿਤ ਵਰਮਾ ਉਰਫ ਸੰਨੀ ਵਾਸੀ ਸਤਨਾਮ ਨਗਰ ਜਲੰਧਰ ਤੋਂ ਪੁਲਿਸ ਨੇ 2,23,000 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਸਨ, ਜਿਸ ਸਬੰਧੀ ਐੱਫ ਆਈ ਆਰ ਪੁਲਸ ਸਟੇਸ਼ਨ ਡਵੀਜ਼ਨ ਨੰਬਰ 1 ਜਲੰਧਰ ਵਿੱਚ ਦਰਜ ਕੀਤੀ ਗਈ ਸੀ।ਉਨ੍ਹਾਂ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਸਾਬਤ ਹੋਇਆ ਕਿ ਮੁਲਜ਼ਮਾਂ ਨੇ ਨਸ਼ਿਆਂ ਦੀ ਕਮਾਈ ਨਾਲ ਸੰਪਤੀ ਅਤੇ ਵਾਹਨ ਖ਼ਰੀਦੇ ਸਨ।ਇਸ ਤੋਂ ਬਾਅਦ ਪੁਲਸ ਨੇ ਸੰਪਤੀ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਅਤੇ ਸੰਪਤੀ ਤੇ ਵਾਹਨਾਂ ਦੀ ਜ਼ਬਤੀ ਦੇ ਹੁਕਮ ਸਮਰੱਥ ਅਥਾਰਟੀ ਤੋਂ ਪ੍ਰਾਪਤ ਕੀਤੇ ਗਏ। ਪੁਲਸ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਬਤ ਕੀਤੀ ਸੰਪਤੀ ਵਿੱਚ 23,25,000 ਰੁਪਏ ਮੁੱਲ ਦਾ ਰਿਹਾਇਸ਼ੀ ਘਰ (ਜ਼ਮੀਨ ਅਤੇ ਨਿਰਮਾਣ ਸਮੇਤ), 5,38,919 ਰੁਪਏ ਦੀ ਮੁੱਲ ਦੀ ਮਾਰੂਤੀ ਸੁਜ਼ੁਕੀ ਸਵਿਫਟ, 6,80,392 ਰੁਪਏ ਮੁੱਲ ਦੀ ਮਾਰੂਤੀ ਸੁਜ਼ੁਕੀ ਫ਼ਰੌਂਕਸ ਅਤੇ 61,116 ਰੁਪਏ ਮੁੱਲ ਦਾ ਐਕਟਿਵਾ ਸਕੂਟਰ ਸ਼ਾਮਲ ਹੈ। ਜ਼ਬਤ ਕੀਤੀ ਸੰਪਤੀ ਦੀ ਕੁੱਲ ਕੀਮਤ 36,05,427 ਰੁਪਏ ਬਣਦੀ ਹੈ।ਨਸ਼ਾ ਤਸਕਰੀ ਨੂੰ ਜੜ੍ਹੋਂ ਖਤਮ ਕਰਨ ਲਈ ਜਲੰਧਰ ਪੁਲਸ ਦੀ ਦ੍ਰਿੜ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾਂ ਨੇ ਕਿਹਾ ਕਿ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਨਸ਼ਿਆਂ ਦੀ ਕਮਾਈ ਨਾਲ ਪ੍ਰਾਪਤ ਕੀਤੀ ਕੋਈ ਵੀ ਸੰਪਤੀ ਜਾਂ ਵਾਹਨ ਕਾਨੂੰਨ ਅਨੁਸਾਰ ਜ਼ਬਤ ਕੀਤਾ ਜਾਵੇਗਾ।

# ਜਿੰਪਾ ਵੱਲੋਂ ਦੋ ਮਹੱਤਵਪੂਰਨ ਸੜਕ ਪ੍ਰੋਜੈਕਟਾਂ ਦੀ ਸ਼ੁਰੂਆਤ



**ਹੁਸ਼ਿਆਰਪੁਰ (ਲਵੀਰ ਸਿੰਘ ਸੈਣੀ)**- ਇਲਾਕੇ ਦੇ ਪਿੰਡਾਂ ਨੂੰ ਬਿਹਤਰ ਸੜਕ ਸੁਵਿਧਾਵਾਂ ਨਾਲ ਜੋੜਨ ਵੱਲ ਵਧਦੇ ਹੋਏ, ਪਟਿਆੜਿਆਂ ਤੋਂ ਡੱਲੇਵਾਲ (ਲੰਬਾਈ 3.03 ਕਿਮੀ) ਅਤੇ ਡੱਲੇਵਾਲ ਤੋਂ ਠਰੋਲੀ (ਲੰਬਾਈ 1.46 ਕਿਮੀ) ਸੜਕਾਂ ਦੇ ਨਿਰਮਾਣ ਕਾਰਜਾਂ ਦੀ ਰਸਮੀ ਸ਼ੁਰੂਆਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਕੀਤੀ ਗਈ। ਵਿਧਾਇਕ ਜਿੰਪਾ ਨੇ ਕਿਹਾ ਕਿ ਦੋਵੇਂ ਸੜਕਾਂ ਦਾ ਨਿਰਮਾਣ ਸਰਕਾਰ ਵੱਲੋਂ ਮਨਜ਼ੂਰ ਕੀਤੇ 66 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡਾਂ ਦੀ ਕਨੈਕਟੀਵਿਟੀ ਨੂੰ ਨਵੀਂ ਮਜਬੂਤੀ ਮਿਲੇਗੀ। ਵਿਧਾਇਕ ਨੇ ਕਿਹਾ ਕਿ ਇਹ ਵਿਕਾਸੀ ਯਤਨ ਇਲਾਕੇ ਦੇ ਲੋਕਾਂ ਦੀਆਂ ਪੁਰਾਣੀਆਂ ਅਤੇ ਮਹੱਤਵਪੂਰਨ ਮੰਗਾਂ ਨੂੰ ਪੂਰਾ ਕਰਨ ਵੱਲ ਇੱਕ ਵੱਡਾ ਕਦਮ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸੜਕਾਂ ਦੇ ਬਣਨ ਨਾਲ ਖੇਤਰ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਆ ਰਹੀ ਮੁਸ਼ਕਲ ਤੋਂ ਰਾਹਤ ਮਿਲੇਗੀ ਅਤੇ ਆਰਥਿਕ ਗਤੀਵਿਧੀਆਂ ਨੂੰ ਵੀ ਵਧਾਵਾ ਮਿਲੇਗਾ। ਇਸ ਮੌਕੇ 'ਤੇ ਪਿੰਡ ਠਰੋਲੀ ਦੀ ਸਰਪੰਚ ਰੀਨਾ, ਪਿੰਡ ਡੱਲੇਵਾਲ ਦੀ ਸਰਪੰਚ ਹਰਦੀਪ ਕੌਰ, ਪ੍ਰਿਤਪਾਲ, ਸਾਧੂ ਰਾਮ, ਕੁਲਜੀਤ ਸਿੰਘ ਨਗਰਾ, ਰਜਿੰਦਰ ਸਿੰਘ ਅਤੇ ਹੋਰ ਸਥਾਨਕ ਨਿਵਾਸੀ ਹਾਜ਼ਰ ਰਹੇ ਅਤੇ ਵਿਕਾਸ ਦੇ ਇਸ ਕਦਮ ਦਾ ਸਵਾਗਤ ਕੀਤਾ।ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਦਾ ਧੰਨਵਾਦ ਕੀਤਾ ਤੇ ਵਿਧਾਇਕ ਨੇ ਕਿਹਾ ਕਿ ਇਹ ਸੜਕ ਪ੍ਰੋਜੈਕਟ ਇਲਾਕੇ ਦੇ ਵਿਕਾਸ ਲਈ ਨਵੇਂ ਯੁੱਗ ਦੀ ਸ਼ੁਰੂਆਤ ਹਨ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਤਰ੍ਹਾਂ ਦੇ ਕੰਮ ਲਗਾਤਾਰ ਹੋਣ ਦੀ ਉਮੀਦ ਜਤਾਈ।

# ਇੰਦਰਜੀਤ ਰੂਪੋਵਾਲੀ ਨੂੰ ਸਦਮਾ, ਚਾਚਾ ਸੁਰਜੀਤ ਸਿੰਘ ਦਾ ਦੇਹਾਂਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਇਪਟਾ, ਪੰਜਾਬ ਦੇ ਜਨਰਲ ਸਕੱਤਰ ਅਤੇ ਨਾਟ-ਕਰਮੀ ਇੰਦਜੀਤ ਰੂਪੋਵਾਲੀ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋ ਉਨਾਂ ਦੇ ਚਾਚਾ ਸੁਰਜੀਤ ਸਿੰਘ ਦਾ 80 ਸਾਲ ਦੀ ਉਮਰ ਭੋਗ ਕੇ ਬੀਤੇ ਦਿਨੀ ਦਿਲ ਦੇ ਦੌਰੇ ਕਾਰਨ ਅਚਾਨਕ ਦੇਹਾਂਤ ਹੋ ਗਿਆ।ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਕਿਹਾ ਆਪਣੇ ਪਿਤਾ ਸਵਰਗੀ ਊਧਮ ਸਿੰਘ ਅਤੇ ਵੱਡੇ ਭਰਾ ਸਵਰਨ ਸਿੰਘ ਇਕ ਦਲੇਰ ਫੌਜੀ ਦੇ ਨਾਲ ਨਾਲ ਸਰਹੱਦੀ ਇਲਾਕੇ ਦੀ ਕੱਲਰ ਜ਼ਮੀਨ ਨੂੰ ਨਵੇਂ ਤਕਨੀਕੀ ਸੰਦਾਂ ਨਾਲ ਵਾਹੀਯੋਗ ਬਣਾ ਕੇ ਇਕ ਅਗਾਂਹਵਧੂ ਕਿਸਾਨ ਵੀ ਸਾਬਤ ਹੋਏ। ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕਮਲ ਨੈਨ ਸਿੰਘ ਸੇਖੋਂ ਤੇ ਇਪਟਾ, ਪੰਜਾਬ ਦੇ ਆਗੂਆਂ ਬਠਿੰਡਾ ਤੋਂ ਗੁਰਮੀਤ ਸਿੰਘ, ਮਾਨਸਾ ਤੋਂ ਮੇਘ ਰਾਜ ਰੱਲਾ, ਸੰਗਰੂਰ ਤੋਂ ਦਲਬਾਰ ਸਿੰਘ ਚੱਠਾ ਸੇਖਵਾਂ, ਪਟਿਆਲਾ ਤੋਂ ਹਰਜੀਤ ਕੈਂਥ ਅਤੇ ਡਾ. ਕੁਲਦੀਪ ਸਿੰਘ ਦੀਪ, ਮੁਹਾਲੀ ਤੋਂ ਡਾ. ਅਮਨ ਭੋਗਲ ਅਤੇ ਨਰਿੰਦਰ ਪਾਲ ਨੀਨਾ, ਰੋਪੜ ਤੋਂ ਸੁਰਿੰਦਰ ਰਸੂਲਪੁਰ ਤੇ ਰਾਬਿੰਦਰ ਰੱਬੀ, ਅੰਮ੍ਰਿਤਸਰ ਤੋਂ ਬਲਬੀਰ ਮੂਧਲ ਅਤੇ ਦਲਜੀਤ ਸੋਨਾ, ਗੁਰਦਾਸਪੁਰ ਤੋਂ ਗੁਰਮੀਤ ਪਾਹੜਾ, ਪਠਾਨਕੋਟ ਤੋਂ ਸੁਰੇਸ਼ ਮਹਿਤਾ, ਕਪੂਰਥਲਾ ਤੋਂ ਡਾ. ਹਰਭਜਨ ਸਿੰਘ, ਲੁਧਿਆਣਾ ਤੋਂ ਪ੍ਰਦੀਪ ਸ਼ਰਮਾਤੇ ਰਾਜਵਿੰਦਰ ਸਮਰਾਲਾ, ਨਵਾਂ ਸ਼ਹਿਰ ਤੋਂ ਪ੍ਰੋਫੈਸਰ ਗੁਰਪ੍ਰੀਤ ਸਿੰਘ, ਮੋਗੇ ਤੋਂ ਅਵਤਾਰ ਸਿੰਘ ਮੋਗਾ, ਜਲੰਧਰ ਤੋਂ ਨੀਰਜ ਕੌਸ਼ਿਕ ਤੇ ਗੁਰਵਿੰਦਰ ਸਿੰਘ, ਹੁਸ਼ਿਆਰਪੁਰ ਤੋਂ ਅਸ਼ੋਕ ਪੁਰੀ, ਫਜ਼ਿਲਕਾ ਤੋਂ ਸੁਖਦੀਪ ਸਿੰਘ ਭੁੱਲਰ ਨੇ ਇੰਦਰਜੀਤ ਰੂਪੋਵਾਲੀ ਅਤੇ ਦੁੱਖੀ ਪ੍ਰੀਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਕਿਹਾ ਕਿ ਸਰਦਾਰ ਸੁਰਜੀਤ ਸਿੰਘ ਆਪਣੇ ਆਲੇ-ਦੁਆਲੇ ਪ੍ਰਤੀ ਫਿਰਕਮੰਦ ਅਤੇ ਮਿਲਣਸਾਰ ਪ੍ਰਵਿਰਤੀ ਦੇ ਮਾਲਕ ਸਨ।ਉਨ੍ਹਾਂ ਦੀ ਅੰਤਿਮ ਅਰਦਾਸ 3 ਦਸੰਬਰ ਬੁੱਧਵਾਰ ਨੂੰ ਬਾਅਦ ਦੁਪਹਿਰ ਬਾਅਦ ਦੁਪਹਿਰ 12 ਤੋਂ 2 ਵਜੇ ਤੱਕ ਉਨ੍ਹਾਂ ਦੇ ਗ੍ਰਹਿ ਮਕਾਨ ਨੰ. ਈ-14/4263 ਬਾਈ ਪਾਸ ਰੋਡ, ਪ੍ਰਸੋਤਮ ਸਿੰਘ ਕਲੋਨੀ, ਨੇੜੇ ਮੈਕਸ ਸਿਟੀ, ਅੰਮ੍ਰਿਤਸਰ ਵਿਖੇ ਹੋਵੇਗੀ।



# ਹੜ੍ਹ ਪੀੜ੍ਹਤ ਤੇ ਵਿਧਵਾ ਔਰਤਾਂ ਦੀ ਆਰਥਿਕ ਮਦਦ ਕੀਤੀ

**ਕਾਲਾ ਸੰਘਿਆਂ (ਮਨਜੀਤ ਮਾਨ)**

ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਦੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵਿਖੇ ਤੀਰਥ ਸਿੰਘ ਸਪੇਨ ਪ੍ਰਧਾਨ ਗੁਰਦੁਆਰਾ ਬਾਰਸਿਲੋਨਾ ਸਪੇਨ ਦੀ ਸਮੂਹ ਸਾਧ ਸੰਗਤ ਵੱਲੋਂ ਹੜ੍ਹ ਪੀੜ੍ਹਤ, ਵਿਧਵਾ ਔਰਤਾਂ,ਗਰੀਬ ਪਰਿਵਾਰਾਂ ਦੀ ਆਰਥਿਕ ਮਦਦ ਲੈ ਕੇ ਪਹੁੰਚੇ। ਇਹ ਮਦਦ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਮੁੱਖ ਸੰਚਾਲਕ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਰਾਹੀਂ ਦਿੱਤੀ ਗਈ। ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ, ਪ੍ਰਧਾਨ ਤੀਰਥ ਸਿੰਘ ਸਪੇਨ ਵਾਲਿਆਂ ਨੇ ਦੱਸਿਆ ਕਿ ਪਿਛਲੇ 15 ਦਿਨਾਂ ਵਿੱਚ 19 ਪਰਵਾਰਾਂ ਦੀ ਤਿੰਨ ਲੱਖ 40 ਹਜ਼ਾਰ ਰੁਪਏ ਦੀ ਆਰਥਿਕ ਮਦਦ ਕੀਤੀ ਗਈ। ਪ੍ਰਧਾਨ ਤੀਰਥ ਸਿੰਘ ਸਪੇਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਹੁਣ ਤੱਕ ਦੋ ਮਹੀਨਿਆਂ ਵਿਚ ਸਪੇਨ ਦੀ ਸਮੂਹ ਸੰਗਤ ਵੱਲੋਂ ਹੜ੍ਹ ਪੀੜ੍ਹਤਾਂ ਵਾਸਤੇ ਡੀਜ਼ਲ ਤੇ ਬੀਜ ਤੇ ਖਾਦ ਦੀ ਸੇਵਾ ਸ਼ਹੀਦ ਸਿੰਘਾਂ ਦੇ ਪਰਿਵਾਰਾਂ,84 ਦੇ ਦੰਗਾ ਪੀੜਤਾਂ ਤੇ ਗੁਰ ਸਿੱਖਾਂ ਦੇ ਪਰਿਵਾਰਾਂ ਦੀ 54 ਲੱਖ ਰੁਪਏ ਦੀ ਆਰਥਿਕ ਮਦਦ ਕੀਤੀ ਜਾ ਚੁੱਕੀ ਹੈ

ਅੱਜ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਵਿਖੇ 14 ਪਰਿਵਾਰਾਂ ਦੀ ਆਰਥਿਕ ਮਦਦ ਕੀਤੀ ਗਈ ਉਨ੍ਹਾਂ ਨੇ ਕਿਹਾ ਕਿ ਅੱਜ 14 ਪਰਿਵਾਰਾਂ ਨੂੰ ਯਤੀਮ ਬੱਚਿਆਂ ਨੂੰ ਪੰਜ ਹਜ਼ਾਰ ਰੁਪਏ ਦਾ ਰਾਸ਼ਨ ਤਿੰਨ ਵਿਧਵਾ ਔਰਤਾਂ ਨੂੰ ਛੇ ਹਜ਼ਾਰ ਰੁਪਏ, ਪਿਆਰੇ ਲਾਲ ਨੂੰ 15 ਹਜ਼ਾਰ ਰੁਪਏ, ਨਰਿੰਦਰ ਸਿੰਘ ਸੰਧੂ ਚੱਠਾ 20 ਹਜ਼ਾਰ ਰੁਪਏ, ਮਨਵੀਰ ਸਿੰਘ ਲੋਪੋਕੇ ਨੂੰ 10 ਹਜ਼ਾਰ ਰੁਪਏ,ਪਾਠੀ ਰਣਜੀਤ ਸਿੰਘ ਕਾਲਾ ਸੰਘਿਆਂ ਦੇ ਬੱਚਿਆਂ ਦੀ ਸਕੂਲ ਫ਼ੀਸ ਵਾਸਤੇ ਦੱਸ ਹਜ਼ਾਰ ਰੁਪਏ ਬੇਟੀ ਪ੍ਰਿਅੰਕਾ ਦੇ ਮਕਾਨਾਂ ਦੀ ਮੁਰੰਮਤ ਵਾਸਤੇ 20 ਹਜ਼ਾਰ ਰੁਪਏ ,ਪਾਠੀ ਪ੍ਰਿਤਪਾਲ ਸਿੰਘ ਦੇ ਬੱਚਿਆਂ ਦੀ ਸਕੂਲ ਫ਼ੀਸ ਵਾਸਤੇ ਦੱਸ ਹਜ਼ਾਰ ਰੁਪਏ, ਬੀਬੀ ਸੁਖਵਿੰਦਰ ਕੌਰ ਪਿੰਡ ਰਾਮਪੁਰ ਜਗੀਰ ਨੂੰ 20 ਹਜ਼ਾਰ ਰੁਪਏ ਦੀ ਆਰਥਿਕ ਮੱਦਦ ਕੀਤੀ ਗਈ। ਇਸ ਤੋਂ ਇਲਾਵਾ ਭਾਈ ਨਰਿੰਦਰ ਸਿੰਘ ਸੰਧੂ ਚੱਠਾ, ਬੀਬੀ ਅਨੀਤਾ, ਬੀਬੀ ਸੰਦੀਪ ਕੌਰ ਚੈਰੀਟੇਬਲ ਖਾਲਸਾ ਟਰੱਸਟ ਧਰਮ ਸਿੰਘ ਵਾਲਾ ਨੂੰ ਦੋ ਲੱਖ ਰੁਪਏ ਤੇ ਬਲਵਿੰਦਰ ਸਿੰਘ ਪੱਖੋਕੀ ਰਾਹੀਂ 8 ਲੱਖ ਰੁਪਏ ਦੀ ਸਹਾਇਤਾ ਹਰਚਰਨ ਸਿੰਘ ਖ਼ਾਲਸਾ ਕੰਮੋਕੀ ਮੇੜੀ ਖਾਲਸਾ ਬਾਬਾ ਘੋਲਾ ਸਿੰਘ ਬਾਬਾ ਬਕਾਲਾ ਦੇ ਪੜ੍ਹਾਅ ਤੇ ਇੱਕ ਲੱਖ ਰੁਪਏ ਦੀ ਡੀਜ਼ਲ ਦੀ ਸੇਵਾ ਕੀਤੀ ਗਈ।



# 1007 ਨਾਨ-ਟੀਚਿੰਗ ਕਰਮਚਾਰੀਆਂ ਦੇ ਰੈਗੂਲਰ ਆਰਡਰ ਜਾਰੀ ਕਰਨ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਭਰ ਵਿੱਚ ਸਮਗਰਾ ਸਿੱਖਿਆ ਅਭਿਆਨ ਦੇ 1007 ਨਾਨ-ਟੀਚਿੰਗ ਕਰਮਚਾਰੀਆਂ ਵਿੱਚ ਗੁੱਸਾ, ਨਿਰਾਸ਼ਾ ਅਤੇ ਤੀਬਰ ਨਾਰਾਜ਼ਗੀ ਵਧਦੀ ਜਾ ਰਹੀ ਹੈ ਕਿਉਂਕਿ ਪੰਜਾਬ ਕੈਬਨਿਟ ਦੁਆਰਾ ਮਨਜ਼ੂਰੀ ਮਿਲਣ ਦੇ ਬਾਵਜੂਦ ਰੈਗੂਲਰ ਆਰਡਰ ਅਜੇ ਤੱਕ ਜਾਰੀ ਨਹੀਂ ਕੀਤੇ ਗਏ।ਸਾਲਾਂ ਤੋਂ ਕੀਤੀ ਸੇਵਾ, ਕਈ ਵਾਰ ਦਿੱਤੀਆਂ ਅਪੀਲਾਂ ਅਤੇ ਕੈਬਨਿਟ ਮਨਜ਼ੂਰੀ ਦੇ ਬਾਵਜੂਦ ਕਰਮਚਾਰੀ ਅਨਿਸ਼ਚਿਤਤਾ ਵਿੱਚ ਫਸੇ ਹੋਏ ਹਨ।ਉਨ੍ਹਾਂ ਦਾ ਭਵਿੱਖ, ਪਰਿਵਾਰ ਅਤੇ ਆਰਥਿਕ ਸਥਿਰਤਾ ਇਸ ਅਣਗਹਿਲੀ ਨਾਲ ਡੋਲ ਰਹੀ ਹੈ।1007 ਕਰਮਚਾਰੀ ਪੰਜਾਬ ਅਧੀਨ ਸਾਲਾਂ ਤੋਂ ਸੇਵਾ ਕਰ ਰਹੇ ਹਨ।ਪੰਜਾਬ ਕੈਬਨਿਟ ਉਨ੍ਹਾਂ ਦੇ ਰੈਗੂਲਰਾਈਜ਼ੇਸ਼ਨ ਨੂੰ ਮਨਜ਼ੂਰੀ ਦੇ ਚੁੱਕੀ ਹੈ।ਸਰਕਾਰੀ ਮਨਜ਼ੂਰੀ ਦੇ ਬਾਅਦ ਵੀ ਆਰਡਰ ਜਾਰੀ ਨਹੀਂ ਕੀਤੇ ਗਏ।ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਆਗੂ ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਜੀਵ ਸ਼ਰਮਾ ਨੇ ਦੱਸਿਆ ਇਹ ਸਿਰਫ਼ ਦੇਰੀ ਨਹੀਂ, ਇਹ ਸਾਫ਼-ਸਾਫ਼ ਅਨਿਆਂ ਹੈ।ਪੰਜਾਬ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ, ਫਿਰ ਵੀ ਸਾਡੀਆਂ ਫਾਈਲਾਂ ਅਟਕੀਆਂ ਹੋਈਆਂ ਹਨ।ਅਸੀਂ ਤੁਰੰਤ ਰੈਗੂਲਰ ਆਰਡਰ ਅਧਿਆਪਕਾਂ ਦੀ ਤਰਜ਼ 'ਤੇ 2018 ਤੋਂ ਜਾਰੀ ਕਰਨ ਦੀ ਮੰਗ ਕਰਦੇ ਹਾਂ।ਅਸੀਂ ਆਪਣੇ ਜੀਵਨ ਦੇ ਸਭ ਤੋਂ ਕੀਮਤੀ ਸਾਲ ਸਿੱਖਿਆ ਵਿਭਾਗ ਨੂੰ ਦਿੱਤੇ ਹਨ, ਹੁਣ ਸਰਕਾਰ ਆਪਣਾ ਵਾਅਦਾ ਪੂਰਾ ਕਰੇ।ਅਸੀਂ ਮਾਨਯੋਗ ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਅਤੇ ਉੱਚ ਅਧਿਕਾਰੀਆਂ ਨੂੰ ਨਿਮਰ ਪਰ ਦ੍ਰਿੜਤਾ ਨਾਲ ਬੇਨਤੀ ਕਰਦੇ ਹਾਂ ਕਿ 1007 ਕਰਮਚਾਰੀਆਂ ਦੇ ਰੈਗੂਲਰ ਆਰਡਰ ਤੁਰੰਤ ਜਾਰੀ ਕਰਵਾਏ ਜਾਣ ਅਤੇ ਕੈਬਨਿਟ ਫ਼ੈਸਲੇ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ।



# ਭਾਰਟਾ ਗਣੇਸ਼ਪੁਰ ਦਾ ਸਾਲਾਨਾ 22ਵਾਂ ਫੁੱਟਬਾਲ ਟੂਰਨਾਮੈਂਟ



**ਮਾਹਿਲਪੁਰ (ਸ.ਫ਼ਰੀ)** ਬਲਾਕ ਮਾਹਿਲਪੁਰ ਦੇ ਪਿੰਡ ਭਾਰਟਾ ਗਣੇਸ਼ ਪੁਰ ਚ 1008 ਸੰਤ ਬਾਬਾ ਮਾਹਨ ਦਾਸ ਜੀ ਦੀ ਯਾਦ ਨੂੰ ਸਮਰਪਿਤ 22ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਸੰਤ ਬਾਬਾ ਮਾਹਨ ਦਾਸ, ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਸੰਤ ਬਾਬਾ ਕਿਰਪਾਲ ਦਾਸ ਪ੍ਰਧਾਨ ,ਸੰਤ ਬਾਬਾ ਸੰਤੋਖ ਦਾਸ ਅਗਵਾਈ ਹੇਠ ਗ੍ਰਾਮ ਪੰਚਾਇਤ ਭਾਰਟਾ, ਗ੍ਰਾਮ ਪੰਚਾਇਤ ਗਣੇਸ਼ ਪੁਰ ਸਮੂਹ ਐਨ ਆਰ ਆਈਜ਼ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਜਦ ਕਿ ਸਮਾਗਮ ਦੀ ਪ੍ਰਧਾਨਗੀ ਕਮੇਟੀ ਦੇ ਵਾਈਸ ਪ੍ਰਧਾਨ ਸਾਬਕਾ ਸੰਮਤੀ ਮੈਂਬਰ ਰਸ਼ਪਾਲ ਸਿੰਘ ਲਾਲੀ, ਸਰਪੰਚ ਪ੍ਰਵੀਨ ਬਾਲਾ ਭਾਰਟਾ, ਸਰਪੰਚ ਕਵਲਦੀਪ ਕੌਰ ਗਣੇਸ਼ ਪੁਰ, ਨੰਬਰਦਾਰ ਤਕਦੀਰ ਸਿੰਘ, ਰਾਮਪਾਲ, ਪੰਡਿਤ ਦਵਿੰਦਰ ਸਿੰਘ ਬਾਹੋਵਾਲ, ਪਰਮਿੰਦਰ ਸਿੰਘ ਬਿਜਲੀ ਬੋਰਡ,ਰਾਮ ਲੁਭਾਇਆ ਕੈਂਡੋਵਾਲ ਯੂ ਕੇ, ਸਾਬਕਾ ਸਰਪੰਚ ਕੁਲਵਿੰਦਰ ਸਿੰਘ, ਗੁਰਮੇਲ ਸਿੰਘ ਇੱਟਲੀ, ਮਾਸਟਰ ਜਗਜੀਤ ਸਿੰਘ, ਇੰਦਰਜੀਤ ਸਿੰਘ , ਕੁਲਵਿੰਦਰ ਸਿੰਘ ਸਾਬਕਾ ਸਰਪੰਚ ਭਾਰਟਾ, ਸੋਨੂੰ ਭਾਰਟਾ ਆਦਿ ਨੇ ਕੀਤੀ।ਅੱਜ ਖੇਡੇ ਮੈਚਾਂ ਵਿਚ ਮੁੱਖ ਮਹਿਮਾਨ ਵਜੋਂ ਸੰਤ ਬਾਬਾ ਕਿਰਪਾਲ ਦਾਸ ਸ਼ਾਮਲ ਹੋਏ । ਖੇਡੇ ਗਏ ਮੈਚਾਂ ਵਿਚ ਨੰਗਲ ਖਿਡਾਰੀਆਂ ਦੀ ਟੀਮ ਨੇ ਪੰਡੋਰੀ ਗੰਗਾ ਸਿੰਘ ਦੀ ਟੀਮ ਨੂੰ 2-0 ਨਾਲ, ਸਕਰੂਲੀ ਨੇ ਮਾਹਿਲਪੁਰ ਨੂੰ 1-0 ਨਾਲ, ਅਤੇ ਹੱਲੂਵਾਲ ਨੇ ਪਾਲਦੀ ਨੂੰ ਪਨੈਲਟੀ ਕਿੱਕ ਰਾਹੀਂ 4-3 ਨਾਲ ਹਰਾ ਕੇ ਅਗਲੇ ਗੇੜ ਵਿਚ ਪ੍ਰਵੇਸ਼ ਕੀਤਾ ।ਇਸ ਮੌਕੇ ਹਰਮੇਲ ਸਿੰਘ, ਪਰਮਿੰਦਰ ਸਿੰਘ ਮੈਟੂ, ਬਲਵੀਰ ਸਿੰਘ, ਜਤਿੰਦਰ ਸਿੰਘ, ਰਾਜਦੀਪ ਸਿੰਘ, ਤੀਰਥ ਕੌਰ ਗਣੇਸ਼ ਪੁਰ ਸਾਬਕਾ ਸਰਪੰਚ, ਕਰਨੈਲ ਸਿੰਘ,ਗੁਰਪਾਲ ਕੌਰ ਪੰਚ,ਡਾ ਕਮਲਜੀਤ ਸਿੰਘ, ਗੁਰਪਾਲ ਕੌਰ, ਗੁਰਵੰਤ ਸਿੰਘ, ਜਸਵੀਰ ਸਿੰਘ ਕੋਚ, ਓਂਕਾਰ ਸਿੰਘ ਕੋਚ, ਇਕਬਾਲ ਸਿੰਘ ਬਾਲੀ ਕੋਚ, ਇੰਦਰਜੀਤ ਸਿੰਘ ਭਾਰਟਾ, ਗੁਲਵੰਤ ਸਿੰਘ,ਹਰਦੀਸ ਸਿੰਘ,ਡਾ ਜੋਗਾ ਸਿੰਘ, ਗੁਰਿੰਦਰ ਸਿੰਘ ਗੋਲਡੀ, ਚਮਨ ਲਾਲ ਪੰਚ ਭਾਰਟਾ ,ਘੁੱਦਾ ਸਮੇਤ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਹਾਜਰ ਸਨ।

# 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਮਹਾਂਪੁਰਸ਼ਾਂ ਦੇ ਬਰਸੀ ਸਮਾਗਮ ਨੂੰ ਸਮਰਪਿਤ ਧਾਰਮਿਕ ਸਮਾਗਮ ਅੱਜ

**ਜੇਜੋ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬ੍ਰਹਮਲੀਨ ਸ਼੍ਰੋਮਣੀ ਵਿਰਕਤ ਸ੍ਰੀਮਾਨ 108 ਸੰਤ ਬਾਬਾ ਦਲੇਲ ਸਿੰਘ ਜੀ ਮਹਾਰਾਜ ਅਤੇ ਉਹਨਾਂ ਦੇ ਪਰਮ ਸ਼ਿਸ਼ ਬ੍ਰਹਮਲੀਨ ਸ਼੍ਰੋਮਣੀ ਵਿਰਕਤ ਸ਼੍ਰੀਮਾਨ 108 ਸੰਤ ਮੋਨੀ ਜੀ ਮਹਾਰਾਜ ਜੀ ਦੀ ਯਾਦ ਵਿੱਚ 26ਵੀਂ ਬਰਸੀ 2 ਦਸੰਬਰ ਦਿਨ ਮੰਗਲਵਾਰ ਨੂੰ ਮਹਾਰਾਜ ਜੀ ਦੇ ਤਪ ਅਸਥਾਨ ਨਿਰਮਲ ਕੁਟੀਆ ਸ਼ੰਭਵਾਲੀ ਪਿੰਡ ਪੰਡਵਾਂ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਗੁਰਚਰਨ ਸਿੰਘ ਪੰਡਵਾਂ ਨੇ ਦੱਸਿਆ ਕਿ 26 ਨਵੰਬਰ ਦਿਨ ਬੁੱਧਵਾਰ ਨੂੰ ਕੁਟੀਆ ਵਿਖੇ ਸ੍ਰੀ ਆਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ, ਜਿਨਾਂ ਦੀ ਸਮਾਪਤੀ 2 ਦਸੰਬਰ ਦਿਨ ਮੰਗਲਵਾਰ ਨੂੰ ਹੋਵੇਗੀ। ਇਸ ਤੋਂ ਬਾਦ ਸਮਾਗਮ ਵਿੱਚ ਪਹੁੰਚ ਰਹੇ ਨਿਰਮਲ ਭੇਖ ਸੰਪ੍ਰਦਾ ਦੇ ਸੰਤ ਮਹਾਂਪੁਰਸ਼, ਤਖਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ, ਰਾਗੀ ਢਾਡੀ ਜਥੇ, ਨਿਹੰਗ ਸਿੰਘ ਜਥੇਬੰਦੀਆਂ ਅਤੇ ਹੋਰ ਸੰਤ ਮਹਾਂਪੁਰਸ਼ ਇਸ ਸਮਾਗਮ ਵਿੱਚ ਪਹੁੰਚ ਕੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ ਜੋ ਇਸ ਬ੍ਰਹਿਮੰਡ ਦੇ ਕਣ ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪ੍ਰਤਿਪਾਲਣਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ 1 ਦਸੰਬਰ ਨੂੰ 15 ਭਗਤ ਸਾਹਿਬਾਨਾਂ ਨੂੰ ਸਮਰਪਿਤ ਦੀਵਾਨ ਸਜਾਏ ਗਏ। ਇਸ ਮੌਕੇ ਉਨਾਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਸੰਵਿਧਾਨ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**

ਸੰਤ ਹੀਰਾ ਦਾਸ ਕੰਨਿਆ ਮਹਾ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਐੱਨ ਐੱਸ ਐੱਸ/ਰੈੱਡ ਰਿਬਨ/ਈਕੋ ਕਲੱਬ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ ਜਿਸ ਵਿਚ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਤੇ ਕਾਲਜ ਦੇ ਰਾਜਨੀਤੀ ਵਿਭਾਗ ਦੇ ਅਮਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਵਿਸ਼ਵ ਵਿੱਚ ਨਵੇਕਲੀ, ਬਹੁਪੱਖੀ ਅਤੇ ਬਹੁ ਪਾਸਾਰੀ ਪਛਾਣ ਹੈ ਜਿਸ ਤੇ ਸਾਨੂੰ ਮਾਣ ਹੈ। ਵਿਸ਼ਾਲ ਭਾਰਤ ਦੀ ਵੱਡੀ ਵਿਭਿੰਨਤਾ ਨੂੰ ਇੱਕਜੁੱਟਤਾ ਵਿੱਚ ਸਮੋ ਕੇ ਰੱਖਣਾ ਹੀ ਬਹੁਮੁੱਲੀ ਦੇਣ ਹੈ ਜਿਹੜੀ ਡਾ. ਅੰਬੇਡਕਰ ਦੀ ਸੋਚ ਤੇ ਪਹਿਰਾ ਦਿੰਦੀ ਹੈ ਤੇ ਆਪਸੀ ਸਾਂਝ ਤੇ ਭਾਈਵਾਲੀ ਦਾ ਸੰਦੇਸ਼ ਦਿੰਦੀ ਹੈ।ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੰਵਿਧਾਨ ਆਪਸੀ ਮੇਲ -ਮਿਲਾਪ, ਬਰਾਬਰਤਾ ਦਾ ਹੱਕ ਅਤੇ ਆਜ਼ਾਦੀ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦਾ ਹੈ।ਇਸ ਲਈ ਸਾਨੂੰ ਆਪਣੇ ਦੇਸ਼ ਵਿੱਚ ਨਸਲੀ ਭੇਦ-ਭਾਵ ਖਤਮ ਕਰਨ ਲਈ ਸਮਾਜ ਨੂੰ ਜਾਗਰੂਕ ਕਰਨਾ ਚਾਹੀਦਾ ਹੈ।ਇਸ ਮੌਕੇ ਤੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ,ਡਾ. ਕੁਲਵਿੰਦਰ ਕੌਰ, ਮੈਡਮ ਸੁਜਨ, ਮੈਡਮ ਇਰਮਾ, ਮੈਡਮ ਨੀਤੂ, ਸਮੂਹ ਸਟਾਫ ਮੈਂਬਰਜ਼ ਅਤੇ ਵਿਦਿਆਰਥੀ ਹਾਜ਼ਰ ਸਨ।




# ਪੱਤਰਕਾਰ ਮਨੀਸ਼ ਚੱਢਾ ਦੇ ਪਿਤਾ ਦੀ ਰਸਮ ਪਗੜੀ 5 ਨੂੰ



**ਫਗਵਾੜਾ (ਡਾ. ਰਮਨ)**- ਪੱਤਰਕਾਰ ਮਨੀਸ਼ ਚੱਢਾ ਦੇ ਪਿਤਾ ਮਧੂ ਸੂਦਨ ਚੱਢਾ ਜੋ ਕੀ ਬੀਤੇ ਦਿਨੀਂ ਸੰਖੇਪ ਬਿਮਾਰੀ ਮਗਰੋਂ ਅਕਾਲ ਚਲਾਨਾ ਕਰ ਗਏ ਨਮਿੱਤ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗਰੁੜ ਪੁਰਾਣ ਦਾ ਪਾਠ ਅਤੇ ਰਸਮ ਪਗੜੀ 5 ਦਸੰਬਰ ਦਿਨ ਸ਼ੁਕਰਵਾਰ ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਸਥਾਨ ਚੱਢਿਆ ਦੀ ਧਰਮਸ਼ਾਲਾ, ਮੇਨ ਬਾਜ਼ਾਰ, ਹਦੀਆਬਾਦ, ਫਗਵਾੜਾ ਵਿਖੇ ਹੋਵੇਗੀ।

## ਦਿਲ ਦੇ ਰੋਗਾਂ ਦੀ ਜਾਂਚ ਲਈ ਮੁਫ਼ਤ ਕੈਂਪ 11

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਭਾਖੜਾ ਬਿਆਸ ਪ੍ਰਬੰਧ ਬੋਰਡ ਦੀ ਪਹਿਲਕਦਮੀ ਤਹਿਤ ਤਲਵਾੜਾ ਦੇ ਬੀ ਬੀ ਐੱਮ ਬੀ ਹਸਪਤਾਲ ਵਿਚ 11 ਦੰਸਬ ਨੂੰ ਪੰਜਾਬ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾ: ਰਮਨ ਚਾਵਲਾ (ਡੀ ਐੱਮ ਕਾਰਡੀਓਲੋਜੀਸਟ) ਜਿਨ੍ਹਾਂ ਦਾ 35 ਸਾਲ ਦਾ ਤਜਰਬਾ ਹੈ, ਦੀ ਅਗਵਾਈ ਵਿਚ ਦਿਲ ਦੇ ਰੋਗਾਂ ਦੀ ਜਾਂਚ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਬੀ ਬੀ ਐੱਮ ਬੀ ਤਲਵਾੜਾ ਦੇ ਮੁੱਖ ਇੰਜ: ਸ੍ਰੀ ਰਾਕੇਸ਼ ਗੁਪਤਾ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਕੈਂਪ ਵਿਚ ਬੀ ਬੀ ਐੱਮ ਦੇ ਸਟਾਫ ਤੋਂ ਇਲਾਵਾ ਇਲਾਕੇ ਦੇ ਆਮ ਲੋਕ ਵੀ ਪੰਹੁਚ ਸਕਦੇ ਹਨ ਅਤੇ ਇਸ ਮੁਫ਼ਤ ਕੈਂਪ ਦਾ ਲਾਭ ਲੈ ਸਕਦੇ ਹਨ।

# ਜਿੰਪਾ ਨੇ ਬੂਥਗੜ੍ਹ 'ਚ 37.89 ਲੱਖ ਦੇ ਸਪੋਰਟਸ ਪਾਰਕ ਦਾ ਰੱਖਿਆ ਨੀਂਹ ਪੱਥਰ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)** ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਪਿੰਡ ਬੂਥਗੜ੍ਹ ਵਿਚ 37.89 ਲੱਖ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਸਪੋਰਟਸ ਪਾਰਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਆਯੋਜਿਤ ਪ੍ਰੋਗਰਾਮ ਵਿਚ ਵਿਧਾਇਕ ਜਿੰਪਾ ਨੇ ਕਿਹਾ ਕਿ ਮਜ਼ਬੂਤ ਨੌਜਵਾਨ ਸ਼ਕਤੀ ਕਿਸੇ ਵੀ ਖੇਤਰ ਦੀ ਪ੍ਰਗਤੀ ਦੀ ਨੀਂਹ ਹੁੰਦੀ ਹੈ ਅਤੇ ਪਿੰਡ ਪੱਧਰ 'ਤੇ ਬਿਹਤਰ ਖੇਡ ਸਹੂਲਤਾਂ ਉਪਲਬੱਧ ਸਹੂਲਤਾਂ ਉਪਲਬੱਧ ਕਰਵਾਉਣਾ ਉਨ੍ਹਾਂ ਦੀ ਤਰਜ਼ੀਹ ਹੈ। ਉਨ੍ਹਾਂ ਐਲਾਨ ਕੀਤਾ ਕਿ ਹਲਕਾ ਹੁਸ਼ਿਆਰਪੁਰ ਦੇ 30 ਪਿੰਡਾਂ ਵਿੱਚ ਵੀ ਇਸੇ ਤਰਜ਼ 'ਤੇ ਆਧੁਨਿਕ ਖੇਡ ਸਟੇਡੀਅਮ ਵਿਕਸਿਤ ਕੀਤੇ ਜਾਣਗੇ ਤਾਂ ਜੋ ਖੇਡ ਪ੍ਰਤਿਭਾਵਾਂ ਨੂੰ ਪਿੰਡ ਪੱਧਰ 'ਤੇ ਹੀ ਉੱਭਰਨ ਅਤੇ ਸਿਖਲਾਈ ਲੈਣ ਦੇ ਬਿਹਤਰ ਮੌਕੇ ਮਿਲ ਸਕਣ।ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਹ ਸਪੋਰਟਸ ਪਾਰਕ ਓਪਨ ਜਿਮ, ਵਾਕਿੰਗ ਟ੍ਰੈਕ, ਬੱਚਿਆਂ ਦੇ ਖੇਡਣ ਦਾ ਖੇਤਰ ਅਤੇ ਮਲਟੀ-ਗੇਮ ਜ਼ੋਨ ਵਰਗੀਆਂ ਸਹੂਲਤਾਂ ਨਾਲ ਲੈਸ ਹੈ, ਜੋ ਕਿ ਨੌਜਵਾਨਾਂ, ਬਜ਼ੁਰਗਾਂ ਅਤੇ ਬੱਚਿਆਂ ਸਮੇਤ ਹਰ ਉਮਰ ਵਰਗ ਦੇ ਲੋਕਾਂ ਲਈ ਲਾਭਦਾਇਕ ਸਾਬਤ ਹੋਵੇਗਾ। ਉਨ੍ਹਾਂ ਪਿੰਡ ਦੀਆਂ ਪੰਚਾਇਤਾਂ ਅਤੇ ਸਥਾਨਕ ਨੌਜਵਾਨਾਂ ਨੂੰ ਇਨ੍ਹਾਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਪਿੰਡਾਂ ਵਿੱਚ ਨਿਯਮਿਤ ਖੇਡ ਗਤੀਵਿਧੀਆਂ, ਲੀਗਾਂ ਅਤੇ ਟੂਰਨਾਮੈਂਟਾਂ ਨੂੰ ਯਕੀਨੀ ਬਣਾਉਣ ਦਾ ਸੱਦਾ ਦਿੱਤਾ।ਇਸ ਦੌਰਾਨ ਪਿੰਡ ਦੇ ਸਰਪੰਚ ਕਸ਼ਮੀਰ ਸਿੰਘ, ਸਰਪੰਚ ਸਤਨਾਮ ਸਿੰਘ, ਪੰਚ ਜਨਕ ਰਾਜ, ਜਸਵਿੰਦਰ ਕੌਰ, ਜਸਵਿੰਦਰ ਸਿੰਘ, ਸੁਮਿੱਤਰਾ ਰਾਣੀ, ਜਸਬੀਰ ਕੌਰ ਅਤੇ ਜਸਬੀਰ ਕੌਰ ਢਿੱਲੋਂ ਸਮੇਤ ਪਿੰਡ ਦੇ ਕਈ ਪਤਵੰਤੇ ਹਾਜ਼ਰ ਸਨ।



# ਬਸਪਾ ਨੇ ਜ਼ਿਲ੍ਹਾ ਪ੍ਰੀਸ਼ਦ, ਸੰਮਤੀ ਚੋਣਾਂ ਦੀਆਂ ਤਿਆਰੀਆਂ ਲਈ ਕੀਤੀ ਮੀਟਿੰਗ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਅਹੁਦੇਦਾਰ ਤੇ ਵਰਕਰਾਂ ਦੀ ਇਕ ਅਹਿਮ ਮੀਟਿੰਗ ਯਸ਼ ਭੱਟੀ ਪ੍ਰਧਾਨ ਹਲਕਾ ਚੱਬੇਵਾਲ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਐਡਵੋਕੇਟ ਪਲਵਿੰਦਰ ਮਾਨਾ ਜਿਲਾ ਅਤੇ ਹਲਕਾ ਚੱਬੇਵਾਲ ਇੰਚਾਰਜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਹਾਜ਼ਰ ਆਗੂਆਂ ਨੇ ਚੋਣਾਂ ਦੀ ਰਣਨੀਤੀ ਸਬੰਧੀ ਵਿਚਾਰ ਪੇਸ਼ ਕੀਤੇ। ਐਡਵੋਕੇਟ ਪਲਵਿੰਦਰ ਮਾਨਾ ਅਤੇ ਯਸ਼ ਭੱਟੀ ਨੇ ਕਿਹਾ ਕਿ ਹਲਕਾ ਚੱਬੇਵਾਲ ਵਿੱਚ ਬਹੁਜਨ ਸਮਾਜ ਪਾਰਟੀ ਮਜ਼ਬੂਤੀ ਨਾਲ ਇਹ ਚੋਣਾਂ ਲੜੇਗੀ ਤੇ ਵੱਧ ਤੋ ਵੱਧ ਸੀਟਾਂ ਜਿੱਤ ਕੇ ਬਸਪਾ ਦੀ ਝੋਲੀ ਵਿੱਚ ਪਾਏਗੀ, ਕਿਉਕਿ ਪਹਿਲਾਂ ਵੀ ਹਲਕਾ ਚੱਬੇਵਾਲ ਵਿਚ ਬਸਪਾ ਨੇ 5 ਪੰਜ ਸੀਟਾਂ ਤੇ ਕਬਜਾ ਕੀਤਾ ਸੀ। ਆਏ ਹੋਏ ਆਗੂਆਂ ਨੇ ਇਨ੍ਹਾਂ ਚੋਣਾਂ ਸਬੰਧੀ ਬੜੇ ਜੋਰਸ਼ੋਰ ਨਾਲ ਟੀਮ ਵਰਕ ਕਰਨ ਸਬੰਧੀ ਵਰਕਰਾਂ ਨੂੰ ਜਾਗਰੂਕ ਕੀਤਾ ਅਤੇ ਕਿਹਾ ਕਿ ਦੋ ਦਿਨਾਂ ਵਿੱਚ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਮੀਦਵਾਰਾਂ ਦੀ ਅੰਤਿਮ ਲਿਸਟ ਤਿਆਰ ਕਰ ਕੇ ਜਨਤਕ ਕੀਤੀ ਜਾਵੇਗੀ। ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਵਿੱਚ ਮਜ਼ਬੂਤੀ ਨਾਲ ਇਹ ਚੋਣਾਂ ਲੜੇਗੀ।

ਇਸ ਮੌਕੇ ਰਾਕੇਸ਼ ਕੁਮਾਰ ਕਿੱਟੀ , ਸੂਬੇਦਾਰ ਹਰਭਜਨ ਸਿੰਘ, ਰਾਜਵਿੰਦਰ ਸਿੰਘ ਕਾਲੇਵਾਲ, ਸਤਪਾਲ ਬਡਲਾ, ਜੱਸੀ ਖਾਨਪੁਰ, ਸੁਦੇਸ਼ ਭੱਟੀ, ਸਤਪਾਲ ਕਾਲੇਵਾਲ, ਡਾ. ਹਰਨੇਕ ਸਿੰਘ ਭਗਤੁਪੁਰ, ਮਾਸਟਰ ਹਰਿਕ੍ਰਿਸ਼ਨ, ਰਾਜੇਸ਼ ਭੁੰਨੋ, ਰਾਮ ਸਰੂਪ ਬਿਲਾਸਪੁਰ, ਵਿਸ਼ਾਲ ਵਿਹਾਲਾ, ਜਗਦੀਪ ਸਿੰਘ, ਕੁਲਵਿੰਦਰ ਸਿੰਘ, ਅਨਿਕੇਤ ਮਾਨਾ, ਸੂਬੇ. ਹਰਕਮਲਜੀਤ, ਸਾਗਰ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਗੁਰਮਤਿ ਸੰਤ ਸਮਾਗਮ

**ਜੇਜੋ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸੰਤ ਸਮਾਗਮ ਸੰਤ ਆਸ਼ਰਮ ਪਿੰਡ ਬਾਹੋਵਾਲ ਅਸਥਾਨ ਬ੍ਰਹਮਲੀਨ ਸ੍ਰੀਮਾਨ 108 ਸੰਤ ਬਾਬਾ ਰਣਜੀਤ ਸਿੰਘ ਜੀ ਵਿਖੇ ਸੰਤ ਮਾਤਾ ਗੁਰਿੰਦਰ ਕੌਰ ਦੀ ਯੋਗ ਅਗਵਾਈ ਹੇਠ ਹੋਇਆ। ਇਸ ਮੌਕੇ ਸਭ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ। ਉਸ ਤੋਂ ਬਾਅਦ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਟੂਟੋਮਜਾਰੇ ਵਾਲਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕਰਦਿਆਂ ਕਿਹਾ ਕਿ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਆਪਣੀ ਬਾਣੀ ਵਿੱਚ ਇੱਕ ਪ੍ਰਭੂ ਦਾ ਸਿਮਰਨ ਕਰਨ, ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣ, ਔਰਤ ਜਾਤੀ ਦਾ ਸਤਿਕਾਰ ਕਰਨ, ਗਿਆਨਵਾਨ ਅਤੇ ਵਿਵੇਕਸ਼ੀਲ ਬਣਨ, ਰੋਜ਼ਾਨਾ ਨਾਮ ਸਿਮਰਨ ਦੇ ਅਭਿਆਸ ਨਾਲ ਆਪਣੀ ਜ਼ਿੰਦਗੀ ਨੂੰ ਸ਼ੁੱਧ ਤੇ ਪਵਿੱਤਰ ਕਰਨ, ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ, ਜਾਤਪਾਤੀ ਵਿਖਰੇਵੇ ਮਿਟਾਉਣ ਅਤੇ ਸੇਵਾ-ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦਿੰਦੇ ਹਨ। ਜਿਸ ਉੱਤੇ ਚੱਲ ਕੇ ਹਰ ਵਿਅਕਤੀ ਸੁੱਖਮਈ ਤੇ ਸ਼ਾਂਤਮਈ ਜਿੰਦਗੀ ਬਤੀਤ ਕਰ ਸਕਦਾ ਹੈ। ਇਸ ਮੌਕੇ ਸੰਤ ਸੰਤੋਖ ਸਿੰਘ ਪਾਲਦੀ, ਸੰਤ ਪ੍ਰੀਤਮ ਸਿੰਘ ਬਾੜੀਆ, ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਵਡਭਾਗੀ ਸਿੰਘ ਊਨਾ, ਗਿਆਨੀ ਮੁਖਤਿਆਰ ਸਿੰਘ ਬਟਾਲਾ, ਸੰਤ ਬਿਕਰਮਜੀਤ ਸਿੰਘ ਡੇਰਾ ਬਿਸ਼ਨਪੁਰੀ ਨੰਗਲ, ਸੰਤ ਅਮਰੀਕ ਸਿੰਘ ਮੰਨਣਹਾਨਾ,ਸੁਆਮੀ ਵਿਸ਼ਵ ਭਾਰਤੀ, ਸੁਆਮੀ ਅੰਬਿਕਾ ਭਾਰਤੀ ਲੁਧਿਆਣਾ, ਸੰਤ ਬਲਵੀਰ ਸਿੰਘ ਹਰਿਆਣਾ ਭੂੰਗਾ, ਸੁਆਮੀ ਸ਼ਿਵਚਰਨ ਦਾਸ ਰਾਮਪੁਰ ਬਿਰੜੋ, ਸੁਆਮੀ ਹਰੀ ਦਾਸ ਧੂਣੇ ਵਾਲੇ ਮਾਹਿਲਪੁਰ ਸਮੇਤ ਸੰਤ ਮਹਾਂਪੁਰਸ਼ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਰਉਪਕਾਰੀ ਸੰਦੇਸ਼ ਤੋਂ ਜਾਣੂ ਕਰਵਾਇਆ ਅਤੇ ਨਾਲ ਹੀ ਬ੍ਰਹਮਲੀਨ ਸੰਤ ਬਾਬਾ ਰਣਜੀਤ ਸਿੰਘ ਜੀ ਦੀਆਂ ਧਾਰਮਿਕ ਸੇਵਾਵਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਨਮਨ ਕੀਤਾ। ਇਸ ਮੌਕੇ ਸੰਤ ਬੀਬੀ ਗੁਰਿੰਦਰ ਕੌਰ ਵਲੋਂ ਆਏ ਹੋਏ ਮਹਾਂਪੁਰਸ਼ਾਂ ਅਤੇ ਸਹਿਯੋਗੀ ਸੰਗਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਚੱਲਿਆ।



# ਮੈਡੀਕਲ ਪ੍ਰੈਕਟੀਸ਼ਨਰਾਂ ਦੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਜ਼ਿਲ੍ਹੇ ਦੇ ਸਮੂਹ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਲਈ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੈਂਬਰਾਂ ਦੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਡਾ ਕਸ਼ਮੀਰ ਸਿੰਘ ਢਿੱਲੋਂ ਜ਼ਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਵਿਸ਼ਕਰਮਾ ਮੰਦਰ ਵਿੱਚ ਹੋਈ। ਕਨਵੈਨਸ਼ਨ ਵਿੱਚ ਮੁੱਖ ਮਹਿਮਾਨ ਡਾ. ਧੰਨਾ ਮਲ ਗੋਇਲ ਸੂਬਾ ਪ੍ਰਧਾਨ ਪਹੁੰਚੇ।ਇਹ ਕਨਵੈਨਸ਼ਨ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਡਾਕਟਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਕਰਵਾਈ ਗਈ। ਕਨਵੈਂਸ਼ਨ ਵਿੱਚ ਜਿਲੇ ਭਰ ਤੋਂ ਵੱਡੀ ਗਿਣਤੀ ਵਿੱਚ ਪਿੰਡਾਂ ਵਿੱਚ ਸਿਹਤ ਸਹੂਲਤਾਂ ਦੇ ਰਹੇ ਡਾਕਟਰਾਂ ਨੇ ਸ਼ਿਰਕਤ ਕੀਤੀ। ਅਤੇ ਇੱਕਜੁੱਟ ਹੋ ਕੇ ਆਪਣੀਆਂ ਮੁੱਖ ਮੰਗਾਂ 'ਤੇ ਜ਼ੋਰ ਦਿੱਤਾ-ਜਿਵੇਂ ਕਿ ਸਰਕਾਰੀ ਮਾਨਤਾ, ਸਥਾਈ ਨੀਤੀ ਦਾ ਗਠਨ, ਬਿਹਤਰ ਸਿਹਤ ਸਹੂਲਤਾਂ ਦੀ ਵਿਵਸਥਾ। ਸੂਬਾ ਪ੍ਰਧਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੇਂਡੂ ਡਾਕਟਰ ਪੰਜਾਬ ਦੇ ਪਿੰਡਾਂ ਵਿੱਚ ਸਿਹਤ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ, ਪਰ ਉਨ੍ਹਾਂ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੇਂਡੂ ਡਾਕਟਰਾਂ ਦੀਆਂ ਮੰਗਾਂ ਨੂੰ ਤੁਰੰਤ ਸੁਣੇ ਅਤੇ ਉਨ੍ਹਾਂ ਨੂੰ ਸਰਕਾਰੀ ਮਾਨਤਾ ਦੇਣ ਲਈ ਇੱਕ ਠੋਸ ਨੀਤੀ ਬਣਾਏ ਤਾਂ ਜੋ ਪੇਂਡੂ ਲੋਕਾਂ ਨੂੰ ਬਿਹਤਰ ਡਾਕਟਰੀ ਸਹੂਲਤਾਂ ਮਿਲ ਸਕਣ।

# ਪੰਜਾਬ 'ਚ ਗੰਨੇ ਦਾ ਸਭ ਤੋਂ ਵੱਧ ਭਾਅ : ਇੰਦਰਜੀਤ ਕੌਰ ਮਾਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਦੇਸ਼ ਵਿਚ ਗੰਨੇ ਦਾ ਸਭ ਤੋਂ ਵੱਧ ਭਾਅ ਸਿਰਫ ਪੰਜਾਬ ਦੇ ਕਿਸਾਨਾਂ ਨੂੰ ਮਿਲ ਰਿਹਾ, ਮਾਨ ਸਰਕਾਰ ਨੇ 15 ਰੁਪਏ ਪ੍ਰਤੀ ਕੁਇੰਟਲ ਇਸ ਵਾਰ ਵਾਧਾ ਕੀਤਾ। ਹੁਣ ਕਿਸਾਨਾਂ ਨੂੰ 416 ਰੁਪਏ ਪ੍ਰਤੀ ਕੁਇੰਟਲ ਮਿਲੇਗਾ, ਇਹ ਆਖਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਨਕੋਦਰ ਸਹਿਕਾਰੀ ਖੰਡ ਮਿੱਲ ਨਾਲ ਜੁੜੇ ਸਾਰੇ ਕਾਸ਼ਤਕਾਰਾਂ ਨੂੰ ਪਿਛਲੇ ਬਕਾਏ ਦਿੱਤੇ ਜਾ ਚੁੱਕੇ ਹਨ ਤੇ ਕਿਸੇ ਦਾ ਵੀ ਮਿੱਲ ਵੱਲ ਗੰਨੇ ਦਾ ਕੋਈ ਬਕਾਇਆ ਨਹੀਂ ਹੈ। ਇਹ ਪਿਛਲੇ ਚਾਰ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੇ ਰਾਜ ਵਿਚ ਪਹਿਲੀ ਵਾਰ ਹੋਇਆ ਹੈ ਜਦੋਂ ਕਿ ਕਿਸਾਨ ਗੰਨੇ ਦੀ ਕਾਸ਼ਤ ਕਰਨੋ ਹਟ ਗਏ ਸਨ ਕਿਉਂਕਿ ਉਹਨਾਂ ਨੂੰ ਗੰਨੇ ਦੇ ਸਮੇਂ ਸਿਰ ਮਿੱਲਾਂ ਪੈਸੇ ਨਹੀ ਦਿੰਦੀਆਂ ਸਨ। ਨਕੋਦਰ ਸਹਿਕਾਰੀ ਖੰਡ ਮਿੱਲ ਵੱਲੋਂ ਆਪਣਾ ਪਿੜਾਈ ਸੀਜਨ 2025-26 ਸ਼ੁਰੂ ਕਰਨ ਮੌਕੇ ਇਹ ਵਿਚਾਰ ਬੀਬੀ ਮਾਨ ਨੇ ਪ੍ਰਗਟ ਕੀਤੇ। ਉਹਨਾਂ ਨੇ ਮਿੱਲ ਅੰਦਰ ਸਥਿਤ ਗੁਰਦਵਾਰਾ ਸਾਹਿਬ ਵਿਖੇ ਵਾਹਿਗੁਰੂ ਜੀ ਦਾ ਓਟ-ਆਸਰਾ ਲੈਂਦਿਆਂ ਮਿੱਲ ਮੈਨੇਜਮੈਂਟ ਅਤੇ ਗੰਨਾ ਕਾਸ਼ਤਕਾਰਾਂ ਨੂੰ ਪਿੜਾਈ ਸੀਜਨ 2025-26 ਦੀ ਸ਼ੁਭ-ਆਰੰਭਤਾ 'ਤੇ ਵਧਾਈ ਦਿੱਤੀ । ਇਸ ਮੌਕੇ 'ਤੇ ਗੰਨਾ ਲੈ ਕੇ ਆਏ ਪਹਿਲੇ ਪੰਜ ਗੰਨਾ ਕਾਸ਼ਤਕਾਰਾਂ ਸ੍ਰੀ ਲਖਬੀਰ ਸਿੰਘ ਪੁੱਤਰ ਸ੍ਰੀ ਕ੍ਰਿਪਾਲ ਸਿੰਘ ਪਿੰਡ ਲਿੱਤਰਾਂ,





ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ, ਪਿੰਡ ਬੀਰ ਪਿੰਡ, ਸ੍ਰੀਮਤੀ ਗੁਰਪ੍ਰੀਤ ਕੌਰ ਪਤਨੀ ਸ੍ਰੀ ਪਰਮਜੀਤ ਸਿੰਘ ਪਿੰਡ ਲਿੱਤਰਾਂ, ਸ੍ਰੀ ਚਰਨ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਸਿੱਧਵਾਂ ਸਟੇਸ਼ਨ ਅਤੇ ਸ੍ਰੀ ਮੇਜਰ ਸਿੰਘ ਪੁੱਤਰ ਸ੍ਰੀ ਸਰਦਾਰਾ ਸਿੰਘ ਪਿੰਡ ਮੁਹੇਮ ਨੂੰ ਮਿੱਲ ਦੇ ਕੰਡੇ 'ਤੇ, ਉਨ੍ਹਾਂ ਦੇ ਹਾਰ ਅਤੇ ਲੋਈਆਂ ਪਾ ਕੇ ਬੀਬੀ ਮਾਨ ਨੇ ਸਨਮਾਨਿਤ ਕੀਤਾ। ਇਸ ਮੌਕੇ ਹਲਕਾ ਸ਼ਾਹਕੋਟ ਇੰਚਾਰਜ ਆਮ ਆਦਮੀ ਪਾਰਟੀ, ਸ. ਪਰਮਿੰਦਰ ਸਿੰਘ(ਪਿੰਦਰ ਪੰਡੋਰੀ) ਜਨਰਲ ਮੈਨੇਜਰ ਸ੍ਰੀ ਸੁਖਵਿੰਦਰ ਸਿੰਘ ਤੂਰ, ਸ੍ਰੀ ਲਾਲ ਵਿਸ਼ਵਾਸ ਬੱਸ, ਐਸ.ਡੀ.ਐਮ. ਸਾਹਿਬ ਨਕੋਦਰ, ਸ੍. ਗੁਰਵਿੰਦਰਜੀਤ ਸਿੰਘ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜਲੰਧਰ ਅਤੇ ਸ੍ਰੀ ਜਤਿੰਦਰ ਕੁਮਾਰ ਸਹਾਇਕ ਰਜਿਸਟਰਾਰ, ਡਾ. ਮਨਧੀਰ ਸਿੰਘ, ਪ੍ਰੋਜੈਕਟ ਅਫਸਰ(ਗੰਨਾ). ਪੰਜਾਬ, ਸਹਿਕਾਰਤਾ ਵਿਭਾਗ ਤੋਂ ਸ੍ਰੀ ਪ੍ਰੇਮ ਮਹਿਤਾ ਸੁਪਰਡੈਂਟ (ਡੀ.ਆਰ. ਦਫਤਰ ਜਲੰਧਰ) ਅਤੇ ਖੇਤੀਬਾੜੀ ਵਿਭਾਗ ਤੋਂ ਸ੍ਰੀ ਹਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ੍ਰੀ ਅਵਤਾਰ ਸਿੰਘ, ਡਾਇਰੈਕਟਰ ਸ਼ੂਗਰਫੈਡ ਪੰਜਾਬ ਅਤੇ ਹਲਕੇ ਦੇ ਨਾਮਵਾਰ ਰਾਜਨੀਤਿਕ ਨੇਤਾ ਸ੍. ਜਸਬੀਰ ਸਿੰਘ ਧੰਜਲ ਡਾਇਰੈਕਟਰ ਬੈਕਫਿੰਕੋ, ਸ੍. ਅਮਰੀਕ ਸਿੰਘ ਕੌਂਸਲਰ ਨਕੋਦਰ, ਗੰਨਾ ਮਿੱਲ ਦੇ ਅਧਿਕਾਰੀ ਸ੍ਰੀ ਹਰਮੀਤ ਸਿੰਘ ਮੁੱਖ ਇੰਜੀਨੀਅਰ, ਸ੍ਰੀ ਸਰਬਜੀਤ ਗੁਰੂ ਦੱਤ ਸ਼ਰਮਾ ਮੁੱਖ ਲੇਖਾ ਅਫਸਰ, ਸ੍ਰੀ ਮ੍ਰਿਤੁੰਜੇ ਸਿੰਘ ਚੀਫ ਕੈਮਿਸਟ, ਸਿੰਘ ਸਹਾਇਕ ਇੰਜੀਨੀਅਰ, ਸ੍ਰੀ ਏਕਮ ਸਿੰਘ ਸਿੱਧੂ ਗੰਨਾ ਵਿਕਾਸ ਇੰਸਪੈਕਟਰ, ਸ੍. ਭੁਪਿੰਦਰ ਸਿੰਘ ਸਰਵੇਅਰ, ਸ੍ਰੀ ਪਰਮਿੰਦਰ ਸਿੰਘ ਚਾਨੀ ਹੈਡ ਟਾਈਮ ਕੀਪਰ, ਦੇਸ ਰਾਜ ਦਫਤਰ ਨਿਗਰਾਨ, ਸਤਨਾਮ ਸਿੰਘ ਸਕਿਉਰਟੀ ਅਫਸਰ, ਮੰਗਲ ਸਿੰਘ ਵੜੈਚ ਸਟੈਨੋ ਤੋਂ ਇਲਾਵਾ ਹਲਕੇ ਦੇ ਕਿਸਾਨ ਅਤੇ ਮਿੱਲ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਹਾਜਰ ਸਨ।

# ਛੇ ਕੈਡਿਟਾਂ ਨੇ ਐੱਨ ਡੀ ਏ ਤੋਂ ਗ੍ਰੈਜੂਏਸ਼ਨ ਕੀਤੀ ਮੁਕੰਮਲ

ਚੰਡੀਗੜ੍ਹ (ਗੁਰਜੀਤ ਬਿੱਲਾ)- ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐੱਸ ਏ ਐਸ ਨਗਰ (ਮੋਹਾਲੀ) ਦੇ ਛੇ ਕੈਡਿਟਾਂ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐੱਨ ਡੀ ਏ) ਖੜਕਵਾਸਲਾ, ਪੁਣੇ ਤੋਂ ਗ੍ਰੈਜੂਏਸ਼ਨ ਮੁਕੰਮਲ ਕੀਤੀ ਹੈ। ਚੀਫ਼ ਆਫ਼ ਨੇਵਲ ਸਟਾਫ ਐਡਮਿਰਲ ਦਿਨੇਸ਼ ਕੇ. ਤ੍ਰਿਪਾਠੀ, ਪੀ.ਵੀ. ਐਸ. ਐਮ. ਏ.ਵੀ.ਐਸ.ਐਮ. ਐਨ.ਐਮ. ਨੇ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਕੀਤਾ, ਜੋ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੇ ਨੌਜਵਾਨ ਅਫ਼ਸਰਾਂ ਲਈ ਇੱਕ ਮਾਣਮੱਤਾ ਪਲ ਸੀ। ਤਿੰਨ ਸਾਲਾਂ ਦੀ ਸਖ਼ਤ ਸਿਖਲਾਈ ਤੋਂ ਬਾਅਦ ਛੇ ਕੈਡਿਟਾਂ-ਗੁਰਕਰਨ ਸਿੰਘ (ਮੁਹਾਲੀ), ਹਰਮਨਵੀਰ ਸਿੰਘ (ਸ੍ਰੀ ਮੁਕਤਸਰ ਸਾਹਿਬ), ਅਰਜੁਨ ਸਿੰਘ ਤੂਰ (ਲੁਧਿਆਣਾ), ਰਿਦਮ ਮਹਾਜਨ (ਪਠਾਨਕੋਟ), ਅਕਸ਼ਾਂਸ਼ ਅਗਰਵਾਲ (ਸ੍ਰੀ ਫਤਿਹਗੜ੍ਹ ਸਾਹਿਬ) ਅਤੇ ਗੁਰਜੋਤ ਸਿੰਘ (ਸੰਗਰੂਰ) ਹੁਣ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿੱਚ ਜਾਣਗੇ, ਜਿੱਥੋਂ ਇੱਕ ਸਾਲ ਦੇ ਵਿੱਚ ਉਨ੍ਹਾਂ ਦੇ ਕਮਿਸ਼ਨ ਅਫਸਰ ਬਣਨ ਦਾ ਰਾਹ ਪੱਧਰਾ ਹੋਵੇਗਾ।



ਜ਼ਿਕਰਯੋਗ ਹੈ ਕਿ ਇਨ੍ਹਾਂ ਕੈਡਿਟਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਵਿਖੇ ਸਿਖਲਾਈ ਪ੍ਰਾਪਤ ਕੀਤੀ ਸੀ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਅਤੇ ਸੂਬੇ ਦਾ ਮਾਣ ਵਧਾਉਣ ਲਈ ਪ੍ਰੇਰਿਤ ਕੀਤਾ।



# ਸੰਤ ਫਰਾਂਸਿਸ ਸਕੂਲ ਕਰਤਾਰਪੁਰ ਵਿਖੇ ਖੇਡ ਮੁਕਾਬਲੇ ਕਰਵਾਏ

ਕਰਤਾਰਪੁਰ (ਹਰਮੇਸ਼ ਦੱਤ) ਸੰਤ ਫਰਾਂਸਿਸ ਕਾਨਵੈਂਟ ਸਕੂਲ ਕਰਤਾਰਪੁਰ ਵਿਖੇ ਹੈਡ ਟੀਚਰ ਰੇਵਰੇਲਨ ਸਿਸਟਰ ਜਸਲੀਨ ਦੀ ਯੋਗ ਅਗਵਾਈ ਹੇਠ ਸਲਾਨਾ ਸਪੋਰਟਸ ਮੀਟ ਕਰਵਾਈ ਗਈ । ਬੈਂਡ ਵਾਜਿਆਂ ਨਾਲ ਵਿਦਿਆਰਥੀਆਂ ਨੇ ਮੁੱਖ ਮਹਿਮਾਨ ਸਿਸਟਰ ਲੂਸੀ ਨੂੰ ਸਟੇਜ ਤੱਕ ਲਿਆਂਦਾ। ਮਸ਼ਾਲ ਰੋਸ਼ਨ ਕਰਕੇ ਅਤੇ ਰੰਗ ਬਰੰਗ ਗੁਬਾਰੇ ਆਕਾਸ਼ ਵਿੱਚ ਛੱਡ ਕੇ ਸਪੋਰਟਸ ਮੀਟ ਦਾ ਆਗਾਜ਼ ਕੀਤਾ ਗਿਆ।ਇਸ ਤੋਂ ਬਾਅਦ ਮੁੱਖ ਮਹਿਮਾਨ ਸਿਸਟਰ ਲੂਸੀ, ਹੈਡ ਸਿਸਟਰ ਜਸਲੀਨ , ਸਿਸਟਰ ਕਮਲ, ਸਿਸਟਰ ਸ਼ਬਨਮ, ਸਿਸਟਰ ਸਾਨੀਆ ਦੁਆਰਾ ਝੰਡੇ ਦੀ ਰਸਮ ਅਦਾ ਕੀਤੀ ਗਈ। ਚਾਰੇ ਸਦਨ ਗਾਂਧੀ, ਸੁਭਾਸ਼, ਨਹਿਰੂ, ਟੈਗੋਰ ਦੇ ਵਿਦਿਆਰਥੀਆਂ ਦੁਆਰਾ ਪਰੇਡ ਨਾਲ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਰੰਗਾਂ ਰੰਗ ਪ੍ਰੋਗਰਾਮ ਨਾਲ ਸਪੋਰਟਸ ਮੀਟ ਦਾ ਅਰੰਭ ਕੀਤਾ । ਪੀ. ਟੀ. ਟੀਚਰ ਸ੍ਰੀ ਵਿਜੈ ਠਾਕੁਰ, ਸ੍ਰੀ ਮਤੀ ਪੂਜਾ ਠਾਕੁਰ, ਸ੍ਰੀ ਗੋਰਬ ਮਦਾਨ ਅਤੇ ਸ੍ਰੀ ਸੂਰਜ ਦੀ ਨਿਗਰਾਨੀ ਤਹਿਤ 100 ਮੀਟਰ, 200 ਮੀਟਰ, 400 ਮੀਟਰ ਦੀਆਂ ਦੌੜਾਂ ਤੇ ਲੌਂਗ ਜੰਪ ਆਦਿ ਮੁਕਬਲੇ ਕਰਵਾਏ ਗਏ। ਹੈਡ ਸਿਸਟਰ ਦੁਆਰਾ ਜੇਤੂਆਂ ਨੂੰ ਇਨਾਮ ਵੰਡੇ ਗਏ ।

# ਮਹਾਨ ਅਦੁੱਤੀ ਸਮਾਗਮ 14 ਨੂੰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ, ਊਨਾ ਰੋਡ, ਬਜਵਾੜਾ ਕਲਾਂ ਹੁਸ਼ਿਆਰਪੁਰ ਸਮੂਹ ਨਗਰ ਨਿਵਾਸੀ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ ਮੌਕੇ ਸਮਰਪਿਤ ਮਹਾਨ ਅਦੁੱਤੀ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ 01 ਦਸੰਬਰ ਤੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ।ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ 10 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਆਰੰਭ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਦੂਜੀ ਲੜੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ 12 ਦਸੰਬਰ ਨੂੰ ਆਰੰਭ ਕੀਤੀ ਜਾਵੇਗੀ। 14 ਦਸੰਬਰ ਨੂੰ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ



ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਅਦੁੱਤੀ ਗੁਰਮਤਿ ਸਮਾਗਮ ਸਮਾਗਮ 14 ਦਸੰਬਰ ਨੂੰ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਏ ਜਾ ਰਹੇ ਹਨ।ਇਸ ਮੌਕੇ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਛਾਉਣੀ ਨਿਹੰਗ ਸਿੰਘਾਂ ਮੁੱਖੀ ਸਾਹਿਬਜਾਦਾ ਬਾਬਾ ਫਤਹਿ ਸਿੰਘ ਬਜਵਾੜਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਹਿਬਜ਼ਾਦਿਆਂ ਬਾਬਾ ਫਤਹਿ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਹੈ। ਇਸ ਮੌਕੇ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 14 ਦਸੰਬਰ ਨੂੰ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਅਦੁੱਤੀ ਗੁਰਮਤਿ ਸਮਾਗਮ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ, ਸੰਤ ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ, ਸਿਆਸੀ ਆਗੂ ਅਤੇ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਪੁੱਜ ਕੇ ਹਾਜ਼ਰੀ ਭਰਨਗੀਆ।

# ਨਿੱਜੀਕਰਨ ਨਾਲ ਨੌਕਰੀਆਂ ਖਤਮ ਹੋ ਜਾਣਗੀਆਂ : ਆਗੂ

ਨੰਗਲ : ਇੱਥੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜਿਲਾ ਆਗੂਆਂ ਦੀ ਇੱਕ ਮੀਟਿੰਗ ਭੜੋਲੀਆਂ ਭਵਨ ਵਿਖੇ ਹੋਈ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਰੋਡਵੇਜ਼ ਨੂੰ ਕਿਲੋਮੀਟਰ ਸਕੀਮ ਤੋਂ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਾਂਝੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਨ ਕਰਦੀ ਹੈ ਤਾਂ ਪੰਜਾਬ ਦੇ ਲੱਖਾਂ ਨੌਜਵਾਨਾਂ ਦੇ ਰੁਜ਼ਗਾਰ ਦੇ ਸੁਪਨੇ ਪੂਰੇ ਨਹੀਂ ਹੋਣਗੇ। ਇੱਕ ਪਾਸੇ ਸਰਕਾਰ ਕੌਡੀਆਂ ਦੇ ਭਾਅ ਜਨਤਕ ਖੇਤਰ ਦੇ ਅਦਾਰਿਆਂ ਨੂੰ ਆਪਣੇ ਲਾਭ ਲਈ ਕਾਰਪੋਰੇਟ ਘਰਾਣਿਆਂ ਨੂੰ ਦੇ ਰਹੀ ਹੈ, ਜਦ ਕਿ ਦੂਜੇ ਪਾਸੇ ਰੁਜ਼ਗਾਰ ਦੇ ਦਰਵਾਜੇ ਨੌਜਵਾਨਾਂ ਦੀ ਪੀੜੀ ਲਈ ਸਦਾ ਲਈ ਬੰਦ ਹੋ ਜਾਣਗੇ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕਿਲੋਮੀਟਰ ਸਕੀਮ ਦਾ ਵਿਰੋਧ ਕਰ ਰਹੇ ਪੰਜਾਬ ਰੋਡਵੇਜ਼- ਪੀ ਆਰ ਟੀ ਸੀ ਤੇ ਡਰਾਈਵਰਾਂ, ਕੰਡਕਟਰਾਂ ਅਤੇ ਹੋਰ ਵਰਕਰਾਂ 'ਤੇ ਅੰਨੇ ਵਾਹ ਲਾਠੀ ਚਾਰਜ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਆਪਣੀਆਂ ਤਜੌਰੀਆਂ ਭਰਨ ਦੇ ਲਈ ਕੋਈ ਵੀ ਤਸ਼ੱਦਦ ਕਰ ਸਕਦੀ ਹੈ । ਮੀਟਿੰਗ ਵਿੱਚ ਜਿਲਾ ਸਕੱਤਰ ਬਜਿੰਦਰ ਪੰਡਤ ਤੋਂ ਇਲਾਵਾ ਕਾਮਰੇਡ ਸੁਰਜੀਤ ਸਿੰਘ ਢੇਰ, ਸਤਨਾਮ ਸਿੰਘ ਸ਼ੇਰਾ, ਮਹਿੰਦਰ ਸਿੰਘ ਸੰਗਤਪੁਰ ਅਤੇ ਪੁਰੋਮਿਲਾ ਦੇਵੀ ਵੀ ਹਾਜ਼ਰ ਸਨ।



# ਸਕੂਲਾਂ 'ਚ ਕਮਜੋਰ ਨਜ਼ਰ ਵਾਲੇ ਬੱਚਿਆਂ ਨੂੰ ਐਨਕਾਂ ਵੰਡੀਆਂ

ਮਾਹਿਲਪੁਰ (ਸਫਰੀ) ਪੰਜਾਬ ਸਰਕਾਰ ਦੇ ਹੁਕਮਾਂ 'ਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਹਸਪਤਾਲ ਪਾਲਦੀ ਦੇ ਐਸ ਐਮ ਓ ਡਾ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਨੈਸ਼ਨਲ ਕੰਟਰੋਲ ਅਤੇ ਬਲਾਈਂਡਨੈਸ ਦੇ ਤਹਿਤ ਸਰਕਾਰੀ ਅਤੇ ਅਰਧ ਸਰਕਾਰੀ ਸਕੂਲ ਦੇ ਵੱਖ ਵੱਖ ਸਕੂਲਾਂ ਦੇ 127 ਕਮਜ਼ੋਰ ਨਜ਼ਰ ਵਾਲੇ ਬੱਚਿਆਂ ਨੂੰ ਐਨਕਾਂ ਦਿੱਤੀਆਂ ਗਈਆਂ। ਜਿਨ੍ਹਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਪੁਰ, ਬਿਛੋਹੀ ਗੋਂਦਪੁਰ , ਸਰਕਾਰੀ ਹਾਈ ਸਕੂਲ ਲਲਵਾਣ, ਸਰਕਾਰੀ ਹਾਈ ਸਕੂਲ ਟੂਟੋ ਮਜਾਰਾ, ਸਕਰੁਲੀ, ਲੰਗੇਰੀ, ਸਰਹਾਲਾ ਕਲਾਂ, ਮੇਘੋਵਾਲ ਦੁਆਬਾ, ਆਦਿ ਸਕੂਲ ਸ਼ਾਮਿਲ ਹਨ। ਇਹ ਜਾਣਕਾਰੀ ਅਪਥਾਲਮਿਕ ਅਫਸਰ ਡਾ ਪਰਮਿੰਦਰ ਸਿੰਘ ਨੇ ਮਾਹਿਲਪੁਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ।



## 'ਆਪ' ਆਗੂ ਦੇ ਘਰ 'ਤੇ ਗੋਲੀਬਾਰੀ ਕਾਇਰਤਾ : ਗੜ੍ਹੀ



ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਵਲੋਂ ਫਗਵਾੜਾ ਦੇ ਨੇੜੇ ਦਰਵੇਸ਼ ਪਿੰਡ ਵਿਖੇ ਆਮ ਆਦਮੀ ਪਾਰਟੀ ਦੇ ਆਗੂ ਦਲਜੀਤ ਰਾਜੂ ਦੇ ਘਰ ਮੁਲਾਕਾਤ ਕੀਤੀ ਗਈ ।ਸ੍ਰੀ ਗੜ੍ਹੀ ਨੇ ਕਿਹਾ ਕਿ ਹਮਲਾਵਰਾਂ ਵੱਲੋਂ ਕੀਤੀ ਗਈ ਗੋਲੀਬਾਰੀ ਕਾਇਰਤਾ ਵਾਲੀ ਕਾਰਵਾਈ ਹੈ ਤੇ ਸਾਰੀ ਪਾਰਟੀ ਸ੍ਰੀ ਰਾਜੂ ਨਾਲ ਡਟਕੇ ਖੜ੍ਹੀ ਹੈ । ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਪ੍ਰਸ਼ਾਸਨ ਨਾਲ ਉਨ੍ਹਾਂ ਦੀ ਗੱਲ ਹੋਈ ਹੈ ਤੇ ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਮਾਮਲੇ ਦੀ ਵੱਖ ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ।

# ਮੁਫ਼ਤ ਕੋਚਿੰਗ ਕਲਾਸਾਂ ਲਈ ਰਜਿਸਟ੍ਰੇਸ਼ਨ ਸ਼ੁਰੂ

ਜਲੰਧਰ (ਸੁਰਿੰਦਰ ਕੁਮਾਰ)- ਜ਼ਿਲ੍ਹਾ ਰੋਜ਼ਗਾਰ ਦਫਤਰ ਵੱਲੋਂ ਇੱਕ ਵਿਸ਼ੇਸ਼ ਉਪਰਾਲਾ ਜਲੰਧਰ ਦੇ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਮਹੀਨਾ ਜਨਵਰੀ ਤੋਂ ਮਾਰਚ, 2026 ਦੌਰਾਨ ਬਾਰ੍ਹਵੀਂ/ਗ੍ਰੈਜੂਏਸ਼ਨ ਵਿਦਿਅਕ ਯੋਗਤਾ ਰੱਖਣ ਵਾਲੇ ਉਮੀਦਵਾਰਾਂ ਲਈ ਮੁਫ਼ਤ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਚਿੰਗ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਬੈਂਕ ਪੀ.ਓ. ਤੇ ਗਰੁੱਪ-ਸੀ ਅਤੇ ਗਰੁੱਪ-ਡੀ ਦੀਆਂ ਅਸਾਮੀਆਂ ਦੇ ਸਨਮੁੱਖ ਇਮਤਿਹਾਨਾਂ ਦੀ ਤਿਆਰੀ ਕਰਵਾਈ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਕੋਚਿੰਗ ਕਲਾਸਾਂ ਵਿੱਚ ਦਾਖ਼ਲਾ ਟੈਸਟ ਦੇ ਅਧਾਰ 'ਤੇ ਹੋਵੇਗਾ ਅਤੇ ਕਲਾਸਾਂ ਅੰਬੇਡਕਰ ਭਵਨ, ਜਲੰਧਰ ਵਿਖੇ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕੋਚਿੰਗ ਕਲਾਸਾਂ ਵਿੱਚ ਦਾਖ਼ਲੇ ਦੇ ਚਾਹਵਾਨ ਬਿਨੈਕਾਰ ਗੂਗਲ ਲਿੰਕ https://tinyurl.com/yyyvujxk 'ਤੇ ਅਪਲਾਈ ਕਰ ਸਕਦੇ ਹਨ।

# ਮੋਹਾਲੀ ਮਿਊਂਸਪਲ ਕਾਰਪੋਰੇਸ਼ਨ ਦੀ ਹੱਦ 'ਚ ਵਾਧਾ ਲੋਕਾਂ ਦੀ ਜਿੱਤ : ਬਲਬੀਰ ਸਿੱਧੂ

ਮੋਹਾਲੀ (ਗੁਰਜੀਤ ਬਿੱਲਾ) ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਮਿਊਂਸਪਲ ਕਾਰਪੋਰੇਸ਼ਨ ਦੀ ਹੱਦ ਵਧਾਉਣ ਲਈ ਜਾਰੀ ਹੋਏ ਨਵੇਂ ਨੋਟੀਫ਼ੀਕੇਸ਼ਨ ਨੂੰ ਲੋਕਾਂ ਦੀ ਜਿੱਤ ਦਸਦਿਆਂ ਕਿਹਾ ਹੈ ਕਿ ਮਿਊਂਸਪਲ ਕਾਰਪੋਰੇਸ਼ਨ ਦੇ ਘੇਰੇ ਵਿਚ ਆਏ ਇਲਾਕਿਆਂ ਦੇ ਵਸਨੀਕਾਂ ਨੂੰ ਮਿਆਰੀ ਜਨ ਸਿਹਤ ਸਹੂਲਤਾਂ ਮਿਲਣ ਲੱਗਣ ਨਾਲ ਉਹਨਾਂ ਦਾ ਜੀਵਨ-ਪੱਧਰ ਹੋਰ ਉੱਚਾ ਹੋਵੇਗਾ।ਸ੍ਰੀ ਸਿੱਧੂ ਨੇ ਉਹਨਾਂ ਦਾ ਧੰਨਵਾਦ ਕਰਨ ਲਈ ਪਹਿਲੇ ਫੇਜ਼ ਦਫ਼ਤਰ ਵਿਚ ਵੱਡੀ ਗਿਣਤੀ ਵਿਚ ਆਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਉਹਨਾਂ ਵਿਅਕਤੀਆਂ ਦੀ ਹਾਰ ਹੈ ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਲੰਬਾ ਸਮਾਂ ਕਾਰਪੋਰੇਸ਼ਨ ਦੀ ਹੱਦ ਵਧਾਉਣ ਦੇ ਮਤੇ ਉਤੇ ਅਮਲ ਨਹੀਂ ਹੋਣ ਦਿੱਤਾ ਸੀ।ਉਹਨਾਂ ਕਿਹਾ ਕਿ ਜਦੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਦਖ਼ਲ ਅੰਦਾਜੀ ਕਾਰਨ ਪੰਜਾਬ ਸਰਕਾਰ ਨੂੰ ਇਸ 'ਤੇ ਅਮਲ ਕਰਨਾ ਲਾਜ਼ਮੀ ਹੋ ਗਿਆ ਸੀ ਤਾਂ ਵੀ ਕਾਰਪੋਰੇਸ਼ਨ ਵਲੋਂ 2021 ਵਿਚ ਪਾਏ ਗਏ ਮਤੇ ਅਨੁਸਾਰ ਹੱਦ ਵਧਾਉਣ ਦੀ ਥਾਂ ਜਿਹੜਾ ਨੋਟੀਫੀਕੇਸ਼ਨ ਜਾਰੀ ਕਰਵਾਇਆ ਗਿਆ ਉਸ ਵਿਚ ਬਡਮਾਜਰਾ, ਬਲੌਂਗੀ ਅਤੇ ਟੀ.ਡੀ.ਆਈ. ਵਰਗੇ ਅਹਿਮ ਖੇਤਰ ਛੱਡ ਦਿਤੇ ਗਏ ਸਨ। ਉਹਨਾਂ ਕਿਹਾ ਕਿ ਕਾਰਪੋਰੇਸ਼ਨ ਦੇ ਘੇਰੇ ਵਿਚ ਆਏ ਨਵੇਂ ਇਲਾਕਿਆਂ ਵਿਚ ਸੀਵਰੇਜ, ਪਾਣੀ ਅਤੇ ਬਿਜਲੀ ਵਰਗੀਆਂ ਮਿਆਰੀ ਜਨ ਸਿਹਤ ਸਹੂਲਤਾਂ ਨਾਲ ਜਿੱਥੇ ਇਥੋਂ ਦੇ ਵਸਨੀਕਾਂ ਦਾ ਜੀਵਨ ਪੱਧਰ ਹੋਰ ਉਚਾ ਹੋਵੇਗਾ। ਸ੍ਰੀ ਸਿੱਧੂ ਨੇ ਕਿਹਾ ਕਿ ਮੋਹਾਲੀ ਮਿਊਂਸਪਲ ਕਾਰਪੋਰੇਸ਼ਨ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਵੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੀ ਅਗਵਾਈ ਵਿਚ ਪਹਿਲਾਂ ਸਾਲ 2021 ਅਤੇ ਫਿਰ 2025 ਵਿਚ ਮੁੜ ਮਤਾ ਪਾਸ ਕਰ ਕੇ ਭੇਜਣ ਨਾਲ ਪੰਜਾਬ ਸਰਕਾਰ ਨੂੰ ਇਸ 'ਤੇ ਅਮਲ ਕਰਨ ਲਈ ਮਜ਼ਬੂਰ ਹੋਣਾ ਪਿਆ। ਉਹਨਾਂ ਇਕੱਠੇ ਹੋਏ ਲੋਕਾਂ ਨੂੰ ਇਸ ਜਿੱਤ ਦੀ ਵਧਾਈ ਦਿੰਦਿਆਂ ਭਰੋਸਾ ਦਿੱਤਾ ਕਿ ਉਹ ਹਮੇਸ਼ਾ ਦੀ ਤਰਾਂ ਅੱਗੇ ਤੋਂ ਵੀ ਉਹਨਾਂ ਦੇ ਹਿੱਤਾਂ ਲਈ ਲੜਦੇ ਰਹਿਣਗੇ।



# ਰਾਹੋਂ ਦੇ ਕਬੱਡੀ ਮਹਾਂਕੁੰਭ ਦਾ ਪੋਸਟਰ ਰਿਲੀਜ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਰਾਹੋਂ ਦੇ ਕਬੱਡੀ ਮਹਾਂਕੁੰਭ ਦਾ ਪੋਸਟਰ ਕੀਤਾ ਰਿਲੀਜ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਜੇ ਅਹੁਦੇਦਾਰਾਂ ਵੱਲੋਂ ਰਾਹੋਂ ਦੇ ਦੁਸਹਿਰਾ ਮੈਦਾਨ ਵਿੱਚ 7 ਦਸੰਬਰ ਨੂੰ ਕਰਵਾਏ ਜਾ ਰਹੇ ਕਬੱਡੀ ਮਹਾਂਕੁੰਭ ਅਤੇ ਅਥਲੈਟਿਕ ਮੁਕਾਬਲਿਆਂ ਦਾ ਕੈਲੰਡਰ ਜਾਰੀ ਕੀਤਾ ਇਸ ਮੌਕੇ ਕਲੱਬ ਦੇ ਅਹੁੱਦੇਦਾਰ ਖਿਡਾਰੀ ਲੜਕੇ ਲੜਕੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਮਾ. ਕਰਨੈਲ ਸਿੰਘ ਰਿਟਾਇਰਡ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਦੱਸਿਆ ਗਿਆ ਰਾਹੋਂ ਵਿੱਚ 7 ਦਸੰਬਰ 2025 ਨੂੰ ਰਾਹੋਂ ਦੇ ਦੁਸਹਿਰਾ ਗਰਾਉਂਡ ਵਿਖੇ ਕਬੱਡੀ ਅਤੇ ਅਥਲੈਟਿਕ ਦਾ ਮਹਾਂ ਕੁੰਭ ਹੋਵੇਗਾ। ਇਸ ਖੇਡ ਮੇਲੇ ਵਿੱਚ ਇੰਟਰਨੈਸ਼ਨਲ ਕਲੱਬਾਂ ਦੇ ਖਿਡਾਰੀ ਭਾਗ ਲੈਣਗੇ ਅਤੇ ਚਾਰ ਕਲੱਬਾਂ ਖੇਡਣਗੀਆਂ ਜਿਨ੍ਹਾਂ ਦਾ ਪਹਿਲਾ ਨਾਮ 71000 ਹਜਾਰ ਰੁਪਏ ਰਸ਼ਪਾਲ ਸਿੰਘ ਪਾਲਾ ਝੰਡੇਵਾਲ ਯੂਐਸਏ ਚੇਅਰਮੈਨ ਐਨ ਆਰ ਆਈ ਕਲੱਬ ਵੱਲੋਂ ਦਿੱਤਾ ਜਾਵੇਗਾ, ਦੂਸਰਾ ਇਨਾਮ 51 ਹਜ਼ਾਰ ਰੁਪਏ ਜਗਤਾਰ ਸਿੰਘ ਕਾਲਾ ਕਾਹਲੋ ਯੂਕੇ ਜੀਤਾ ਲੰਬੜ ਕਾਹਲੋ ਵਾਲਿਆਂ ਵੱਲੋਂ ਦਿੱਤਾ ਜਾਵੇਗਾ ਅਤੇ ਕਬੱਡੀ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਚਾਰ ਕਲੱਬਾਂ ਖੇਡਣਗੀਆਂ ਇਹਨਾਂ ਦਾ ਪਹਿਲਾ ਇਨਾਮ ਇਨਾਮ ਬਲਜੀਤ ਸਿੰਘ ਤਤਲਾ ਤਤਲਾ ਜਿੰਮ। ਵੱਲੋਂ ਦਿੱਤਾ ਜਾਵੇਗਾ ਲੜਕੀਆਂ ਦੀਆਂ ਦੋਨੇ ਟੀਮਾਂ ਦੇ ਇਨਾਮ 25000 ਜਗਤਾਰ ਸਿੰਘ ਹੁਸੈਨਪੁਰ ਆਸਟਰੇਲੀਆ ਦੇ ਪਰਵਾਰ ਵੱਲੋਂ ਦਿੱਤਾ ਜਾਵੇਗਾ। ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਯੂਨੀਅਰ ਲੜਕੀਆਂ ਦੀ ਟੀਮ ਵੱਲੋਂ ਸਕੂਲੀ ਕਬੱਡੀ ਅਤੇ ਅਥਲੈਟਿਕਸ ਕਾਬਲਿਆਂ ਵਿੱਚ ਜਿਲਾ ਅਤੇ ਸਟੇਟ ਪੱਧਰ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਤੇ ਸਤਪਾਲ ਭਾਟੀਆ ਪ੍ਰਧਾਨ ਸੀਨੀਅਰ ਸਿਟੀਜਨ ਨਵਾਂ ਸ਼ਹਿਰ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਖਜਾਨਚੀ ਕਰਨੈਲ ਸਿੰਘ ਪਾਬਲਾ ਵੱਲੋਂ ਲੜਕੀਆਂ ਨੂੰ ਵਧਾਈ ਦਿੱਤੀ ਜੇਤੂ ਖਿਡਾਰਨਾਂ ਦਾ ਕਲੱਬ ਵੱਲੋਂ ਸਨਮਾਨ ਕੀਤਾ।

## ਜਸਵੀਰ ਸਿੰਘ ਗੜ੍ਹੀ ਨਿਰਮਲ ਕੁਟੀਆ ਵਿਖੇ ਹੋਏ ਨਤਮਸਤਕ

ਫਗਵਾੜਾ (ਡਾ. ਰਮਨ)- ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਤਪ ਅਸਥਾਨ ਨਿਰਮਲ ਕੁਟੀਆ ਛੰਭ ਵਾਲੀ ਪਿੰਡ ਪੰਡਵਾ ਵਿਖੇ ਨਤਮਸਤਕ ਹੋਏ । ਦੱਸਣਯੋਗ ਹੈ ਕਿ ਨਿਰਮਲ ਕੁਟੀਆ ਵਿਖੇ ਸਲਾਨਾ 26ਵਾਂ ਬਰਸੀ ਸਮਾਗਮ ਮਿਤੀ 2 ਦਸੰਬਰ ਦਿਨ ਮੰਗਲਵਾਰ ਨੂੰ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਏ ਜਾ ਰਹੇ ਹਨ, ਜਿਸ ਦੇ ਤਹਿਤ ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਜਸਵੀਰ ਸਿੰਘ ਗੜ੍ਹੀ ਤਪ ਅਸਥਾਨ ਵਿਖੇ ਨਤਮਸਤਕ ਹੋਏ । ਇਸ ਮੌਕੇ ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ ਪਿੰਡ ਪੰਡਵਾ ਦੇ ਮੁੱਖ ਸੰਚਾਲਕ ਸੰਤ ਗੁਰਚਰਨ ਸਿੰਘ ਮਹਾਰਾਜ ਵੱਲੋਂ ਅਤੇ ਸੰਤ ਬਾਲ ਜੀ ਮਹਾਰਾਜ ਊਨਾ ਸਾਹਿਬ ਵਾਲਿਆਂ ਵੱਲੋਂ ਉਹਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਲੋਈ ਨਾਲ ਨਿਵਾਜਿਆ ਗਿਆ । ਇਸ ਮੌਕੇ ਆਪਣੇ ਸੰਬੋਧਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ 2 ਦਸੰਬਰ ਨੂੰ ਮਨਾਏ ਜਾ ਰਹੇ ਸਾਲਾਨਾ ਬਰਸੀ ਸਮਾਗਮਾਂ ਵਿੱਚ ਸ਼ਿਰਕਤ ਕਰਕੇ ਸੰਤਾਂ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ । ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਸਾਬਕਾ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ, ਹਰੀ ਓਮ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਨਸ਼ਿਆਂ ਨੂੰ ਖਤਮ ਕਰਨ ਲਈ ਸੰਸਥਾਵਾਂ ਨੂੰ ਸੈਮੀਨਾਰ ਆਯੋਜਿਤ ਕਰਨੇ ਚਾਹੀਦੇ : ਰਾਹੁਲ ਖੰਨਾ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)- ਅੱਜ ਕੱਲ ਦੀ ਨੌਜਵਾਨ ਪੀੜੀ ਨਸ਼ਿਆਂ ਜਿਹੀਆਂ ਮਾੜੀਆਂ ਅਲਾਮਤਾਂ ਵਿੱਚ ਗਰਤ ਹੁੰਦੀ ਜਾ ਰਹੀ ਹੈ। ਇਸ ਸਬੰਧੀ ਸ਼ਿਵ ਸੇਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ। ਸੈਮੀਨਾਰ 'ਚ ਸ਼ਾਮਿਲ ਸ਼ਿਵ ਸੈਨਾ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲਾ ਯੂਥ ਪ੍ਰਧਾਨ ਪੁਨੀਤ ਢਿੰਗਰਾ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਸਕੱਤਰ ਪੰਡਿਤ ਮਿਥਲੇਸ਼ ਗਰਗ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਬਲਾਕ ਪ੍ਰਧਾਨ ਗੌਰਵ ਬੇਦੀ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਯੂਥ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸੀਨੀਅਰ ਸਿਟੀ ਚੇਅਰਮੈਨ ਹਰਦੀਪ ਸਿੰਘ, ਸਰਕਲ ਪ੍ਰਧਾਨ ਪਰਮਜੀਤ ਸਿੰਘ, ਸਿਟੀ ਯੂਥ ਵਾਈਜ ਚੇਅਰਮੈਨ ਬਬਲੂ ਕੁਮਾਰ ਅਤੇ ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪੰਜਾਬ ਦੀਆਂ ਸਾਰੀਆਂ ਸੰਸਥਾਵਾਂ ਆਪਣਾ ਵਡਮੁੱਲਾ ਯੋਗਦਾਨ ਨਹੀਂ ਪਾਉਣਗੀਆਂ ਉਦੋਂ ਤੱਕ ਨਸ਼ਿਆਂ ਜਿਹੀਆਂ ਅਲਾਮਤਾਂ ਤੇ ਪੂਰੀ ਤਰ੍ਹਾਂ ਕਾਬੂ ਨਹੀਂ ਪਾਇਆ ਜਾ ਸਕਦਾ।

# ਸੰਤ ਬਾਬਾ ਬੇਲਾ ਦਾਸ ਨਮਿਤ ਸ਼ਰਧਾਂਜਲੀ ਸਮਾਗਮ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਨੂਰੜ ਵਿਖੇ ਸਤਿਗੁਰ ਬੰਦੀ ਛੋੜ ਈਸ਼ਰ ਦਾਸ ਸਤਿ ਸਾਹਿਬ ਡੇਰਾ ਪ੍ਰੇਮਪੁਰਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਬੇਲਾ ਦਾਸ ਦਾ ਬੀਤੀ ਦਿਨੀ ਦੇਹਾਂਤ ਹੋ ਗਿਆ ਸੀ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸੰਤ ਸਮਾਜ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸੰਤ ਬਾਬਾ ਬੇਲਾ ਦਾਸ ਦੇ ਭਰਾ ਮਨਜੀਤ ਸਿੰਘ, ਦਲਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸੰਤ ਬਾਬਾ ਬੇਲਾ ਦਾਸ ਦੀ ਆਤਮਿਕ ਸ਼ਾਂਤੀ ਲਈ ਈਸ਼ਰ ਦਾਸ ਬਾਣੀ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਅਤੇ ਸੰਤ ਸਮਾਜ ਵੱਲੋਂ ਸੰਤ ਬਾਬਾ ਮਨਜੀਤ ਸਿੰਘ ਨੂੰ ਡੇਰੇ ਦਾ ਨਵਾਂ ਮੁੱਖੀ ਥਾਪਿਆ ਗਿਆ ਅਤੇ ਸੰਤ ਸਮਾਜ ਵੱਲੋਂ ਦਸਤਾਰਬੰਦੀ ਕੀਤੀ ਗਈ। ਉਪਰੰਤ ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ, ਸੰਤ ਬਾਬਾ ਜਸਵਿੰਦਰ ਸਿੰਘ ਡਾਂਡੀਆਂ, ਸੰਤ ਬਾਬਾ ਜਸਵੀਰ ਸਿੰਘ ਪਿੱਪਲ ਮਾਜਰਾ, ਸੰਤ ਅਰਜਨ ਦਾਸ ਮੰਨਣਹਾਣਾ, ਸੰਤ ਬਾਬਾ ਸੁਖਪ੍ਰੀਤ ਸਿੰਘ ਨੂਰੜ, ਸੰਤ ਸਰਵਣ ਦਾਸ ਲੁਧਿਆਣਾ, ਸੰਤ ਬਾਬਾ ਹਰਭਜਨ ਸਿੰਘ ਪੰਡੋਰੀ ਬੀਬੀ, ਸੰਤ ਬਾਬਾ ਬਚਿੱਤਰ ਸਿੰਘ, ਸੰਤ ਬਾਬਾ ਗੁਰਮੁੱਖ ਦਾਸ ਸਾਹਰੀ, ਸੰਤ ਬਾਬਾ ਨਿਰਮਲ ਸਿੰਘ ਅਵਾਦਾਨ, ਸੰਤ ਬਾਬਾ ਬਲਵੰਤ ਸਿੰਘ ਡੀਗਰੀਆਂ, ਸੰਤ ਬਾਬਾ ਸਤਨਾਮ ਸਿੰਘ ਅਜਨੋਹਾ, ਸੰਤ ਬਾਬਾ ਸੋਹਣ ਸਿੰਘ ਰਾਹੋ, ਸੰਤ ਹਰਵਿੰਦਰ ਸਿੰਘ ਈਸਪੁਰ, ਸੰਤ ਬਾਬਾ ਨਿਰਮਲ ਸਿੰਘ ਬਘਾਣਾ, ਸੰਤ ਬਾਬਾ ਸਤਨਾਮ ਸਿੰਘ ਪੰਡੋਰੀ ਲੱਧਾ ਸਿੰਘ, ਬਾਬਾ ਰਣਜੀਤ ਸਿੰਘ ਤਪੋਬਣ ਨੇ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਨਵੇਂ ਥਾਪੇ ਗਏ ਸੰਤ ਬਾਬਾ ਮਨਜੀਤ ਸਿੰਘ ਨੇ ਆਏ ਹੋਏ ਸਾਧੂ ਤੇ ਸੰਤ- ਮਹਾਂਪੁਰਸ਼ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ।ਉਪਰੰਤ ਗੁਰੂ ਜੀ ਦੇ ਅਤੁੱਟ ਲੰਗਰ ਵਰਤਾਏ ਗਏ।





## ਗੁਰਦੁਆਰਾ ਸਾਹਿਬ ਦੀ ਕਮੇਟੀ ਦਾ ਗਠਨ



ਨਕੋਦਰ (ਮਨਜੀਤ ਮਾਨ)- ਪਿੰਡ ਬਿੱਲੀ ਚੁਹਾਰਮੀ ਵਿਖੇ ਗੁਰਦੁਆਰਾ ਸਾਹਿਬ ਦੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਸ. ਬਲਵੰਤ ਸਿੰਘ ਸਾਬਕਾ ਸਰਪੰਚ ਇਸ ਕਮੇਟੀ ਦਾ ਗਠਨ ਕਰਨ ਲਈ ਉਚੇਚੇ ਤੌਰ 'ਤੇ ਕਨੈਡਾ ਤੋਂ ਆਏ। ਹਰਬੰਸ ਸਿੰਘ ਕੰਗ ਨੂੰ ਪ੍ਰਧਾਨ ਚੁਣਿਆ ਗਿਆ ਅਤੇ ਸਰਬਜੋਤ ਸਿੰਘ ਢੀਂਡਸਾ ਨੂੰ ਖਜਾਨਚੀ ਨਿਯੁਕਤ ਕੀਤਾ ਗਿਆ। ਕਮੇਟੀ ਦੇ ਮੈਂਬਰਾਂ ਵਿਚ ਰੇਸ਼ਮ ਸਿੰਘ ਗਿੱਲ , ਜੋਗਿੰਦਰ ਸਿੰਘ ਉੱਪਲ (ਸੇਵਾ ਮੁਕਤ ਬੈਂਕ ਮੈਨੇਜਰ), ਇਕਬਾਲ ਸਿੰਘ ਸੇਵਾ ਮੁਕਤ (ਪੰਜਾਬ ਪੁਲਿਸ) , ਸ੍ਰੀ ਸੁਖਰਾਜ ਸਿੰਘ ਕੰਗ , ਜਸਪ੍ਰੀਤ ਸਿੰਘ ਗਿੱਲ , ਹਰਭਜਨ ਸਿੰਘ ਕੰਗ ,ਜਥੇਦਾਰ ਬਖਸ਼ੀਸ਼ ਸਿੰਘ ਖਾਲਸਾ , ਪ੍ਰਦੀਪ ਕੌਰ ਕੰਗ , ਜਸਵਿੰਦਰ ਕੌਰ ਕੰਗ ਨੂੰ ਚੁਣਿਆ ਗਿਆ । ਸਰਬਪ੍ਰੀਤ ਸਿੰਘ ਵੱਲੋਂ ਸਾਰੀ ਕਮੇਟੀ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ।

## ਫੁੱਲਾਂ ਦੀ ਹੋਲੀ ਮਹਾਂਉਤਸਵ ਨਾਲ ਸ੍ਰੀਮਦ ਭਾਗਵਤ ਕਥਾ ਦੀ ਸਮਾਪਤੀ

ਜਲੰਧਰ (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ ਸ਼੍ਰੀ ਬਾਂਕੇ ਬਿਹਾਰੀ ਭਾਗਵਤ ਪ੍ਰਚਾਰ ਸਮਿਤੀ ਵੱਲੋਂ ਕਰਵਾਈ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਦੇ ਆਖਰੀ ਦਿਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਮੇਅਰ ਵਿਨੀਤ ਧੀਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਕਥਾ ਸਰਵਣ ਕੀਤੀ। ਪਰਮ ਸ਼੍ਰਧੇਯ ਆਚਾਰੀਆ ਸ਼੍ਰੀ ਗੌਰਵ ਕ੍ਰਿਸ਼ਨ ਗੋਸਵਾਮੀ ਜੀ ਮਹਾਰਾਜ ਨੇ ਸੁਦਾਮਾ ਚਰਿਤਰ ਦਾ ਦਿਵਯ ਵਰਣਨ ਕਰਦਿਆਂ ਜੀਵਨ ਵਿੱਚ ਮਨ ਦੀ ਸ਼ਾਂਤੀ ਨੂੰ ਸਭ ਤੋਂ ਮਹੱਤਵਪੂਰਣ ਦੱਸਿਆ। ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਮੇਅਰ ਵਿਨੀਤ ਧੀਰ ਨੇ ਆਚਾਰੀਆ ਗੌਰਵ ਕ੍ਰਿਸ਼ਨ ਗੋਸਵਾਮੀ ਮਹਾਰਾਜ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਆਚਾਰੀਆ ਨੇ ਕਿਹਾ ਕਿ ਜੋ ਮਨੁੱਖ ਅਸ਼ਾਂਤ ਹੈ, ਉਹ ਕਦੇ ਵੀ ਸੁਖੀ ਨਹੀਂ ਰਹਿ ਸਕਦਾ। ਧਨ, ਖੁਸ਼ਹਾਲੀ ਅਤੇ ਭੌਤਿਕ ਸਾਧਨ ਸੁੱਖ ਦੀ ਗਾਰੰਟੀ ਨਹੀਂ ਹਨ। ਅਸਲ ਸੁੱਖ ਤਾਂ ਸ਼ਾਂਤੀ, ਸੰਤੋਖ ਅਤੇ ਪ੍ਰਭੂ ਦੇ ਸਿਮਰਨ ਵਿੱਚ ਹੈ। ਸੁਦਾਮਾ ਚਰਿਤਰ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਭਾਵੇਂ ਸੁਦਾਮਾ ਦੇ ਜੀਵਨ ਵਿੱਚ ਧਨ ਦਾ ਅਭਾਵ ਸੀ, ਪਰ ਉਹ ਨਾਮ-ਧਨ ਦੇ ਧਨੀ ਅਤੇ ਮਨੋਂ ਪੂਰੀ ਤਰ੍ਹਾਂ ਸ਼ਾਂਤ ਸਨ। ਇਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਸ਼੍ਰੀਮਦ ਭਾਗਵਤ ਕਥਾ ਸਾਨੂੰ ਕੇਵਲ ਆਧਿਆਤਮਕ ਊਰਜਾ ਹੀ ਨਹੀਂ ਦਿੰਦੀ, ਸਗੋਂ ਸਮਾਜ ਨੂੰ ਸਹੀ ਮਾਰਗ ਵੀ ਦਿਖਾਉਂਦੀ ਹੈ। ਸੰਜੀਵ ਕੁਮਾਰ (ਅਮਰੀਕਾ), ਸੁਨੀਲ ਨੱਯਰ, ਉਮੇਸ਼ ਓਹਰੀ, ਸੰਜੇ ਸਹਿਗਲ, ਸੰਦੀਪ ਮਲਿਕ, ਚੰਦਨ ਵਡੇਰਾ, ਬ੍ਰਿਜ ਮੋਹਨ ਚੱਢਾ, ਹੇਮੰਤ ਥਾਪਰ, ਰਾਜਵੰਸ਼ ਮਲਹੋਤਰਾ, ਦੇਵਿੰਦਰ ਅਰੋੜਾ, ਰਿੰਕੂ ਮਲਹੋਤਰਾ, ਅੰਕੁਸ਼ ਜੁਨੇਜਾ, ਸੋਨੂ ਚੋਪੜਾ, ਸੁਮਿਤ ਗੋਇਲ, ਸੰਦੀਪ ਕੁਮਾਰ, ਭੁਪਿੰਦਰ ਸਿੰਘ, ਤਰੁਣ ਸਰੀਨ, ਜਿਤਿੰਦਰ ਕੁਮਾਰ, ਰਾਜੇਸ਼ ਬਿਗਮਲ, ਬਲਵਿੰਦਰ ਸ਼ਰਮਾ, ਅਰੁਣ ਮਲਹੋਤਰਾ, ਦੇਵਿੰਦਰ ਵਰਮਾ, ਨਰਿੰਦਰ ਵਰਮਾ ਅਤੇ ਰਾਹੁਲ ਸ਼ਰਮਾ ਦਾ ਇਸ ਆਯੋਜਨ ਵਿੱਚ ਵਿਸ਼ੇਸ਼ ਸਹਿਯੋਗ ਰਿਹਾ।



# ਗੁਰੂ ਰਾਮਦਾਸ ਚੈਰੀਟੇਬਲ ਲੈਬੋਰੇਟਰੀ ਨਵਾਂਸ਼ਹਿਰ ਨੇ ਪੂਰੇ ਕੀਤੇ ਪੰਜ ਸਾਲ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਦੇ ਸਹਿਯੋਗ ਨਾਲ ਲਾਇਫ ਕੇਅਰ ਫਾਉਂਡੇਸ਼ਨ ਵੱਲੋਂ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਚੌਂਕ, ਨਵਾਂ ਸ਼ਹਿਰ ਵਿਖੇ ਚਲਾਈ ਜਾ ਰਹੀ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਲੈਬੋਰੇਟਰੀ ਨੂੰ ਅੱਜ ਪੰਜ ਸਾਲ ਪੂਰੇ ਹੋ ਚੁੱਕੇ ਹਨ । ਇਸ ਮੌਕੇ ਲਾਇਫ ਕੇਅਰ ਫਾਊਂਡੇਸ਼ਨ ਦੇ ਡਾਇਰੈਕਟਰ ਸ: ਅਵਤਾਰ ਸਿੰਘ ਬੈਨੀਪਾਲ ਖਾਸ ਤੌਰ 'ਤੇ ਪਹੁੰਚੇ । ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਚੈਰੀਟੇਬਲ ਲੈਬੋਰੇਟਰੀ ਵਿੱਚ ਮਨੁੱਖਤਾ ਦੀ ਸੇਵਾ ਲਈ ਬਿਨਾਂ ਕਿਸੇ ਮੁਨਾਫੇ ਤੋਂ ਬਜ਼ਾਰ ਨਾਲੋਂ ਤਿੰਨ ਗੁਣਾਂ ਘੱਟ ਰੇਟ 'ਤੇ ਵਿਸ਼ਵ ਪੱਧਰ ਦੀਆਂ ਮਸ਼ੀਨਾਂ ਨਾਲ਼ ਡਾਕਟਰਾਂ ਦੀ ਦੇਖ ਰੇਖ ਵਿੱਚ ਟੈਸਟ ਕੀਤੇ ਜਾਂਦੇ ਹਨ । ਉਹਨਾਂ ਦੱਸਿਆ ਸਾਡੀ ਲੈਬ ਐਨ ਵੀ ਐਸ ਐਲ ਤੋਂ ਪ੍ਰਮਾਨਿਤ ਹੈ, ਇਸ ਲੈਬ ਦੀਆਂ ਰਿਪੋਰਟਾਂ ਪੀ ਜੀ ਆਈ ਚੰਡੀਗੜ੍ਹ, ਡੀ ਐੱਮ ਸੀ ਲੁਧਿਆਣਾ, ਏਮਜ਼ ਬਠਿੰਡਾ ਅਤੇ ਹਰ ਵੱਡੇ ਵੱਡੇ ਅਦਾਰਿਆਂ ਵਿੱਚ ਪ੍ਰਵਾਨ ਕੀਤੀਆਂ ਜਾਂਦੀਆਂ ਹਨ । ਉਹਨਾਂ ਨੇ ਦੱਸਿਆ ਕਿ ਸਾਡੀਆਂ ਚੈਰੀਟੇਬਲ ਲੈਬਾਂ ਦੇ 160 ਸੈਂਟਰ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿੱਚ ਚੱਲ ਰਹੇ ਹਨ। ਇਸ ਏਰੀਏ ਵਿੱਚ ਰਾਹੋਂ, ਨਵਾਂ ਸ਼ਹਿਰ, ਬੰਗਾ, ਅਪਰਾ, ਮਜਾਰੀ, ਬਲਾਚੌਰ, ਗੜ੍ਹਸ਼ੰਕਰ ਅਤੇ ਮਾਹਿਲਪੁਰ ਵਿੱਚ ਵੀ ਚੈਰੀਟੇਬਲ ਲੈਬੋਰੇਟਰੀ ਦੇ ਸੈਂਟਰ ਚੱਲ ਰਹੇ ਹਨ। ਜਿਹਨਾਂ ਵਿੱਚ 75% ਘੱਟ ਰੇਟ 'ਤੇ ਲੈਬ ਟੈਸਟ ਕੀਤੇ ਜਾਂਦੇ ਹਨ। ਅਮਰਜੀਤ ਸਿੰਘ ਖਾਲਸਾ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਪੱਤਰਕਾਰਾਂ ਦਾ ਧੰਨਵਾਦ ਕੀਤਾ । ਇਸ ਮੌਕੇ ਅਵਤਾਰ ਸਿੰਘ ਬੈਨੀਪਾਲ ਡਾਇਰੈਕਟਰ, ਦਲਜੀਤ ਸਿੰਘ ਯੂਨਿਟ ਮੈਨੇਜਰ, ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖਾਲਸਾ, ਪ੍ਰਿਤਪਾਲ ਸਿੰਘ ਹਵੇਲੀ, ਹਰਪ੍ਰੀਤ ਸਿੰਘ ਹੈਪੀ, ਇੰਦਰਜੀਤ ਸਿੰਘ, ਕੁਲਦੀਪ ਸਿੰਘ, ਆਜ਼ਾਦ, ਕੁਲਵਿੰਦਰ ਸਿੰਘ ਰਵਿੰਦਰ ਸਿੰਘ, ਸੁਨੀਲ ਕੁਮਾਰ ਰਾਜਪੂਤ ਰੇਨੂ ਅਤੇ ਨੀਰਜ ਕੁਮਾਰੀ ਹਾਜ਼ਰ ਸਨ।

# ਦਸਵੀਂ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ



ਮੋਹਾਲੀ (ਗੁਰਜੀਤ ਬਿੱਲਾ)- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਅਮਰੀਕ ਸਿੰਘ ਸ੍ਰੀ ਅੰਮ੍ਰਿਤਸਰ ਵਾਲਿਆਂ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਅਤੇ ਸ਼ਹਾਦਤ ਤੋਂ ਬਾਅਦ ਉਨਾਂ ਦੇ ਪਵਿਤਰ ਸੀਸ ਨੂੰ ਭਾਈ ਜੇਤਾ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੇ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਨਿਰਮਲ ਸਿੰਘ ਜੀ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ ਸਾਹਿਬ ਜੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ ਸ਼ਹਾਦਤ ਤੋਂ ਬਾਅਦ ਉਨਾਂ ਦੇ ਧੜ ਦਾ ਸਸਕਾਰ ਕਰਨ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਦੱਸਿਆ। ਉਨ੍ਹਾਂ ਇਹ ਵੀ ਦੱਸਿਆ ਕਿ ਜਿਥੇ ਧੰਨ ਧੰਨ ਸ੍ਰੀ ਤੇਗ ਬਹਾਦਰ ਜੀ ਦਾ ਸਸਕਾਰ ਕੀਤਾ ਗਿਆ ਉਥੇ ਅੱਜ ਗੁਰਦਆਰਾ ਸ੍ਰੀ ਰਕਾਬ ਗੰਜ ਸਾਹਿਬ ਸ਼ੁਸ਼ੋਭਿਤ ਹਨ।ਦਸਵੀਂ ਦੇ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਇਸ ਦਿਨ ਕਰਵਾਏ ਗਏ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ।

# ਅਗਵਾ ਕੀਤੀ ਨਾਬਾਲਗ ਲੜਕੀ ਦੇ ਮਾਮਲੇ 'ਚ ਪੁਲਸ ਦੇ ਰਵੱਈਏ ਦੀ ਨਿਖੇਧੀ

ਕਰਤਾਰਪੁਰ (ਹਰਮੇਸ਼ ਦੱਤ)- ਥਾਣਾ ਮਕਸੂਦਾਂ ਪੁਲਿਸ ਵਲੋਂ ਨੇੜਲੇ ਪਿੰਡ ਦੀ ਇੱਕ ਅੱਧਖੜ੍ਹ ਉਮਰ ਦੇ ਵਿਅਕਤੀ ਦੁਆਰਾ ਅਗਵਾ ਕੀਤੀ ਨਾਬਾਲਗ ਲੜਕੀ ਦੇ ਮਾਮਲੇ ਵਿੱਚ ਧਾਰਨ ਕੀਤੇ ਹੋਏ ਔਰਤ ਵਿਰੋਧੀ ਰਵੱਈਏ ਦੀ ਇਸਤਰੀ ਜਾਗ੍ਰਿਤੀ ਮੰਚ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਐਲਾਨ ਕੀਤਾ ਕਿ ਜੇਕਰ ਇਸ ਮਾਮਲੇ ਵਿੱਚ ਪੁਲਿਸ ਨੇ ਪੋਸਕੋ ਐਕਟ ਦੀਆਂ ਧਾਰਾਵਾਂ ਤਹਿਤ ਵਾਧਾ ਜ਼ੁਰਮ ਕਰਕੇ ਅਗਵਾਕਾਰ ਅਤੇ ਉਸ ਦੀ ਮਦਦ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਤਾਂ ਜਥੇਬੰਦੀਆਂ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੀਆਂ।ਸਥਾਨਕ ਉੱਪ ਪੁਲਿਸ ਕਪਤਾਨ ਨੂੰ ਇਸ ਮਾਮਲੇ ਵਿੱਚ ਮਕਸੂਦਾਂ ਪੁਲਿਸ ਵਲੋਂ ਵਰਤੀ ਜਾ ਰਹੀ ਢਿੱਲਮੱਠ ਤੇ ਧਾਰਨ ਕੀਤੇ ਰਵੱਈਏ ਖਿਲਾਫ਼ ਮਿਲਣ ਆਏ ਵਫ਼ਦ ਨੇ ਦਫ਼ਤਰ ਹਾਜ਼ਰ ਅਧਿਕਾਰੀਆਂ ਨੂੰ ਆਪਣਾ ਰੋਸ ਦਰਜ ਰਰਵਾਇਆ ।ਇਸਤਰੀ ਜਾਗ੍ਰਿਤੀ ਮੰਚ ਦੇ ਆਗੂ ਜਸਵੀਰ ਕੌਰ ਜੱਸੀ, ਦਲਜੀਤ ਕੌਰ, ਬਲਵਿੰਦਰ ਕੌਰ ਘੁੱਗਸ਼ੋਰ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਤਹਿਸੀਲ ਪ੍ਰਧਾਨ ਕੇ ਐੱਸ ਅਟਵਾਲ ਨੇ ਕਿਹਾ ਕਿ ਔਰਤਾਂ ਨਾਲ ਵੱਧ ਰਹੀਆਂ ਘਟਨਾਵਾਂ ਵਿੱਚ ਪੁਲਿਸ ਦੀ ਔਰਤਾਂ ਨਾਲ ਸੰਬੰਧਿਤ ਮਸਲਿਆਂ ਨੂੰ ਲੈ ਕੇ ਨਾਂਹ ਪੱਖੀ ਭੂਮਿਕਾ ਦਾ ਵੀ ਵਿਸ਼ੇਸ਼ ਰੋਲ ਹੈ। ਪੁਲਿਸ ਦੀ ਇਸ ਨਾਕਾਮੀ ਦੇ ਚੱਲਦਿਆਂ ਪੀੜਤ ਪਰਿਵਾਰ ਪਤੀ - ਪਤਨੀ ਨੇ ਦੱਸਿਆ ਕਿ ਸਾਡਾ ਪਰਿਵਾਰਕ ਪਿਛੋਕੜ ਉੱਤਰ ਪ੍ਰਦੇਸ਼ ਦਾ ਹੈ। ਉਹ ਥਾਣਾ ਮਕਸੂਦਾਂ ਅਧੀਨ ਪੈਂਦੇ ਨੇੜਲੇ ਪਿੰਡ ਵਿਖੇ ਪਰਿਵਾਰ ਸਮੇਤ ਰਹਿੰਦੇ ਹਨ। 14 ਅਕਤੂਬਰ ਨੂੰ ਸੱਤਵੀਂ ਕਲਾਸ ਵਿੱਚ ਪੜ੍ਹਦੀ ਨਾਬਾਲਗ ਲੜਕੀ ਘਰ ਤੋਂ ਗਈ ਲਾਪਤਾ ਹੋ ਗਈ। ਬਾਅਦ ਵਿੱਚ ਪਤਾ ਲੱਗਾ ਕਿ ਸਾਡੀ ਨਾਬਾਲਗ ਲੜਕੀ ਨੂੰ ਪਿੰਡ ਅਮਾਨਤਪੁਰ ਦਾ ਇੱਕ ਕਰੀਬ 50 ਸਾਲ ਦਾ ਵਿਅਕਤੀ ਅਗਵਾ ਕਰਕੇ ਲੈ ਗਿਆ ਹੈ। ਜਿਸ ਸੰਬੰਧੀ ਥਾਣਾ ਮਕਸੂਦਾਂ ਵਿੱਚ 17 ਅਕਤੂਬਰ ਨੂੰ ਮੁਕੱਦਮਾ ਦਰਜ ਕਰਵਾਇਆ ਪਰ ਪੁਲਿਸ ਅਜੇ ਤੱਕ ਲੜਕੀ ਨੂੰ ਬਰਾਮਦ ਕਰਨ ਅਤੇ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹੀ ਹੈ ।



## ਸਨਮਤੀ ਸਕੂਲ ਦੀ ਅਧਿਆਪਕਾ ਸਰਿਤਾ ਨੂੰ ਪ੍ਰਾਈਡ ਆਫ਼ ਟੀਚਰ ਐਵਾਰਡ



ਜਗਰਾਉਂ (ਅਮਿਤ ਖੰਨਾ)-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਹਿੰਦੀ ਦੇ ਅਧਿਆਪਕਾ ਸਰਿਤਾ ਅਗਰਵਾਲ, ਜੋ ਕਿ ਪਿਛਲੇ 25 ਸਾਲਾ ਤੋਂ ਸਕੂਲ ਵਿਖੇ ਆਪਣੀਆਂ ਸੇਵਾ ਨਿਭਾਅ ਰਹੇ ਹਨ, ਅੱਜ ਉਨ੍ਹਾਂ ਨੂੰ ਵਧੀਆ ਸੇਵਾਵਾ ਕਰਕੇ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਪ੍ਰਾਈਡ ਆਫ ਟੀਚਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਹ ਐਵਾਰਡ ਫੈਪ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ, ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਡਾ. ਸਤਨਾਮ ਸਿੰਘ ਸੰਧੂ ਤੇ ਅਮਰਪਾਲ ਸਿੰਘ ਚੇਅਰਮੈਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਦਿੱਤਾ ਗਿਆ।ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਇਸ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਆਖਿਆ ਕਿ ਸਾਨੂੰ ਤੁਹਾਡੇ ਵਰਗੇ ਅਧਿਆਪਕਾਂ 'ਤੇ ਮਾਣ ਹੈ ਕਿ ਤੁਸੀਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਸਹੀ ਮਾਰਗ ਦਰਸ਼ਨ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਸਹੀ ਸੇਧ ਦੇ ਰਹੇ ਹੋ।ਅਧਿਆਪਕਾ ਸਰਿਤਾ ਅਗਰਵਾਲ ਵੱਲੋਂ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਅਤੇ ਸਨਮਤੀ ਵਿਮਲ ਜੈਨ ਸਕੂਲ ਜਗਰਾਉਂ ਦੀ ਮੈਨੇਜਮੈਂਟ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਵੀਰ ਜੈਨ, ਉਪ ਪ੍ਰਧਾਨ ਕਾਂਤਾ ਸਿੰਗਲਾ ਅਤੇ ਮੈਨੇਜਰ ਰਾਕੇਸ਼ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ, ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਕਰਕੇ ਮੈਨੂੰ ਇਹ ਮਾਣ ਪ੍ਰਾਪਤ ਹੋਇਆ।

## ਟੈਕਨੀਕਲ ਐਂਡ ਮਕੈਨੀਕਲ ਇੰਪ. ਯੂਨੀਅਨ ਦੀ ਚੋਣ



ਮਾਨਸਾ/ਸਰਦੂਲਗੜ੍ਹ (ਆਤਮਾ ਸਿੰਘ ਪਮਾਰ)-ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਰਜਿ. 36 ਪੰਜਾਬ ਬ੍ਰਾਂਚ ਮਾਨਸਾ ਦੀ ਚੋਣ ਜਗਦੇਵ ਸਿੰਘ ਘੁਰਕਣੀ ਸੂਬਾ ਆਗੂ ਦੀ ਪ੍ਰਧਾਨਗੀ ਹੇਠ ਜਲ ਸਪਲਾਈ ਦਫ਼ਤਰ ਸਰਦੂਲਗੜ੍ਹ ਵਿਖੇ ਹੋਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾਈ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਦੱਸਿਆ ਕਿ ਵਰਕਰ ਸਾਥੀਆਂ ਵੱਲੋਂ ਆਪਣੀ ਬ੍ਰਾਂਚ ਦੇ ਆਗੂ ਦੀ ਚੋਣ ਸਰਬਸੰਮਤੀ ਨਾਲ ਹੀ ਕੀਤੀ ਗਈ।ਇਸ ਚੋਣ ਦੌਰਾਨ ਇੰਦਰਜੀਤ ਸਿੰਘ ਗੋਗੀ ਸਰਦੂਲਗੜ੍ਹ ਪ੍ਰਧਾਨ, ਜਨਰਲ ਸਕੱਤਰ ਭੂਸ਼ਨ ਕੁਮਾਰ ਗੋਇਲ, ਵਿੱਤ ਸਕੱਤਰ ਜਗਦੇਵ ਸਿੰਘ ਮੀਰਪੁਰ, ਚੇਅਰਮੈਨ ਜਗਦੇਵ ਸਿੰਘ ਘੁਰਕਣੀ, ਵਾਇਸ ਚੇਅਰਮੈਨ ਸੀਤਲ ਸਿੰਘ ਉੱਡਤ, ਗਮੇਸ਼ਵਰ ਝੰਡਾ, ਸੀਨੀਅਰ ਮੀਤ ਪ੍ਰਧਾਨ ਬੋਘ ਸਿੰਘ ਫਫੜੇ, ਮੀਤ ਪ੍ਰਧਾਨ ਗੁਰਮੇਟ ਸਿੰਘ ਖਾਲਸਾ, ਕ੍ਰਿਸ਼ਨ ਜੀਤ ਰੋੜਕੀ, ਦੀਪਕ ਕੁਮਾਰ ਸਹਾਇਕ ਵਿੱਤ ਸਕੱਤਰ ਰਾਮਪਾਲ ਬੰਧੀਆਣਾ ਤੇ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ ਆਧਾਰਤ ਵਰਕਿੰਗ ਟੀਮ ਚੁਣੀ ਗਈ।ਉਪਰੰਤ ਸਾਥੀਆਂ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦੇ ਭੇਟ ਕੀਤੀ ਗਈ।ਇਸ ਸਮੇਂ ਵੱਖ ਵੱਖ ਬੁਲਾਰਿਆਂ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸੈਨੇਟ ਚੋਣਾਂ ਸਬੰਧੀ ਚਲੇ ਸੰਘਰਸ਼ ਨੂੰ ਇੱਕ ਇਤਿਹਾਸਕ ਜਿੱਤ ਲਈ ਆਗੂ ਟੀਮ ਤੇ ਉਨ੍ਹਾਂ ਦੇ ਸੰਘਰਸ਼ ਦੌਰਾਨ ਸਾਥ ਦੇਣ ਵਾਲੇ ਇਨਸਾਫ਼ ਪਸੰਦ ਜਥੇਬੰਦਕ ਆਗੂਆਂ ਨੂੰ ਮੁਬਾਰਕਬਾਦ ਦਿੱਤੀ ਗਈ।

## ਖਿਡਾਰੀਆਂ ਨੇ ਭਾਂਖਰ ਦੇ ਸਰਕਾਰੀ ਸਕੂਲ ਦਾ ਨਾਂਮ ਚਮਕਾਇਆ



ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)-ਭਾਂਖਰ ਦੇ ਪੀ ਐੱਮ ਸ੍ਰੀ ਸਸਸਸ ਸਕੂਲ ਦੇ ਇੰਚਾਰਜ ਤੇ ਸਰੀਰਕ ਸਿੱਖਿਆ ਦੇ ਲੈਕਚਰਾਰ ਸ਼ਸ਼ੀਮਾਨ ਨੇ ਦੱਸਿਆ ਕਿ ਸਕੂਲ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰ, ਸਟੇਟ ਪੱਧਰ, ਨੈਸ਼ਨਲ ਪੱਧਰ 'ਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਕੇ ਸਾਫਟਬਾਲ, ਬੇਸਬਾਲ ਤੇ ਐਥਲੈਟਿਕਸ ਵਿੱਚ ਸਕੂਲ ਦਾ ਨਾਮ ਚਮਕਾਇਆ ਹੈ।ਉਨ੍ਹਾਂ ਦੱਸਿਆ ਕਿ ਅਸ਼ਮਾਨ ਸਿੰਘ ਤੇ ਮਨਿੰਦਰ ਸਿੰਘ ਦੋਨੋਂ ਸਰਵੋਤਮ ਖਿਡਾਰੀ ਐਲਾਨੇ ਗਏ।ਦੋਵੇਂ ਹੀ ਖਿਡਾਰੀਆਂ ਨੂੰ 1100 ਨਗਦ ਇਨਾਮ ਨਾਲ ਸਨਮਾਨਤ ਕੀਤਾ ਗਿਆ।ਪਿੰਡ ਦੀ ਪੰਚਾਇਤ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਕੂਲ ਦੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ।ਪਿੰਡ ਦੇ ਸਰਪੰਚ ਗੁਰਵਿੰਦਰ ਸਿੰਘ ਤੇ ਇਸ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਮੀਲ ਖਾਨ ਵੱਲੋਂ ਖਿਡਾਰੀਆਂ ਤੇ ਸਮੂਹ ਸਟਾਫ ਨੂੰ ਖਿਡਾਰੀਆਂ ਦੀ ਵਧੀਆ ਕਾਰਗੁਜ਼ਾਰੀ ਲਈ ਵਧਾਈ ਵੀ ਦਿੱਤੀ ਗਈ।ਸਕੂਲ ਦੇ ਇੰਚਾਰਜ ਸ਼ਸ਼ੀਮਾਨ ਲੈਕਚਰਾਰ ਸਰੀਰਕ ਸਿੱਖਿਆ ਦਾ ਪੰਚਾਇਤ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਮੈਡਲ ਪਾ ਕੇ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਸਤਵਿੰਦਰ ਸਿੰਘ ਸ਼ੈਲੀ, ਇੰਦਰਜੀਤ ਕੌਰ, ਅਜੇ ਕਾਂਤ ਤੇ ਸਮੂਹ ਸਟਾਫ ਹਾਜ਼ਰ ਸਨ।

## ਪ੍ਰਭਲੀਨ ਨੂੰ ਇਨਸਾਫ ਦਿਵਾਉਣ ਲਈ ਵੱਖ-ਵੱਖ ਸੰਸਥਾਵਾਂ ਵੱਲੋਂ ਮੋਮਬੱਤੀ ਮਾਰਚ



ਮੋਗਾ (ਇਕਬਾਲ ਸਿੰਘ ਖਹਿਰਾ)-ਬੀਤੇ ਦਿਨੀਂ ਜਲੰਧਰ ਵਿੱਚ 13 ਸਾਲ ਦੀ ਮਾਸੂਮ ਪ੍ਰਭਲੀਨ ਨਾਲ ਹੋਈ ਦਰਿੰਦਗੀ ਤੇ ਕਤਲ ਦੀ ਮੰਦਭਾਗੀ ਘਟਨਾ ਦੇ ਵਿਰੋਧ ਵਿੱਚ ਮੋਗਾ ਸ਼ਹਿਰ ਦੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ, ਧਾਰਮਿਕ ਸੰਗਠਨਾਂ ਤੇ ਸ਼ਹਿਰ ਵਾਸੀਆਂ ਵੱਲੋਂ ਰੋਸ ਪ੍ਰਗਟ ਕਰਦੇ ਹੋਏ ਇੱਕ ਵੱਡਾ ਕੈਂਡਲ ਮਾਰਚ ਕੱਢਿਆ ਗਿਆ।ਕੈਂਡਲ ਮਾਰਚ ਵਿੱਚ ਸ਼ਾਮਲ ਲੋਕਾਂ ਨੇ ਪ੍ਰਭਲੀਨ ਦੇ ਪਰਿਵਾਰ ਨਾਲ ਇੱਕਜੁਟਤਾ ਦਰਸਾਈ ਤੇ ਨਾਅਰੇਬਾਜ਼ੀ ਕਰਦੇ ਹੋਏ ਸਰਕਾਰ ਤੇ ਪ੍ਰਸ਼ਾਸਨ ਤੋਂ ਤੁਰੰਤ ਇਨਸਾਫ ਦੀ ਮੰਗ ਕੀਤੀ।ਸਮਾਜ ਸੇਵਕਾਂ ਨੇ ਦੱਸਿਆ ਕਿ ਪਿਛਲੇ ਦਿਨੀਂ ਪ੍ਰਭਲੀਨ ਆਪਣੇ ਘਰੋਂ ਕੁਝ ਦੂਰੀ 'ਤੇ ਗੁਆਂਢ ਵਿੱਚ ਗਈ ਸੀ, ਜਿੱਥੇ ਇੱਕ ਅੰਮ੍ਰਿਤਧਾਰੀ ਸਿੱਖ ਵੱਲੋਂ ਉਸ ਨਾਲ ਦੁਰਾਚਾਰ ਕਰਕੇ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ।ਇਸ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਨੇ ਹਰ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਕੈਂਡਲ ਮਾਰਚ ਦੌਰਾਨ ਲੋਕਾਂ ਨੇ ਕਿਹਾ ਕਿ ਇਸ ਨਿਰਦਈ ਕਤਲ ਨੂੰ ਅੰਜਾਮ ਦੇਣ ਵਾਲੇ ਸ਼ਖ਼ਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ, ਖਾਸ ਕਰਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ, ਤਾਂ ਜੋ ਆਉਣ ਵਾਲੇ ਭਵਿੱਖ ਵਿੱਚ ਕੋਈ ਵੀ ਇਸ ਤਰ੍ਹਾਂ ਦੀ ਘਿਨੌਣੀ ਹਰਕਤ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚੇ।ਲੋਕਾਂ ਨੇ ਇਹ ਵੀ ਮੰਗ ਕੀਤੀ ਕਿ ਕੇਸ ਦੀ ਤੇਜ਼ੀ ਨਾਲ ਜਾਂਚ ਕਰਕੇ ਪ੍ਰਭਲੀਨ ਦੇ ਪਰਿਵਾਰ ਨੂੰ ਤੁਰੰਤ ਇਨਸਾਫ ਮੁਹੱਈਆ ਕਰਵਾਇਆ ਜਾਵੇ।ਮੋਗਾ ਵਿੱਚ ਕੱਢਿਆ ਗਿਆ ਇਹ ਕੈਂਡਲ ਮਾਰਚ ਹੁੰਦੇ ਹੁੰਦੇ ਇੱਕ ਵੱਡੇ ਰੋਸ ਪ੍ਰਦਰਸ਼ਨ ਵਿੱਚ ਬਦਲ ਗਿਆ, ਜਿਸ ਵਿੱਚ ਸੈਂਕੜੇ ਲੋਕਾਂ ਨੇ ਦੁੱਖ ਤੇ ਗੁੱਸੇ ਦਾ ਪ੍ਰਗਟਾਵਾ ਕੀਤਾ ਅਤੇ ਮੰਗ ਕੀਤੀ ਕਿ ਮਾਸੂਮ ਬੱਚੀਆਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਬਣਾਏ ਜਾਣ।

## ਨੇਤਰ ਸਿੰਘ ਮੁੱਤਿਓਂ ਦੀ ਪੁਸਤਕ ਰਿਲੀਜ਼ ਸਮੇਂ ਲੇਖਕ ਹਸਤੀਆਂ ਸਨਮਾਨਤ



ਸਮਰਾਲਾ (ਸੁਰਜੀਤ ਸਿੰਘ)-ਪੰਜਾਬੀ ਲੇਖਕ ਨੇਤਰ ਸਿੰਘ ਮੁੱਤਿਓਂ ਦਾ ਕਾਵ ਸੰਗ੍ਰਹਿ 'ਨੇਤਰ' ਅੱਜ ਕੂਕਾ ਸੰਪਰਦਾਇ ਸ੍ਰੀ ਭੈਣੀ ਸਾਹਿਬ ਦੀ ਮੁਕੱਦਸ ਧਰਤੀ ਸ੍ਰੀ ਭੈਣੀ ਸਾਹਿਬ 'ਤੇ ਲੋਕ ਅਰਪਣ ਸਮੇਂ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਲੇਖਕਾਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਉਦਯੋਗਪਤੀ ਸੁਭਾਸ਼ ਬਜਾਜ, ਪ੍ਰਿੰਸੀਪਲ (ਡਾ) ਪਰਮਿੰਦਰ ਸਿੰਘ ਬੈਨੀਪਾਲ, ਯਤਿੰਦਰ ਕੌਰ ਮਾਹਲ, ਹਰਨਾਮ ਸਿੰਘ ਡੱਲਾ, ਅਮਰੀਕ ਸਿੰਘ ਤਲਵੰਡੀ, ਨੇਤਰ ਸਿੰਘ ਮੁੱਤਿਓਂ ਤੇ ਪ੍ਰਿੰਸਿਪਲ ਮੇਘ ਸਿੰਘ ਜਵੰਦਾ ਸਨ।ਇਸ ਮੌਕੇ ਉਦਯੋਗਪਤੀ ਸੁਭਾਸ਼ ਬਜਾਜ ਨੇ ਐਲਾਨ ਕੀਤਾ ਕਿ ਉਹ ਸਿੱਖਿਆ ਖੇਤਰ ਵਿੱਚ ਗ਼ਰੀਬ ਅਗਾਂਹ ਵਾਧੂ ਵਿਦਿਆਰਥੀਆਂ ਨੂੰ ਪੜ੍ਹਾਉਣ, ਗਰੀਬ ਕੁੜੀਆਂ ਦੀਆਂ ਸ਼ਾਦੀਆਂ, ਬੇਰੋਜ਼ਗਾਰ ਤੇ ਯੋਗ ਨੌਜਵਾਨਾਂ ਨੂੰ ਆਪਣੇ ਉਦਯੋਗਾਂ ਵਿੱਚ ਨੌਕਰੀਆਂ ਦੇਣਗੇ।ਨੇਤਰ ਸਿੰਘ ਦੀ ਕਾਵਿ ਰਚਨਾ ਸਬੰਧੀ ਬੋਲਦਿਆਂ ਪ੍ਰਿੰਸੀਪਲ (ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਨੇਤਰ ਸਿੰਘ ਦਾ ਸਾਹਿਤ ਅਸ਼ਲੀਲਤਾ ਤੇ ਲੱਚਰਤਾ ਤੋਂ ਦੂਰ ਰਹਿ ਕੇ ਸਮਾਜਿਕ ਮੁੱਦਿਆਂ ਨੂੰ ਸਮਝ ਕੇ ਲਿਖਿਆ ਸਾਹਿਤ ਹੈ।ਉਨ੍ਹਾਂ ਕਿਹਾ ਕਿ ਅੱਜ ਨਵੀਂ ਪੀੜ੍ਹੀ ਆਪਣੇ ਨਾਇਕ ਬਾਬਾ ਨਾਨਕ ਤੇ ਸਤਿਗੁਰੂ ਸੱਚੇ ਪਾਤਸ਼ਾਹ ਰਾਮ ਸਿੰਘ ਜੀ ਨਾਮਧਾਰੀ ਨੂੰ ਭੁੱਲ ਕੇ ਕੁਰਾਹੇ ਪੈ ਗਈ ਹੈ, ਜਿਸ ਕਾਰਨ ਜਨ ਮਾਨਸ ਨਿਰਾਸ਼ਾ ਦੀ ਸਥਿਤੀ ਵਿੱਚੋਂ ਗੁਜ਼ਰਦਾ ਹੋਇਆ ਸੰਘਰਸ਼ਾਂ ਤੇ ਚੇਤਨਤਾ ਤੋਂ ਦੂਰ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛੋਕੜ ਵਿੱਚ ਪ੍ਰਗਤੀਵਾਦੀ ਲਹਿਰਾਂ ਨੇ ਲੋਕ ਚੇਤਨਾ ਨੂੰ ਹਲੂਣਿਆ, ਜਿਸ ਦੇ ਨਾਲ ਸਮੇਂ ਦੀਆਂ ਸਰਕਾਰਾਂ ਹਿੱਲੀਆਂ।ਲੇਖਕ ਤੇ ਪੱਤਰਕਾਰ ਬਲਬੀਰ ਸਿੰਘ ਬੱਬੀ ਨੇ ਨੇਤਰ ਸਿੰਘ ਦੀ ਸਾਹਿਤ ਰਚਨਾ 'ਤੇ ਪਰਚਾ ਪੜ੍ਹਦਿਆਂ ਉਸ ਦੀ ਸਾਹਿਤ ਯਾਤਰਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਇਸੇ ਦੌਰਾਨ ਸਾਹਿਤ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ, ਯਤਿੰਦਰ ਕੌਰ ਮਾਹਲ, ਉਦਯੋਗਪਤੀ ਸੁਭਾਸ਼ ਬਜਾਜ, ਗੀਤਕਾਰ ਅਨਿਲ ਫ਼ਤਹਿਗੜ੍ਹ ਜੱਟਾਂ, ਕਹਾਣੀਕਾਰ ਤੇਲੂ ਰਾਮ ਕੁਹਾੜਾ, ਲੇਖਕ ਤੇ ਪੱਤਰਕਾਰ ਹਰਨਾਮ ਸਿੰਘ ਡੱਲਾ, ਮੋਹਨ ਸਿੰਘ ਮੋਹਿੰਗਾ, ਅਮਰੀਕ ਸਿੰਘ ਤਲਵੰਡੀ ਤੇ ਪ੍ਰਿੰਸਿਪਲ ਮੇਘ ਸਿੰਘ ਜਵੰਦਾ ਨੇ ਵੀ ਨੇਤਰ ਸਿੰਘ ਦੀ ਸਾਹਿਤ ਯਾਤਰਾ ਦਾ ਜ਼ਿਕਰ ਕੀਤਾ।ਸਮਾਗਮ ਦੇ ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਕੀਤਾ ਗਿਆ, ਜਿਸ ਵਿੱਚ ਹਾਜ਼ਰ ਕਵੀਆਂ ਨੇ ਆਪੋ ਆਪਣੇ ਕਲਾਮ ਪੇਸ਼ ਕੀਤੇ।ਦੋਹਾਂ ਸੈਸ਼ਨਾਂ ਵਿੱਚ ਲੇਖਕਾਂ ਤੇ ਕਵੀਆਂ ਦੀ ਭਰਪੂਰ ਹਾਜ਼ਰੀ ਰਹੀ।ਇਸ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਆਏ ਸਾਰੇ ਲੇਖਕਾਂ ਦਾ ਸਵਾਗਤ ਤੇ ਧੰਨਵਾਦ ਕੀਤਾ।ਮੰਚ ਸੰਚਾਲਨ ਦੇ ਮਾਹਰ ਤਰਨ ਬੱਲ ਨੇ ਸਮਾਗਮ ਦਾ ਸੰਚਾਲਨ ਬਹੁਤ ਹੀ ਅਨੁਸ਼ਾਸਤ ਢੰਗ ਨਾਲ ਕੀਤਾ।

# ਡੀ ਟੀ ਐੱਫ ਦਾ ਜ਼ਿਲ੍ਹਾ ਅਜਲਾਸ ਸੰਪੰਨ, ਅਧਿਆਪਕਾਂ ਵੱਲੋਂ ਭਰਵੀਂ ਸ਼ਮੂਲੀਅਤ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਦਾ ਜ਼ਿਲ੍ਹਾ ਇਜਲਾਸ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿਖੇ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ ਅਧਿਆਪਕਾਂ ਨੇ ਹਿੱਸਾ ਲਿਆ। ਇਸੇ ਇਜਲਾਸ 'ਚ ਜ਼ਿਲ੍ਹਾ ਪੱਧਰੀ ਕਨਵੈਨਸ਼ਨ 'ਚ ਹੋਈ ਚਰਚਾ ਦਰਮਿਆਨ ਪੁਰਾਣੀ ਪੈਨਸ਼ਨ, ਪੰਜਾਬ ਸਕੇਲ ਤੇ ਭੱਤਿਆਂ ਦੀ ਬਹਾਲੀ ਲਈ ਸਾਂਝੀ ਸੰਘਰਸ਼ੀ ਲਹਿਰ ਉਸਾਰਨ ਦਾ ਤਹੱਈਆ ਕੀਤਾ ਗਿਆ। ਇਜਲਾਸ ਦੀ ਸ਼ੁਰੂਆਤ 'ਚ ਡੀਟੀਐੱਫ ਆਗੂ ਅਮਿਤ ਸ਼ਰਮਾ ਨੇ ਜ਼ਿਲ੍ਹੇ ਭਰ ਤੋਂ ਆਏ ਅਧਿਆਪਕਾਂ ਤੇ ਬਾਕੀ ਸਾਥੀਆਂ ਦਾ ਸਵਾਗਤ ਕੀਤਾ। ਜਥੇਬੰਦੀ ਦੇ ਆਗੂ ਗੁਰਵਿੰਦਰ ਸਿੰਘ ਖੋਸਾ ਨੇ ਡੀਟੀਐੱਫ ਵੱਲੋਂ ਪਿਛਲੇ ਸਮੇਂ 'ਚ ਵੱਖ-ਵੱਖ ਸੰਘਰਸ਼ਾਂ ਰਾਹੀਂ ਪਾਏ ਯੋਗਦਾਨ, ਜੱਥੇਬੰਦੀ ਦੀਆਂ ਸਰਗਰਮੀਆਂ ਬਾਰੇ ਰਿਪੋਰਟ ਪੜ੍ਹੀ ਗਈ, ਜਿਸ ਨੂੰ ਹਾਜ਼ਰ ਅਧਿਆਪਕਾਂ ਨੇ ਚਰਚਾ ਕਰਨ ਉਪਰੰਤ ਸਰਬਸੰਮਤੀ ਨਾਲ ਪਾਸ ਕੀਤਾ। ਡੀਟੀਐੱਫ ਦੇ ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਭਾਵੜਾ ਨੇ ਸਟੇਜ ਦਾ ਸੰਚਾਲਨ ਕੀਤਾ ਤੇ ਸੂਬਾ ਪ੍ਰੈਸ ਸਕੱਤਰ ਪਵਨ ਕੁਮਾਰ ਸ੍ਰੀ ਮੁਕਤਸਰ ਬਤੌਰ ਅਬਜ਼ਰਵਰ ਸ਼ਾਮਲ ਰਹੇ। ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਆਪਣੇ ਸੰਬੋਧਨ ਵਿਚ ਸਰਮਾਏਦਾਰ ਪੱਖੀ ਪ੍ਰਬੰਧ ਅਧੀਨ ਜਨਤਕ ਅਦਾਰਿਆਂ ਨੂੰ ਖ਼ਤਮ ਕਰਨ ਦੇ ਯਤਨਾਂ ਤੋਂ ਸੁਚੇਤ ਹੋਣ ਅਤੇ ਮੁਲਾਜ਼ਮ ਵਰਗ ਤੋਂ ਖੋਹੀ ਗਈ ਪੈਨਸ਼ਨ, ਤਨਖ਼ਾਹ ਸਕੇਲ ਅਤੇ ਭੱਤਿਆਂ ਦੀ ਬਹਾਲੀ ਲਈ ਚੇਤਨ ਹੋ ਕੇ ਸਾਂਝੇ ਸੰਘਰਸ਼ਾਂ ਦੇ ਰਾਹ 'ਤੇ ਅੱਗੇ ਵਧਣ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ ਜਿਸਨੂੰ ਇਜਲਾਸ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਇਸ ਤਹਿਤ ਮਲਕੀਤ ਸਿੰਘ ਹਰਾਜ ਜ਼ਿਲ੍ਹਾ ਪ੍ਰਧਾਨ, ਗੁਰਵਿੰਦਰ ਸਿੰਘ ਖੋਸਾ ਨੂੰ ਜ਼ਿਲ੍ਹਾ ਸਕੱਤਰ, ਅਮਿਤ ਸ਼ਰਮਾ ਨੂੰ ਵਿੱਤ ਸਕੱਤਰ, ਦਵਿੰਦਰ ਨਾਥ, ਰਾਜ ਕੁਮਾਰ ਮਹਿਰੋਕ ਅਤੇ ਅਮਿਤ ਕੰਬੋਜ਼ ਨੂੰ ਮੀਤ ਪ੍ਰਧਾਨ, ਹੀਰਾ ਸਿੰਘ ਤੂਤ ਨੂੰ ਪ੍ਰੈਸ ਸਕੱਤਰ, ਮਨੋਜ ਕੁਮਾਰ ਨੂੰ ਸਹਾਇਕ ਵਿੱਤ ਸਕੱਤਰ, ਸਵਰਨ ਸਿੰਘ ਜੋਸਨ ਨੂੰ ਸਹਾਇਕ ਪ੍ਰੈਸ ਸਕੱਤਰ, ਨਰਿੰਦਰ ਜੰਮੂ, ਰਾਮ ਕੁਮਾਰ, ਹਰਜਿੰਦਰ ਜਨੇਰ ਨੂੰ ਸੰਯੁਕਤ ਸਕੱਤਰ ਤੇ ਜ਼ਿਲ੍ਹਾ ਕਮੇਟੀ ਮੈਂਬਰ ਤੇ ਬਲਾਕ ਪ੍ਰਧਾਨਾਂ ਵਜੋਂ ਵਿਕਰਮ ਜੀਤ (ਫ਼ਿਰੋਜ਼ਪੁਰ-1), ਸਵਰਨ ਸਿੰਘ ਜੋਸਨ (ਫ਼ਿਰੋਜ਼ਪੁਰ-2), ਅਨਿਲ ਧਵਨ (ਫ਼ਿਰੋਜ਼ਪੁਰ-3), ਗਗਨ ਮਿੱਤਲ (ਜ਼ੀਰਾ), ਸੰਦੀਪ ਕੁਮਾਰ (ਮਖੂ), ਗੁਰੂਹਰਸਹਾਏ ਤਹਿਸੀਲ ਤੋਂ ਹਰਦੀਪ ਸਿੰਘ, ਬਲਵਿੰਦਰ ਸਿੰਘ, ਜੈਦੇਵ ਪੁੱਗਲ, ਵਿਪਣ ਕੰਬੋਜ, ਗੁਰਦਰਸ਼ਨ ਸਿੰਘ, ਮੁਖਤਿਆਰ ਸਿੰਘ, ਅੰਕੁਸ਼ ਕੰਬੋਜ, ਦਰਸ਼ਨ ਸਿੰਘ, ਵਰਿੰਦਰ ਪਾਲ ਸਿੰਘ (ਮੱਲਾਂਵਾਲਾਂ), ਕਿਰਪਾਲ ਸਿੰਘ (ਸਤੀਏਵਾਲਾ) ਤੇ ਅਰਵਿੰਦ ਗਰਗ (ਘੱਲ ਖੁਰਦ) ਨੂੰ ਸ਼ਾਮਲ ਕੀਤਾ ਗਿਆ। ਜ਼ਿਲ੍ਹਾ ਪੱਧਰੀ ਕਨਵੈਨਸ਼ਨ ਦੌਰਾਨ ਵਿਚਾਰ ਰੱਖਦੇ ਹੋਏ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਦੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਨੇ ਨਵੀਂ ਪੈਨਸ਼ਨ ਸਕੀਮ ਅਤੇ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਮੁਲਾਜ਼ਮ ਵਿਰੋਧੀ ਕਰਾਰ ਦਿੰਦੇ ਹੋਈ ਪੁਰਾਣੀ ਪੈਨਸ਼ਨ ਸਕੀਮ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਵਿਆਪਕ ਰੂਪ ਦੇਣ ਦੀ ਗੱਲ ਆਖੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਦੀ ਨਵੀਂ ਚੁਣੀ ਕਮੇਟੀ ਨੂੰ ਸ਼ੁਭ ਇੱਛਾਵਾਂ ਦਿੱਤੀਆਂ ਤੇ ਜ਼ਿਲ੍ਹੇ ਅੰਦਰ ਅਧਿਆਪਕ ਵਰਗ ਦੇ ਅੰਗ ਸੰਗ ਰਹਿ ਕੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਜੇਲ੍ਹ 'ਚੋਂ 11 ਮੋਬਾਇਲ ਬਰਾਮਦ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫ਼ਿਰੋਜ਼ਪੁਰ 'ਚ ਤਲਾਸ਼ੀ ਦੌਰਾਨ 11 ਮੋਬਾਇਲ ਫੋਨ ਬਰਾਮਦ ਕਰਕੇ 5 ਹਵਾਲਾਤੀਆਂ ਤੇ ਅਣਪਛਾਤੇ ਵਿਅਕਤੀਆਂ ਖਿਲਾਫ 52-ਏ, 42 ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਪੱਤਰ ਨੰਬਰ 8747 ਮਿਤੀ 22 ਨਵੰਬਰ 2025 ਦੀ ਰਾਤ ਨੂੰ ਤਲਾਸ਼ੀ ਦੌਰਾਨ ਹਵਾਲਾਤੀ ਵਿਨੇ ਭੰਡਾਰੀ ਪੁੱਤਰ ਵਿਨੋਦ ਕੁਮਾਰ ਵਾਸੀ ਗਲੀ ਨੰਬਰ 3 ਮੁਹੱਲਾ ਫਤਿਹਜੰਗ ਲੁਧਿਆਣਾ ਕੋਲੋਂ 1 ਕੀਪੈਡ ਮੋਬਾਇਲ ਫੋਨ ਸਮੇਤ ਬੈਟਰੀ ਸਮੇਤ ਸਿੰਮ ਅਤੇ 1 ਟੱਚ ਸਕਰੀਨ ਮੋਬਾਇਲ ਫੋਨ ਲਵਾਰਸ ਹਾਲਤ ਵਿਚ ਬਰਾਮਦ ਕੀਤਾ। ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਪੱਤਰ ਨੰਬਰ 8937 ਮਿਤੀ 22 ਨਵੰਬਰ 2025 ਨੂੰ ਕੈਦੀ ਗੁਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਢਾਬ ਖੁਸ਼ਹਾਲ ਜੋਇਆ ਥਾਣਾ ਵੈਰੋ ਕੇ ਜ਼ਿਲ੍ਹਾ ਫਾਜ਼ਿਲਕਾ ਕੋਲੋ ਪੈਰੋਲ ਕੱਟ ਕੇ ਵਾਪਸੀ ਸਮੇਂ ਜੇਲ੍ਹ ਦੀ ਡਿਊੜੀ ਵਿਚੋਂ ਇਕ ਕੀਪੈਡ ਮੋਬਾਇਲ ਫੋਨ ਬਿਨ੍ਹਾ ਸਿੰਮ ਅਤੇ 1 ਡਾਟਾ ਕੇਬਲ ਬਰਾਮਦ ਹੋਇਆ। ਪੱਤਰ ਨੰਬਰ 5609 ਮਿਤੀ 26 ਨਵੰਬਰ 2025 ਨੂੰ ਤਲਾਸ਼ੀ ਦੌਰਾਨ ਕੈਦੀ ਸੁਖਰਾਜ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਝੋਕ ਹਰੀਹਰ ਕੋਲੋਂ ਇਕ ਕੀਪੈਡ ਮੋਬਾਇਲ ਫੋਨ ਸਮੇਤ ਬੈਟਰੀ, ਬਿਨ੍ਹਾ ਸਿੰਮ ਬਰਾਮਦ ਕੀਤਾ। ਪੱਤਰ ਨੰਬਰ 9024 ਮਿਤੀ 27 ਨਵੰਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਹਰਜਿੰਦਰ ਸਿੰਘ ਉਰਫ ਸੂਰਜ ਪੁੱਤਰ ਦਰਸ਼ਨ ਸਿੰਘ ਵਾਸੀ ਕਾਮਲ ਵਾਲਾ ਕੋਲੋਂ ਇਕ ਟੱਚ ਸਕਰੀਨ ਮੋਬਾਇਲ ਫੋਨ ਸਮੇਤ ਸਿੰਮ ਬਰਾਮਦ ਹੋਇਆ। ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਪੱਤਰ ਨੰਬਰ 9094 ਮਿਤੀ 28 ਨਵੰਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਜਸ਼ਨਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਨਾਨਕਪੁਰਾ ਮਮਦੋਟ ਕੋਲੋਂ ਇਕ ਕੀਪੈਡ ਮੋਬਾਇਲ ਫੋਨ ਸਮੇਤ ਬੈਟਰੀ ਸਮੇਤ ਸਿੰਮ ਬਰਾਮਦ ਹੋਇਆ ਅਤੇ ਕੇਂਦਰੀ ਜੇਲ੍ਹ ਵਿਚ ਤਲਾਸ਼ੀ ਦੌਰਾਨ ਲਵਾਰਿਸ ਹਾਲਤ ਵਿਚ 5 ਮੋਬਾਇਲ ਫੋਨ ਬਰਾਮਦ ਕੀਤੇ। ਜਾਂਚਕਰਤਾ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਉਕਤ ਹਵਾਲਾਤੀਆਂ ਅਤੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਆਰੀਅਨਜ਼ ਲੁੱਡੀ ਟੀਮ ਨੇ ਇੰਟਰ-ਜ਼ੋਨਲ ਯੂਥ ਫੈਸਟ 'ਚ ਤੀਜਾ ਸਥਾਨ ਮੱਲਿਆ



ਰਾਜਪੁਰਾ (ਰਮੇਸ਼ ਕਟਾਰੀਆ)-ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਦੀ ਲੁੱਡੀ ਟੀਮ ਨੇ ਇੱਕ ਵਾਰ ਫਿਰ ਐੱਮ ਆਰ ਐੱਸ ਪੀ ਟੀ ਯੂ ਇੰਟਰ-ਜ਼ੋਨਲ ਯੂਥ ਫੈਸਟੀਵਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੀ ਪ੍ਰਤਿਭਾ ਤੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ।ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ ਆਰ ਐੱਸ ਪੀ ਟੀ ਯੂ) ਬਠਿੰਡਾ ਨਾਲ ਸੰਬੰਧਤ ਵੱਖ-ਵੱਖ ਕਾਲਜਾਂ ਦੇ ਵਿਰੁੱਧ ਮੁਕਾਬਲਾ ਕਰਦੇ ਹੋਏ, ਆਰੀਅਨਜ਼ ਦੇ ਵਿਦਿਆਰਥੀਆਂ ਨੇ ਇੱਕ ਜੀਵੰਤ ਤੇ ਊਰਜਾਵਾਨ ਲੁੱਡੀ ਪ੍ਰਦਰਸ਼ਨ ਕੀਤਾ, ਜਿਸ ਨੇ ਜੱਜਾਂ ਤੇ ਦਰਸ਼ਕਾਂ ਦੋਵਾਂ ਤੋਂ ਪ੍ਰਸ਼ੰਸਾ ਪ੍ਰਾਪਤ ਕੀਤੀ।ਟੀਮ ਨੂੰ ਵਧਾਈ ਦਿੰਦੇ ਹੋਏ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਕਿਹਾ ਕਿ ਆਰੀਅਨਜ਼ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ, ਤਕਨੀਕੀ ਤੇ ਸਾਹਿਤਕ ਗਤੀਵਿਧੀਆਂ ਵਿੱਚ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਜਿਸ ਨਾਲ ਸੰਸਥਾ ਦਾ ਨਾਮ ਰੌਸ਼ਨ ਹੋਇਆ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਤੇ ਸੱਭਿਆਚਾਰਕ ਵਿਭਾਗ ਦੇ ਸਮਰਪਣ, ਸਖ਼ਤ ਮਿਹਨਤ ਤੇ ਰਚਨਾਤਮਕਤਾ ਨੂੰ ਦਰਸਾਉਂਦੀਆਂ ਹਨ।ਇਹ ਦੱਸਣਯੋਗ ਹੈ ਕਿ ਇਸ ਸਾਲ ਦੇ ਯੁਵਾ ਮੇਲੇ ਦੇ ਥੀਮ 'ਵਿਰਸਾ ਤੇ ਵਿਕਾਸ' ਦੇ ਤਹਿਤ 25 ਤੋਂ ਵੱਧ ਕਾਲਜਾਂ ਤੇ ਹਜ਼ਾਰਾਂ ਵਿਦਿਆਰਥੀਆਂ ਨੇ ਆਰੀਅਨਜ਼ ਕੈਂਪਸ ਵਿਖੇ ਸੱਭਿਆਚਾਰ, ਰਚਨਾਤਮਕਤਾ ਤੇ ਯੁਵਾ ਸਸ਼ਕਤੀਕਰਨ ਦਾ ਜਸ਼ਨ ਮਨਾਉਂਦੇ ਹੋਏ ਭਾਗ ਲਿਆ।

# ਸੰਤ ਨਿਰੰਕਾਰੀ ਭਵਨ 'ਚ ਖਿਮਾ ਯਾਚਨਾ ਦਿਵਸ ਮਨਾਇਆ

■ ਸੇਵਾ ਕਰਨ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ : ਸੰਤ ਮਨਮੋਹਨ ਸਿੰਘ



ਸਮਾਣਾ (ਇਕਬਾਲ ਸਿੰਘ ਬੱਲ)

ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਸਮਾਣਾ ਦੇ ਸੇਵਾਦਲ ਵਲੰਟੀਅਰਾਂ ਵੱਲੋਂ ਸਥਾਨਕ ਨਿਰੰਕਾਰੀ ਸਤਿਸੰਗ ਭਵਨ ਵਿਖੇ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਦੀ ਅਗਵਾਈ ਹੇਠ ਖਿਮਾ ਯਾਚਨਾ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੀਆਂ ਮਨਮੋਹਨ ਸਿੰਘ ਨੇ ਦੱਸਿਆ ਕਿ ਵਿਸ਼ਵ ਪੱਧਰੀ ਸਾਲਾਨਾ ਸੰਤ ਨਿਰੰਕਾਰੀ ਸਮਾਗਮ ਦੀ ਸੰਪੰਨਤਾ ਉਪਰੰਤ ਸੰਤ ਨਿਰੰਕਾਰੀ ਮਿਸ਼ਨ ਦੇ ਸੇਵਾਦਲ ਵੱਲੋਂ ਹਰੇਕ ਬ੍ਰਾਂਚ ਵਿੱਚ ਖਿਮਾ ਯਾਚਨਾ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਸਮਾਗਮ ਦੌਰਾਨ ਸੇਵਾ ਕਰਦਿਆਂ ਤੇ ਸਾਰਾ ਸਾਲ ਸੇਵਾ ਕਰਦਿਆਂ ਹੋਈਆਂ ਭੁੱਲਾਂ ਚੁੱਕਾਂ ਗਲਤੀਆਂ ਲਈ ਸਤਿਗੁਰੂ ਤੇ ਸਾਧ ਸੰਗਤ ਪਾਸੋਂ ਖਿਮਾ ਜਾਚਨਾ ਕੀਤੀ ਜਾਂਦੀ ਹੈ। ਭਾਵ ਮਾਫੀ ਮੰਗੀ ਜਾਂਦੀ ਹੈ ਅਤੇ ਸਤਿਗੁਰੂ ਤੇ ਸਾਧ ਸੰਗਤ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਨਿਰੋਗ ਤੇ ਤੰਦਰੁਸਤ ਰਹਿਣ ਤਾਂ ਜੋ ਉਹ ਸੰਗਤਾਂ ਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿ ਕੇ ਨਿਰੰਤਰ ਸੇਵਾ ਕਰਦੇ ਰਹਿਣ।ਸੰਤ ਮਨਮੋਹਣ ਸਿੰਘ ਨੇ ਕਿਹਾ ਕਿ ਸੇਵਾ ਕਰਨ ਤੇ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਇਸੇ ਕਰਕੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਬ੍ਰਹਮ ਗਿਆਨ ਦੀ ਦਾਤ ਬਖਸ਼ਣ। ਉਨ੍ਹਾਂ ਕਿਹਾ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਜੀ ਬ੍ਰਹਮ ਗਿਆਨ ਰੂਪੀ ਰੋਸ਼ਨੀ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਦਿਨ-ਰਾਤ ਇਕ ਕਰਕੇ ਸੰਤ ਸਮਾਗਮ ਕਰਨ ਲੱਗੇ ਹੋਏ ਹਨ ਤਾਂ ਜੋ ਦੁਨੀਆ ਵਿੱਚੋਂ ਅਗਿਆਨਤਾ ਦਾ ਹਨੇਰਾ ਖਤਮ ਹੋ ਸਕੇ, ਲੋਕ ਇੱਕ ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰਕੇ ਇੱਕ ਹੋ ਜਾਣ ਤੇ ਮਨੁੱਖਤਾ ਵਿੱਚ ਏਕਤਾ ਆ ਜਾਵੇ।ਸਥਾਨਕ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਨੇ ਸਮੁੱਚੇ ਸੇਵਾਦਲ ਨੂੰ ਸਤਿਗੁਰੂ ਦੇ ਆਸ਼ੀਰਵਾਦ ਪ੍ਰਦਾਨ ਕਰਦਿਆਂ ਕਿਹਾ ਕਿ ਸੇਵਾ ਦਲ ਦੇ ਸਾਰੇ ਭੈਣਾਂ ਤੇ ਜਵਾਨ ਸਰੀਰ ਨੂੰ ਨਿਰੋਗ ਤੇ ਤੰਦਰੁਸਤ ਰੱਖਣ ਲਈ ਨਿਰੰਕਾਰੀ ਮਿਸ਼ਨ ਦੀਆਂ ਛੇ ਪੀਟੀਆਂ ਜ਼ਰੂਰ ਕਰਿਆ ਕਰਨ, ਸੇਵਾ ਸਤਿਸੰਗ ਸਿਮਰਨ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਰੱਖਣ।ਉਨ੍ਹਾਂ ਸਾਰੀ ਸੰਗਤ ਦੀ ਤੰਦਰੁਸਤੀ ਤੇ ਖੁਸ਼ਹਾਲੀ ਲਈ ਨਿਰੰਕਾਰ ਪ੍ਰਭੂ ਦੇ ਚਰਨਾਂ ਵਿੱਚ ਅਰਦਾਸ ਕੀਤੀ।

## ਐਡਵੋਕੇਟ ਜਸਵਿੰਦਰ ਜੱਸ ਹਲਕਾ ਲੰਬੀ ਦਾ ਅਬਜ਼ਰਵਰ ਨਿਯੁਕਤ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਦੇ ਤਹਿਤ ਪਾਰਟੀ ਹਾਈ ਕਮਾਂਡ ਵੱਲੋਂ ਸਾਰੇ ਵਿਧਾਨ ਸਭਾ ਹਲਕਿਆਂ ਦੇ ਆਬਜ਼ਰਵਰ ਲਾਏ ਗਏ ਹਨ, ਜਿਸ ਦੇ ਤਹਿਤ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੂੰ ਹਲਕਾ ਲੰਬੀ ਦਾ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਆਪਣੀ ਇਸ ਨਿਯੁਕਤੀ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕੈਪਟਨ ਸੰਦੀਪ ਸੰਧੂ ਤੇ ਜ਼ਿਲ੍ਹਾ ਪ੍ਰਧਾਨ ਪ੍ਰੀਤਮ ਕੋਟਭਾਈ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਲੰਬੀ ਹਲਕੇ ਵਿੱਚ ਪਾਰਟੀ ਦੇ ਮਿਹਨਤੀ ਵਰਕਰਾਂ ਨੂੰ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਟਿਕਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਉਹ ਵਰਕਰਾਂ ਤੋਂ ਬੂਥ ਪੱਧਰ ਤੱਕ ਜਾਣਕਾਰੀ ਹਾਸਲ ਕਰਨਗੇ ਤੇ ਪਾਰਟੀ ਦੇ ਸਾਰੇ ਵਿੰਗਾਂ ਨੂੰ ਇਨ੍ਹਾਂ ਚੋਣਾਂ ਵਿੱਚ ਮਾਨ ਸਤਿਕਾਰ ਦਿੱਤਾ ਜਾਵੇਗਾ ਤੇ ਕਾਂਗਰਸੀ ਉਮੀਦਵਾਰ ਇਨ੍ਹਾਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨਗੇ।

## 3.20 ਗ੍ਰਾਮ ਹੈਰੋਇਨ ਸਮੇਤ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 3.20 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਪ੍ਰਿਤਪਾਲ ਸਿੰਘ ਉਰਫ਼ ਗੱਗੂ ਵਾਸੀ ਮਾਛੀਵਾੜਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਕਰਨੈਲ ਸਿੰਘ ਪੁਲਸ ਪਾਰਟੀ ਪਿੰਡ ਮਹੱਦੀਪੁਰ ਰੋਡ 'ਤੇ ਗਸ਼ਤ ਕਰ ਰਹੇ ਸਨ ਤਾਂ ਟੀ-ਪੁਆਇੰਟ 'ਤੇ ਸਾਹਮਣੇ ਤੋਂ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ। ਪੁਲਸ ਨੂੰ ਦੇਖ ਕੇ ਉਸ ਨੇ ਆਪਣੀ ਸੱਜੀ ਜੇਬ 'ਚੋਂ ਇੱਕ ਮੋਮੀ ਲਿਫ਼ਾਫੀ ਸੜਕ ਕਿਨਾਰੇ ਸੁੱਟ ਦਿੱਤੀ। ਪੁਲਸ ਵੱਲੋਂ ਜਦੋਂ ਉਸ ਨੂੰ ਰੋਕ ਕੇ ਨਾਮ-ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਪ੍ਰਿਤਪਾਲ ਸਿੰਘ ਉਰਫ਼ ਗੱਗੂ ਦੱਸਿਆ ਅਤੇ ਉਸ ਵੱਲੋਂ ਸੁੱਟੀ ਲਿਫ਼ਾਫੀ 'ਚੋਂ ਪੁਲਸ ਨੂੰ 3 ਗ੍ਰਾਮ 20 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਉਕਤ ਕਥਿਤ ਦੋਸ਼ੀ ਖਿਲਾਫ਼ ਐੱਨ.ਡੀ.ਪੀ.ਸੀ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ 150 ਮੁਲਾਜ਼ਮਾਂ ਨੇ ਕੀਤੀ ਅਚਨਚੇਤ ਸਰਚ

■ ਮਹੀਨੇ 'ਚ 2.8 ਕਿਲੋ ਹੈਰੋਇਨ ਸਣੇ ਵੱਡੀ ਰਿਕਵਰੀ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੁਲਸ ਨੇ ਨਸ਼ਾ ਤਸਕਰਾਂ 'ਤੇ ਵੱਡਾ ਸ਼ਿਕੰਜਾ ਕੱਸਿਆ ਹੈ।ਸੀਨੀਅਰ ਪੁਲਿਸ ਅਧਿਕਾਰੀਆਂ ਦੀ ਸਿੱਧੀ ਨਿਗਰਾਨੀ ਹੇਠ ਕਰੀਬ 150 ਪੁਲਿਸ ਮੁਲਾਜ਼ਮਾਂ ਵੱਲੋਂ ਤੜਕਸਾਰ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ ਦੇ ਸ਼ੱਕੀ ਠਿਕਾਣਿਆਂ ਤੇ ਡਰੱਗ ਹੋਟਸਪਾਟ ਏਰੀਆਂ ਵਿੱਚ ਵਿਸ਼ਾਲ ਕਾਰਡਨ ਐਂਡ ਸਰਚ ਉਪਰੇਸ਼ਨ ਚਲਾਇਆ ਗਿਆ।ਜ਼ਿਲ੍ਹੇ ਦੀ ਐਸ.ਐਸ.ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਇਹ ਅਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਸ ਸ੍ਰੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਵੇਰੇ 6 ਵਜੇ ਤੋਂ 8:30 ਵਜੇ ਤੱਕ ਜ਼ਿਲ੍ਹੇ ਦੀਆਂ ਤਿੰਨੋਂ ਸਬ-ਡਵੀਜ਼ਨਾਂ ਵਿੱਚ ਇੱਕੋ ਸਮੇਂ ਚਲਾਇਆ ਗਿਆ।ਉਨ੍ਹਾਂ ਦੱਸਿਆ ਕਿ ਗਜ਼ਟਿਡ ਅਧਿਕਾਰੀਆਂ, ਜਿਨ੍ਹਾਂ ਵਿੱਚ ਐਸ.ਪੀ. (ਸਥਾਨਿਕ) ਸ੍ਰੀ ਮਨਵਿੰਦਰਬੀਰ ਸਿੰਘ ਤੇ ਡੀ.ਐਸ.ਪੀ. ਰੈਂਕ ਦੇ ਅਧਿਕਾਰੀ ਸ਼ਾਮਲ ਸਨ, ਦੀ ਨਿਗਰਾਨੀ ਹੇਠ ਵੱਖ-ਵੱਖ ਪੁਲਿਸ ਟੀਮਾਂ ਨੇ ਸੰਵੇਦਨਸ਼ੀਲ ਖੇਤਰਾਂ ਵਿੱਚ ਬਾਰੀਕੀ ਨਾਲ ਸਰਚ ਕੀਤੀ, ਜਿਸਦਾ ਮੁੱਖ ਉਦੇਸ਼ 'ਪੁਆਇੰਟ ਆਫ਼ ਸੇਲ' ਪੱਧਰ 'ਤੇ ਨਸ਼ੇ ਦੀ ਸਪਲਾਈ ਨੂੰ ਰੋਕਣਾ ਸੀ।ਐਸ.ਐਸ.ਪੀ. ਡਾ. ਪ੍ਰਗਿਆ ਜੈਨ ਨੇ ਪੁਲਸ ਦੀ ਸਖ਼ਤ ਮਿਹਨਤ ਦੇ ਨਤੀਜੇ ਦੱਸਦੇ ਹੋਏ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਵੰਬਰ ਮਹੀਨੇ ਦੌਰਾਨ 106 ਮੁਕੱਦਮੇ ਦਰਜ ਕੀਤੇ ਗਏ, 158 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ, 2.8 ਕਿਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ, 1 ਕਿਲੋ ਅਫੀਮ ਅਤੇ 6 ਕਿੱਲੋ ਪੋਸਤ ਜ਼ਬਤ ਕੀਤੀ ਗਈ, 1193 ਹਜ਼ਾਰ (ਲੱਖ) ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਕੀਤੇ ਗਏ, 5 ਲੱਖ 98 ਹਜ਼ਾਰ ਦੇ ਕਰੀਬ ਡਰੱਗ ਮਨੀ ਵੀ ਬਰਾਮਦ ਹੋਈ।ਐਸ.ਐਸ.ਪੀ. ਨੇ ਸਪੱਸ਼ਟ ਕੀਤਾ ਕਿ ਅਧਿਕਾਰੀਆਂ ਨੂੰ ਐਕਟ ਅਧੀਨ ਦਰਜ ਸਾਰੇ ਕੇਸਾਂ ਦੇ ਅੱਗੇ-ਪਿੱਛੇ ਦੇ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕਰਨ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਹਰ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਤ ਸੁਸਾਇਟੀ ਵੱਲੋਂ ਸਾਈਕਲ ਰੈਲੀ

■ ਵਿਧਾਇਕ ਦੇਵ ਮਾਨ ਨੇ ਸਾਈਕਲ ਚਲਾ ਰੈਲੀ 'ਚ ਕੀਤੀ ਸ਼ਮੂਲੀਅਤ



ਨਾਭਾ (ਵਰਿੰਦਰ ਵਰਮਾ)-ਤਿਲਕ ਜੰਞੂ ਦੇ ਰਾਖੇ ਹਿੰਦ ਦੀ ਚਾਦਰ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਪੁੱਤਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਤੇ ਉਨ੍ਹਾਂ ਦੇ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੋਸਾਇਟੀ ਜੋ ਇਲਾਕੇ ਵਿੱਚ ਪਿਛਲੇ ਲੰਬੇ ਸਮੇਂ ਤੋਂ ਗਰੀਬ ਦਾ ਮੁੱਖ ਗੁਰੂ ਦੀ ਗੋਲਕ ਨੂੰ ਮੁੱਖ ਰੱਖਦਿਆਂ ਸੇਵਾਵਾਂ ਨਿਭਾਅ ਰਹੀ ਹੈ, ਉਸ ਵੱਲੋਂ ਇਸ ਸ਼ਹਾਦਤ ਨੂੰ ਸਮਰਪਤ ਇੱਕ ਸਾਈਕਲ ਰੈਲੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਬੂਹੀ ਤੱਕ ਕੱਢੀ ਗਈ। ਇਸ ਰੈਲੀ ਵਿੱਚ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੋਂ ਇਲਾਵਾ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਬੱਚੇ ਨੌਜਵਾਨ ਤੇ ਬਜ਼ੁਰਗਾਂ ਨੇ ਭਾਗ ਲਿਆ।ਗੱਲਬਾਤ ਦੌਰਾਨ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਲਗਾਤਾਰ ਬਾਬਾ ਦੀਪ ਸਿੰਘ ਸੁਸਾਇਟੀ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਨੇ ਤੇ ਸ਼ਤਾਬਦੀ ਨੂੰ ਸਮਰਪਤ ਵਿਸ਼ੇਸ਼ ਕਲੀਨਿਕ ਹੋਮਿਓਪੈਥਿਕ ਦੀ ਖੋਲੀ ਗਈ, ਸ਼ਹਿਰ ਵਿੱਚ ਖੰਡਾ ਚੌਕ ਤਿਆਰ ਕੀਤਾ ਗਿਆ, ਲੋੜਵੰਦਾਂ ਨੂੰ ਮਹੀਨਾ ਵਾਰੀ ਰਾਸ਼ਨ ਹਰ ਤਰ੍ਹਾਂ ਦੀ ਮਦਦ ਲੋੜਵੰਦਾਂ ਦੇ ਆਪ੍ਰੇਸ਼ਨ, ਪੜਨ ਵਾਲੇ ਬੱਚਿਆਂ ਲਈ ਮਦਦ ਕੀਤੀ ਜਾਂਦੀ ਹੈ ਤੇ ਲਗਾਤਾਰ ਪਿਛਲੇ ਲੰਬੇ ਸਮੇਂ ਤੋਂ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਲਈ ਚੰਡੀਗੜ੍ਹ ਪੀਜੀਆਈ ਸਮੇਤ ਸੰਗਰੂਰ ਕੈਂਸਰ ਹਸਪਤਾਲ ਪਟਿਆਲਾ ਕੁੱਲ ਅੱਠ ਥਾਵਾਂ 'ਤੇ ਲੰਗਰ ਭੇਜਿਆ ਜਾਂਦਾ ਹੈ। ਵਿਧਾਇਕ ਨੇ ਕਿਹਾ ਕਿ ਗੁਰੂ ਘਰ ਵਿੱਚ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ ਹੈ ਤੇ 50 ਲੱਖ ਰੁਪਿਆ ਪਿੰਡ ਦੇ ਵਿਕਾਸ ਲਈ ਪਿੰਡ ਬੂਹੀ ਨੂੰ ਸਰਕਾਰ ਵੱਲੋਂ ਦਿੱਤਾ ਗਿਆ।ਉਨ੍ਹਾਂ ਸੰਸਥਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਮੇਂ ਸੰਸਥਾ ਲਈ ਹਾਜ਼ਰ ਹਾਂ, ਸੰਸਥਾ ਜੋ ਵੀ ਸੇਵਾ ਲਗਾਵੇਗੀ ਪ੍ਰਵਾਨ ਹੋਵੇਗੀ।ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਖਾਲਸਾ ਨੇ ਗੁਰੂ ਸਾਹਿਬ ਤੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸੂਬਾ ਚੇਅਰਮੈਨ ਹਰੀ ਕ੍ਰਿਸ਼ਨ ਸੇਠ, ਸੁਖਵੰਤ ਸਿੰਘ ਕੌਲ ਸਰਪ੍ਰਸਤ ਆੜਤੀਆਂ ਐਸੋਸੀਏਸ਼ਨ, ਹਾਕਮ ਸਿੰਘ ਮੁੱਖ ਸੇਵਾਦਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੇਵਾ ਸੋਸਾਇਟੀ ਦੇ ਸਾਂਝੇ ਤੌਰ 'ਤੇ ਕਿਹਾ ਕਿ ਗੁਰੂ ਸਾਹਿਬ ਨੇ ਜ਼ੁਲਮ ਕਰਨ ਵਾਲੇ ਜ਼ਾਲਮਾਂ ਨੂੰ ਖਤਮ ਕੀਤਾ ਸੀ, ਅੱਜ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਕਿਰਪਾ ਕਰਨ ਜੋ ਜ਼ਾਲਮ ਅੱਜ ਦੇਸ਼ ਤੇ ਖਾਸ ਕਰਕੇ ਸੂਬੇ ਪੰਜਾਬ 'ਤੇ ਜ਼ੁਲਮ ਕਰ ਰਹੇ ਨੇ, ਉਨ੍ਹਾਂ ਨੂੰ ਖਤਮ ਕਰਨ ਲਈ ਬਲ ਬਖਸ਼ਣ।ਇਸ ਮੌਕੇ ਅਸ਼ੋਕ ਅਰੋੜਾ ਆਪ ਸ਼ਹਿਰੀ ਪ੍ਰਧਾਨ, ਦਰਸ਼ਨ ਅਰੋੜਾ ਮੁਖੀ ਅਰੋੜਾ ਬਿਰਾਦਰੀ, ਰਾਣਾ ਨਾਭਾ, ਗੁਰਦੀਪ ਸਿੰਘ, ਅਵਤਾਰ ਸਿੰਘ ਚੁੱਲਾ, ਕਮਲਜੀਤ ਸਿੰਘ ਕਪੂਰ, ਪ੍ਰੀਤ ਇੰਦਰਪਾਲ ਸਿੰਘ, ਗੁਰਤੇਜ ਸਿੰਘ ਬੂਹੀ, ਕੁਲਵਿੰਦਰ ਸਿੰਘ, ਬਾਬੂ ਸਿੰਘ, ਪ੍ਰਿਤਪਾਲ ਸਿੰਘ, ਰਵਿੰਦਰ ਸਿੰਘ, ਅੰਗਰੇਜ਼ ਸਿੰਘ ਗਦਾਈਆ, ਰਾਮ ਪ੍ਰਕਾਸ਼, ਸੁਖਲੀਨ ਸਿੰਘ, ਸੌਰਵ ਕੁਮਾਰ, ਜਸਵਿੰਦਰ ਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਬੱਚੇ ਤੇ ਬਜ਼ੁਰਗ ਹਾਜ਼ਰ ਸਨ।

## ਪੁਲਸ ਵੱਲੋਂ ਨਸ਼ਿਆਂ ਦੇ ਖ਼ਾਤਮੇ ਤੱਕ ਮੁਹਿੰਮ ਜਾਰੀ ਰਹੇਗੀ : ਥਾਣਾ ਮੁਖੀ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਥਾਣਾ ਦੇ ਨਵੇਂ ਮੁਖੀ ਮੁਖੀ ਸਬ ਇੰਸਪੈਕਟਰ ਪਵਿੱਤਰ ਸਿੰਘ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਪ੍ਰੈੱਸ ਨਾਲ ਪਹਿਲੀ ਮੀਟਿੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਦੇ ਨਿਰਦੇਸ਼ਾਂ 'ਤੇ ਕਾਸੋ ਆਪ੍ਰੇਸ਼ਨ ਤਹਿਤ ਸ਼ੱਕੀ ਵਿਅਕਤੀਆਂ ਦੇ ਘਰ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਜੇਕਰ ਕਿਸੇ ਤੋਂ ਵੀ ਕੋਈ ਨਸ਼ੀਲਾ ਪਦਾਰਥ ਬਰਾਮਦ ਹੁੰਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ 'ਤੇ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਤੱਕ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਜਾਰੀ ਰਹੇਗੀ। ਥਾਣਾ ਮੁਖੀ ਨੇ ਕਿਹਾ ਕਿ ਲੋਕਾਂ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਕਿ ਸ਼ਹਿਰ ਦੇ ਬੱਸ ਸਟੈਂਡ ਅੰਦਰ ਤੇ ਨਜ਼ਦੀਕ ਬਣੇ ਬਾਥਰੂਮਾਂ ਵਿੱਚ ਕਈ ਨੌਜਵਾਨ ਨਸ਼ਾ ਕਰਨ ਆਉਂਦੇ ਹਨ, ਇਸ ਲਈ ਪੁਲਸ ਵੱਲੋਂ ਸ਼ਹਿਰ ਵਿੱਚ ਅਜਿਹੀਆਂ ਸੁੰਨਸਾਨ ਥਾਵਾਂ 'ਤੇ ਗਸ਼ਤ ਵਧਾਈ ਜਾਵੇਗੀ ਅਤੇ ਕੋਈ ਵੀ ਵਿਅਕਤੀ ਨਸ਼ਾ ਕਰਦਾ ਕਾਬੂ ਆਇਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਥਾਣਾ ਮੁਖੀ ਨੇ ਕਿਹਾ ਕਿ ਉਹ ਟ੍ਰੈਫਿਕ ਵਿਵਸਥਾ ਨੂੰ ਨਿਰਵਿਘਨ ਚਲਾਉਣ ਲਈ ਵੀ ਯਤਨਸ਼ੀਲ ਹਨ ਅਤੇ ਸ਼ਹਿਰ ਵਿੱਚ ਬਿਨਾਂ ਨੰਬਰ ਪਲੇਟਾਂ ਤੋਂ ਘੁੰਮਦੇ ਮੋਟਰਸਾਈਕਲ ਤੇ ਕਾਲੇ ਸ਼ੀਸ਼ੇ ਵਾਲੀਆਂ ਗੱਡੀਆਂ ਨੂੰ ਚਲਾਨ ਕੱਟ ਕੇ ਥਾਣੇ ਅੰਦਰ ਬੰਦ ਕੀਤਾ ਜਾਵੇ ਅਤੇ ਉਨ੍ਹਾਂ ਵੱਲੋਂ ਆਪ ਵੀ ਰੋਜ਼ਾਨਾ ਬਾਜ਼ਾਰ ਚੌਕ ਤੇ ਪ੍ਰਮੁੱਖ ਸੜਕਾਂ 'ਤੇ ਨਾਕਾਬੰਦੀ ਕਰ ਵਾਹਨਾਂ ਦੀ ਜਾਂਚ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੱਡੀਆਂ 'ਤੇ ਲੱਗੇ ਹੂਟਰ ਤੇ ਪਟਾਕੇ ਮਾਰਨ ਵਾਲੇ ਮੋਟਰਸਾਈਕਲਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਥਾਣਾ ਮੁਖੀ ਪਵਿੱਤਰ ਸਿੰਘ ਨੇ ਕਿਹਾ ਕਿ ਪ੍ਰੈੱਸ ਨਾਲ ਗੂੜ੍ਹਾ ਰਿਸ਼ਤਾ ਹੈ, ਇਸ ਲਈ ਜੇਕਰ ਕੋਈ ਨਾਜ਼ੁਕ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਪੁਲਸ ਨੂੰ ਸੂਚਿਤ ਕਰਨ। ਇਸ ਮੌਕੇ ਉਨ੍ਹਾਂ ਨਾਲ ਮੁੱਖ ਮੁਨਸ਼ੀ ਕੁਲਜੀਤ ਸਿੰਘ ਵੀ ਮੌਜੂਦ ਸਨ।

## ਮਹਾਤਮਾ ਸੰਤ ਪੁਰੀ ਦੀ ਬਰਸੀ ਸੰਬੰਧੀ ਸਮਾਗਮ ਅੱਜ



ਨਾਭਾ (ਵਰਿੰਦਰ ਵਰਮਾ)-ਅਮਰ ਕੁਟੀਆ ਪਿੰਡ ਮੁਲਾਂਬੱਧਾ ਵਿਖੇ ਸੰਤ ਬਾਬਾ ਦਾਰਾ ਸਿੰਘ ਦੀ ਸਰਪ੍ਰਸਤੀ ਹੇਠ ਸੱਚਖੰਡ ਵਾਸੀ ਮਹਾਤਮਾ ਸੰਤ ਪੁਰੀ ਜੀ ਦੀ 2 ਦਸੰਬਰ ਨੂੰ ਮਨਾਈ ਜਾ ਰਹੀ 39ਵੀਂ ਸਾਲਾਨਾ ਬਰਸੀ ਨਮਿਤ ਅੱਠਵਾਰ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਇਸ ਮੌਕੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਆਪਣੀ ਹਾਜ਼ਰੀ ਭਰੀ।ਇਸ ਮੌਕੇ ਜਾਣਕਾਰੀ ਦਿੰਦਿਆਂ ਸੰਤ ਬਾਬਾ ਦਾਰਾ ਸਿੰਘ ਜੀ ਨੇ ਦੱਸਿਆ ਕਿ 2 ਦਸੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਗੁਰਬਾਣੀ ਕੀਰਤਨ ਸਿਮਰਨ ਸਮਾਗਮ ਵਾਲੇ ਕਥਾ ਕੀਰਤਨ ਜਥੀਏ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਮਹਾਤਮਾ ਸੰਤ ਪੁਰੀ ਜੀ ਦੇ ਜੀਵਨ ਬਾਰੇ ਚਾਨਣਾ ਪਾਉਣਗੇ।ਇਸ ਮੌਕੇ ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਵਧ ਚੜ੍ਹ ਕੇ ਸਮਾਗਮ ਵਿੱਚ ਪੁੱਜਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਗੁਰਬਖ਼ਸ਼ੀ, ਰਘਬੀਰ ਸਿੰਘ ਮਨੂੰਖਾ ਬਾਬਾ, ਜਸਵਿੰਦਰ ਸਿੰਘ ਝੰਬੀ ਸਮਰਾਲਾ, ਦੀਦਾਰ ਸਿੰਘ ਤੇਜੇ, ਨਿਰਭੈ ਸਿੰਘ ਮੁਲਬੱਧਾ, ਦਵਿੰਦਰ ਸਿੰਘ ਭੁੱਚੋ ਮੰਡੀ, ਜਸਕਰਨਵੀਰ ਸਿੰਘ ਤੇਜੇ, ਅਮਰੀਕ ਸਿੰਘ ਕਪੂਰਗੜ੍ਹ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

## ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਪਾਰਟੀ ਨਿਸ਼ਾਨ 'ਤੇ ਲੜਾਂਗੇ : ਹਰਪਾਲਪੁਰ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਭਾਰਤੀ ਜਨਤਾ ਪਾਰਟੀ ਆਪਣੇ ਚੋਣ ਨਿਸ਼ਾਨ 'ਤੇ ਲੜੇਗੀ ਤੇ ਜਿੱਤੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਪੰਜਾਬ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਨੇ ਪਟਿਆਲਾ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਹਰਪਾਲਪੁਰ ਨੇ ਕਿਹਾ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਸਰਪੰਚੀ ਚੋਣਾਂ ਵਾਂਗ ਵਿਸ਼ੇਸ਼ ਮਹੱਤਵ ਹੁੰਦਾ ਹੈ। ਉਨ੍ਹਾ ਕਿਹਾ ਕਿ ਪੰਚਾਇਤੀ ਚੋਣਾਂ ਤੇ ਮਿਉਂਸਪਲ ਚੋਣਾਂ ਵਾਂਗ ਹੁਣ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਸਰਕਾਰੀ ਤੰਤਰ ਤੇ ਪੁਲਸ ਤੰਤਰ ਨਾਲ ਲੁੱਟਣ ਨਹੀਂ ਦਿਆਂਗੇ। ਭਾਰਤੀ ਜਨਤਾ ਪਾਰਟੀ ਦੇ ਆਗੂ ਤੇ ਵਰਕਰ ਸਰਕਾਰੀ ਤੰਤਰ ਦਾ ਡੱਟ ਕੇ ਵਿਰੋਧ ਤੇ ਮੁਕਾਬਲਾ ਕਰਨਗੇ।

## ਪੰਜਾਬ ਨੇ 12ਵੀਂ ਡਰੈਗਨ ਬੋਟ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ



ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਵਿਖੇ ਹੋਈ 12ਵੀਂ ਡਰੈਗਨ ਬੋਟ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਖਿਡਾਰੀਆਂ ਨੇ 6 ਗੋਲਡ ਇੱਕ ਸਰਵਰ ਲੈ ਕੇ ਚੈਂਪੀਅਨਸ਼ਿਪ ਜਿੱਤੀ। ਇਸ ਚੈਂਪੀਅਨਸ਼ਿਪ ਵਿੱਚ 17 ਸਟੇਟਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ, ਜਿਸ ਵਿੱਚ ਪੰਜਾਬ ਦੇ ਮੁੰਡੇ ਤੇ ਕੁੜੀਆਂ ਨੇ ਆਪਣੇ ਆਪਣੇ ਈਵੈਂਟਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ 6 ਗੋਲਡ ਮੈਡਲ ਹਾਸਲ ਕੀਤੇ।ਹਜ਼ਾਰ ਮੀਟਰ ਮੁੰਡੇ ਤੇ ਕੁੜੀਆਂ, 500 ਮੀਟਰ ਕੁੜੀਆਂ, 200 ਮੀਟਰ ਮੁੰਡੇ, ਹਜ਼ਾਰ ਮੀਟਰ ਮਿਕਸ, 200 ਮੀਟਰ ਮੈਕਸ ਵਿੱਚੋਂ ਗੋਲਡ ਮੈਡਲ ਜਿੱਤੇ ਤੇ 500 ਮੀਟਰ ਮੁੰਡੇ ਵਿੱਚੋਂ ਇੱਕ ਸਿਲਵਰ ਲੈ ਕੇ ਓਵਰ ਆਲ ਚੈਂਪੀਅਨਸ਼ਿਪ ਪੰਜਾਬ ਦੀ ਝੋਲੀ ਵਿੱਚ ਪਾਈ ਇਸ ਟਾਈਮ ਪੰਜਾਬ ਡਰੈਗਨ ਬੋਰਡ ਦੇ ਪ੍ਰਧਾਨ ਸੰਦੀਪ ਸਿੰਘ ਸਨੀ ਬਰਾੜ ਨੇ ਬੱਚਿਆਂ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੱਤੀਆਂ।ਮੀਤ ਪ੍ਰਧਾਨ ਧਰੁਵ ਕਾਸਲ ਚੋਖਾ ਅੰਪਾਇਰ ਦੇ ਮਾਲਕ ਨੇ ਬੱਚਿਆਂ ਲਈ ਵਿਸ਼ੇਸ਼ ਸਨਮਾਨ ਕਰਨ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਜਨਰਲ ਸਕੱਤਰ ਜਸਮਿੰਦਰ ਕੌਰ ਗਿੱਲ ਨੇ ਦੱਸਿਆ ਕਿ ਖਿਡਾਰੀਆਂ ਦੀ ਤਿਆਰੀ ਬਹੁਤ ਕੀਤੀ ਹੋਈ ਸੀ, ਜਿਸ ਦਾ ਨਤੀਜਾ ਸ਼ਾਨਦਾਰ ਰਿਹਾ।ਮੀਤ ਪ੍ਰਧਾਨ ਮਾਸਟਰ ਗੁਰਚਰਨ ਸਿੰਘ ਢੁੱਡੀਕੇ, ਚਰਨ ਸਿੰਘ, ਗੁਰਪ੍ਰੀਤ ਸਿੰਘ, ਹਾਕਮ ਸਿੰਘ ਨੇ ਖਿਡਾਰੀਆਂ ਨੂੰ ਮੈਡਲ ਜਿੱਤਣ ਤੇ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।ਇਸ ਚੈਂਪੀਅਨਸ਼ਿਪ ਦੀ ਸਾਰੀ ਜ਼ਿੰਮੇਵਾਰੀ ਸਾਡੇ ਬਹੁਤ ਹੀ ਹਰਮਨ ਪਿਆਰੇ ਦੋਸਤ ਜਗਤਾਰ ਸਿੰਘ ਘਾਲੀ ਨੇ ਪੂਰੀ ਕੀਤੀ।ਇਸ ਚੈਂਪੀਅਨਸ਼ਿਪ ਵਿੱਚ ਹਾਜ਼ਰ ਸਾਰੇ ਵਿਭਾਗਾਂ ਦਾ ਆਏ ਮਹਿਮਾਨਾਂ ਮਾਨ ਸਨਮਾਨ ਡਰੈਗਨ ਬੋਟ ਵਾਟਰ ਸਪੋਰਟਸ ਐਸੋਸੀਏਸ਼ਨ (ਪੰਜਾਬ) ਤੇ ਡਰੈਗਨ ਬੋਟ ਫੈਡਰੇਸ਼ਨ ਵੱਲੋਂ ਕੀਤਾ ਗਿਆ।

## ਅੰਤਰ ਸਟੇਟ ਐਥਲੈਟਿਕਸ ਮੁਕਾਬਲੇ 'ਚ ਗੁਰਵਿੰਦਰ ਛਾਜਲਾ ਨੇ ਕਾਂਸੀ ਮੈਡਲ ਜਿੱਤਿਆ



ਦਿੜ੍ਹਬਾ (ਜਸਵੀਰ ਲਾਡੀ)-69ਵੀਆਂ ਨੈਸ਼ਨਲ ਸਕੂਲ ਖੇਡਾਂ ਅੰਤਰ ਸਟੇਟ ਐਥਲੈਟਿਕਸ ਮੁਕਾਬਲੇ, ਜੋ 26 ਤੋਂ 30 ਨਵੰਬਰ 25 ਤੱਕ ਜ਼ਿਲ੍ਹਾ ਭਵਾਨੀ ਹਰਿਆਣਾ ਵਿਖੇ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-19 ਸਾਲ ਉਮਰ ਵਰਗ ਵਿੱਚ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀ ਗੁਰਵਿੰਦਰ ਸਿੰਘ ਪੁੱਤਰ ਬਾਦਲ ਸਿੰਘ ਛਾਜਲਾ ਨੇ 4×400 ਮੀ. ਰਿਲੇਅ ਦੌੜ ਵਿੱਚ ਭਾਗ ਲਿਆ ਤੇ ਬਰਾਊਨ ਮੈਡਲ ਜਿੱਤ ਕੇ ਸਕੂਲ ਤੇ ਮਾਪਿਆ ਦਾ ਨਾਂਅ ਰੋਸ਼ਨ ਕੀਤਾ।ਸਕੂਲ ਦੇ ਚੇਅਰਮੈਨ ਸ੍ਰ. ਮਨਦੀਪ ਚੱਠਾ ਤੇ ਡਾਇਰੈਕਟਰ ਸ੍ਰ. ਅਮ੍ਰਿਤਪਾਲ ਚੱਠਾ ਨੇ ਗੁਰਵਿੰਦਰ ਸਿੰਘ ਨੂੰ ਸਕੂਲ ਆਉਣ 'ਤੇ ਸਨਮਾਨਤ ਕੀਤਾ ਅਤੇ ਅੱਗੇ ਹੋਰ ਵਧ ਚੜ੍ਹ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਮੈਡਮ ਕਾਮਨੀ ਸਿੰਗਲਾ, ਲਖਵਿੰਦਰ ਸਿੰਘ, ਮਨਦੀਪ ਸਿੰਘ ਡੀ.ਪੀ.ਈ., ਹਰਵਿੰਦਰ ਸਿੰਘ ਡੀ.ਪੀ.ਈ., ਲਖਵਿੰਦਰ ਸਿੰਘ ਡੀ.ਪੀ.ਈ. ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਬਰਨ 'ਚ ਲਾਈ ਮਦਰ ਵਰਕਸ਼ਾਪ

ਮਾਨਸਾ/ਸਰਦੂਲਗੜ੍ਹ (ਆਤਮਾ ਸਿੰਘ ਪਮਾਰ)-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬਰਨ ਵਿਖੇ ਮਦਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਮਦਰ ਵਰਕਸ਼ਾਪ ਦੀ ਸ਼ੁਰੂਆਤ ਸਕੂਲ ਮੁਖੀ ਜਗਸੀਰ ਸਿੰਘ ਆਦਮਕੇ ਦੇ ਜੀ ਆਇਆਂ ਨੂੰ ਸੰਬੋਧਨ ਸ਼ਬਦਾਂ ਨਾਲ ਹੋਈ।ਵਰਕਸ਼ਾਪ 'ਚ ਬੱਚਿਆਂ ਦੀਆਂ ਮਾਤਾਵਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਵਰਕਸ਼ਾਪ 'ਚ ਸਕੂਲ ਅਧਿਆਪਕਾਂ ਸੰਦੀਪ ਕੌਰ ਬਰਨ ਤੇ ਸੰਦੀਪ ਕੌਰ ਝੰਡੂਕੇ ਨੇ ਬੱਚਿਆਂ ਦੀਆਂ ਮਾਤਾਵਾਂ ਨੂੰ ਬੱਚਿਆਂ ਦੀ ਪੜ੍ਹਾਈ, ਸਿਹਤ, ਰੁਚੀ ਸੰਬੰਧੀ ਜਾਣਕਾਰੀ ਦਿੰਦਿਆਂ ਵੱਖ-ਵੱਖ ਗਤੀਵਿਧੀਆਂ 'ਚ ਭਾਗੀਦਾਰੀ ਨੂੰ ਵੀ ਯਕੀਨੀ ਬਣਾਇਆ।ਵਰਕਸ਼ਾਪ ਦੌਰਾਨ ਸਕੂਲ ਅਧਿਆਪਕ ਹਰਦੀਪ ਸਿੰਘ ਧਨ ਸਿੰਘ ਖਾਨਾ ਨੇ ਬੱਚਿਆਂ ਦੀਆਂ ਮਾਤਾਵਾਂ ਨੂੰ ਸਕੂਲ ਵਿੱਚ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ।ਮਦਰ ਵਰਕਸ਼ਾਪ 'ਚ ਉਚੇਚੇ ਤੌਰ 'ਤੇ ਹਾਜ਼ਰ ਜਸਵਿੰਦਰ ਸਿੰਘ ਜਟਾਣਾ ਬੀ.ਆਰ.ਸੀ ਸਰਦੂਲਗੜ੍ਹ ਵੱਲੋਂ ਬੱਚਿਆਂ ਦੀਆਂ ਮਾਤਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਬਹੁਤ ਵਧੀਆ ਉਪਰਾਲਾ ਹੈ ਕਿ ਹੁਣ ਸਰਕਾਰੀ ਸਕੂਲਾਂ ਵਿੱਚ ਵੀ ਮਾਤਾਵਾਂ ਦੀਆਂ ਵਰਕਸ਼ਾਪਾਂ ਲੱਗਣ ਲੱਗੀਆਂ ਹਨ, ਕਿਉਂਕਿ ਮਾਤਾਵਾਂ ਕੋਮਲ ਸੁਭਾਅ ਦੀ ਮਾਲਕ ਹੁੰਦੀਆਂ ਹਨ, ਜੋ ਬੱਚਿਆਂ ਦੇ ਦੁੱਖ-ਸੁੱਖ ਨੂੰ ਜਲਦੀ ਅਨੁਭਵ ਕਰ ਲੈਂਦੀਆਂ ਹਨ।ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਦਾਖਲ ਕਰਾਉਣ ਲਈ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਮਿਲ ਰਹੀਆਂ ਸਹੂਲਤਾਂ ਦਾ ਲਾਭ ਲੈਣ ਲਈ ਵੀ ਪ੍ਰੇਰਤ ਕੀਤਾ ਗਿਆ।ਸਿਖਿਆਰਥੀ ਅਧਿਆਪਕ ਅਵਤਾਰ ਸਿੰਘ ਬਰਨ ਨੇ ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੱਖ-ਵੱਖ ਤਰਕੀਬਾਂ ਵੀ ਸਾਂਝੀਆਂ ਕੀਤੀਆਂ।ਵਰਕਸ਼ਾਪ ਦੇ ਅਖੀਰ 'ਚ ਸਕੂਲ ਮੁਖੀ ਜਗਸੀਰ ਸਿੰਘ ਆਦਮਕੇ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ ਤੇ ਸਕੂਲ ਦੇ ਸਰਬਪੱਖੀ ਵਿਕਾਸ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।

02-Dec Page 11-Majha-25.qxd 12/1/2025 10:54 PM Page 1



# ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਡੀ ਸੀ ਤਰਨਤਾਰਨ ਨੂੰ ਸੌਂਪਿਆ ਮੰਗ ਪੱਤਰ

ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਮੋਰਚਾ (ਕੇਐੱਮਐੱਮ) ਦੀ ਅਗਵਾਈ ਹੇਠ ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ, ਮਜ਼ਦੂਰਾਂ ਵੱਲੋਂ ਤਰਨ ਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਫਤਿਹ ਸਿੰਘ ਪਿੱਦੀ, ਜ਼ਿਲ੍ਹਾ ਖਜ਼ਾਨਚੀ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁੱਗਲਵਾਲਾ, ਜ਼ੋਨ ਸਕੱਤਰ ਬਲਜਿੰਦਰ ਸਿੰਘ ਸੋਤੇ, ਜ਼ੋਨ ਆਗੂ ਨਿਸ਼ਾਨ ਸਿੰਘ ਸ਼ਹਾਬਪੁਰ ਨੇ ਕਿਹਾ ਕਿ ਮੰਗ ਪੱਤਰ 'ਚ ਬਿਜਲੀ ਸੋਧ ਬਿੱਲ-2025 ਰੱਦ ਕਰਨ, ਚਿੱਪ ਵਾਲੇ ਮੀਟਰ ਲਗਾਉਣੇ ਬੰਦ ਕਰਨ, ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਜ਼ੀਰੋ ਟੈਰਿਫ ਵਾਲੇ ਸਮਝੌਤੇ ਰੱਦ ਕਰਨ, ਸ਼ੰਭੂ ਅਤੇ ਅਖਨੌਰੀ ਬਾਰਡਰਾਂ ਉਤੇ ਕਿਸਾਨਾਂ ਦੇ ਗੁਆਚੇ ਕੀਮਤੀ ਸਾਜ਼ੋ ਸਾਮਾਨ ਸਮਾਨ ਦੀ ਬਰਾਮਦਗੀ, ਕਿਸਾਨਾਂ ਉਤੇ ਕੀਤੇ ਪਰਚੇ ਰੱਦ ਕਰਨ, ਹੜ੍ਹਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ 100% ਮੁਆਵਜ਼ਾ ਦੇਣ, ਹੜ੍ਹ ਪ੍ਰਭਾਵਿਤ ਕਿਸਾਨਾਂ/ਮਜ਼ਦੂਰਾਂ ਦੇ ਕਰਜ਼ੇ ਮਾਫ ਕਰਨ, ਪਰਾਲੀ ਸਾੜਨ 'ਤੇ ਕਿਸਾਨਾਂ 'ਤੇ ਕੀਤੇ ਪਰਚੇ ਰੱਦ ਕਰਨ, ਖੇਤੀ ਨੂੰ ਪ੍ਰਦੂਸ਼ਣ ਕਾਨੂੰਨ ਤੋਂ ਬਾਹਰ ਰੱਖਣ, ਉਜਾੜੂ ਜ਼ਮੀਨਾਂ ਦਾ ਅਧਿਗ੍ਰਹਿਣ ਬੰਦ ਕੀਤਨ ਆਦਿ ਮੰਗਾਂ ਦਾ ਜ਼ਿਕਰ ਹੈ। ਇਸ ਮੌਕੇ ਤਜਿੰਦਰ ਸਿੰਘ ਮੁਰਾਦਪੁਰ, ਗੁਰਜਿੰਦਰ ਸਿੰਘ ਮੁਰਾਦਪੁਰ, ਸੁਰਿੰਦਰ ਸਿੰਘ ਬਿੱਟੂ ਮੁਰਾਦਪੁਰ, ਬਲਵਿੰਦਰ ਸਿੰਘ ਸੰਘੇ, ਦਰਸ਼ਨ ਸਿੰਘ ਅਲਾਵਲਪੁਰ, ਬੂਟਾ ਸਿੰਘ ਸੰਘੇ ਆਦਿ ਆਗੂ ਹਾਜ਼ਰ ਸਨ।



# ਖੇਤਾਂ 'ਚੋਂ ਕਰੀਬ 90 ਹਜ਼ਾਰ ਦਾ ਇੰਜਣ ਤੇ ਕੀਮਤੀ ਸਾਮਾਨ ਚੋਰੀ

ਮਜੀਠਾ (ਸੋਹਿਲ ਅਨੰਦ)-ਇਥੋਂ ਥੋੜ੍ਹੀ ਦੂਰ ਪੈਂਦੇ ਪਿੰਡ ਕਲੇਰ ਮਾਂਗਟ ਵਿੱਚ ਇੱਕ ਕਿਸਾਨ ਦੇ ਖੇਤਾਂ ਤੋਂ ਟੋਕੇ ਤੇ ਲੱਗਾ ਲਿਸਟਰ ਇੰਜਨ ਸਮੇਤ ਲਗਭਗ 90 ਹਜ਼ਾਰ ਰੁਪਏ ਦਾ ਸਾਮਾਨ ਚੋਰੀ ਹੋਣ ਦਾ ਸਮਾਚਾਰ ਹੈ। ਕਲੇਰ ਮਾਂਗਟ ਦੇ ਵਸਨੀਕ ਕਿਸਾਨ ਬਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ (ਨੰਬਰਦਾਰ) ਨੇ ਦੱਸਿਆ ਕਿ ਉਹ ਖੇਤੀਬਾੜੀ ਦੇ ਨਾਲ ਹੀ ਦੁੱਧ ਦਾ ਕਾਰੋਬਾਰ ਵੀ ਕਰਦਾ ਹੈ।ਉਸ ਨੇ ਦੱਸਿਆ ਕਿ ਉਸ ਦੀਆਂ ਦੁਧਾਰੂ ਮੱਝਾਂ ਤੇ ਗਾਵਾਂ ਖੇਤਾਂ ਵਿੱਚ ਰੱਖਦਾ ਹੈ। ਪੀੜਤ ਕਿਸਾਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਜਦੋਂ ਉਹ ਅੱਜ ਸਵੇਰੇ ਖੇਤਾਂ ਵਿੱਚ ਪਹੁੰਚਿਆ ਤਾਂ ਵੇਖਿਆ ਕਿ ਉਸ ਦੇ ਟਿਊਬਵੈੱਲ ਵਾਲੇ ਕਮਰੇ ਦਾ ਗੇਟ ਗਾਇਬ ਸੀ ਤੇ ਅੰਦਰ ਵੇਖਿਆ ਤਾਂ ਟੋਕੇ ਉੱਤੇ ਲੱਗਾ 10 ਹਾਰਸ ਪਾਵਰ ਦਾ ਇੰਜਣ ਵੀ ਚੋਰ ਲੈ ਗਏ ਸਨ। ਮਟਰਾਂ ਦੀ ਇੱਕ ਬੋਰੀ ਅਤੇ ਹੋਰ ਸਾਮਾਨ ਵੀ ਚੋਰੀ ਹੋ ਗਿਆ।ਲਗਭਗ 80 ਤੋਂ 90 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ।ਪਿੰਡ ਦੇ ਸਰਪੰਚ ਅਮਰਜੀਤ ਸਿੰਘ ਕਲੇਰ ਅਤੇ ਸਾਬਕਾ ਪੰਚ ਮਹਿੰਦਰ ਸਿੰਘ ਮੌਕੇ ਤੇ ਪਹੁੰਚੇ।



ਦੋਵਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਪੀੜਤ ਕਿਸਾਨ ਦੇ ਨੁਕਸਾਨ ਦੀ ਭਰਪਾਈ ਕਰਦਿਆਂ ਉਸ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਮੁੜ ਤੋਂ ਆਪਣਾ ਕੰਮ-ਕਾਰ ਸੰਭਾਲ ਸਕੇ।ਇਸ ਸਬੰਧੀ ਕਿਸਾਨ ਬਲਵਿੰਦਰ ਸਿੰਘ ਵੱਲੋਂ ਥਾਣਾ ਮਜੀਠਾ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਅਤੇ ਪੁਲਸ ਵੱਲੋਂ ਅਣਪਛਾਤੇ ਚੋਰਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# 7 ਪਿਸਤੌਲਾਂ ਸਣੇ 2 ਨਸ਼ਾ ਤਸਕਰ ਕਾਬੂ

ਅੰਮ੍ਰਿਤਸਰ, ਛੇਹਰਟਾ, (ਨਰਿੰਦਰਜੀਤ ਸਿੰਘ, ਮਨੋਜ ਕੁਮਾਰ) : ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਹਥਿਆਰ ਤਸਕਰੀ ਮਾਡਿਊਲ ਦੇ ਦੋ ਕਾਰਕੁਨਾਂ ਨੂੰ ਸੱਤ ਆਧੁਨਿਕ ਪਿਸਤੌਲਾਂ ਜਿਨ੍ਹਾਂ ਵਿਚ ਤਿੰਨ ਪੀਐਕਸ5 ਤੇ ਚਾਰ .30 ਬੋਰ ਦੇ ਪਿਸਤੌਲ ਸ਼ਾਮਲ ਹਨ, ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਵਿੰਦਰ ਸਿੰਘ (32) ਵਾਸੀ ਪਿੰਡ ਭਿੰਡੀ ਸੈਦਾਂ, ਅੰਮ੍ਰਿਤਸਰ ਤੇ ਜੁਗਰਾਜ ਸਿੰਘ ਉਰਫ਼ ਜੱਗਾ (29) ਵਾਸੀ ਪਿੰਡ ਮੁੱਲਾ ਬਹਿਰਾਮ, ਅੰਮ੍ਰਿਤਸਰ ਵਜੋਂ ਹੋਈ ਹੈ। ਦੱਸਣਯੋਗ ਹੈ ਕਿ ਇਹ ਮੁਲਜ਼ਮ ਅਪਰਾਧਿਕ ਪਿਛੋਕੜ ਵਾਲੇ ਹਨ ਅਤੇ ਉਨ੍ਹਾਂ ਖਿਲਾਫ ਕਤਲ, ਅਸਲਾ ਐਕਟ ਤੇ ਐੱਨਡੀਪੀਐੱਸ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਮੁਲਜ਼ਮ ਪਾਕਿਸਤਾਨ ਅਧਾਰਤ ਹੈਂਡਲਰ ਜੋ ਉਨ੍ਹਾਂ ਨਾਲ ਵਟਸਐਪ ਰਾਹੀਂ ਗੱਲਬਾਤ ਕਰਦਾ ਸੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਲਈ ਪਿਕਅੱਪ ਪੁਆਇੰਟ ਤੇ ਡਲਿਵਰੀ ਰੂਟ ਨਿਰਧਾਰਤ ਕਰਦਾ ਸੀ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਆਫ ਪੁਲਿਸ (ਸੀ.ਪੀ). ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਸ ਟੀਮ ਨੇ ਛਾਉਣੀ ਖੇਤਰ ਵਿਚ ਨਾਕਾਬੰਦੀ ਦੌਰਾਨ ਸ਼ੱਕੀ ਬਲਵਿੰਦਰ ਸਿੰਘ ਨੂੰ ਰੋਕਿਆ ਤੇ ਉਸਦੇ ਕਬਜ਼ੇ ਵਿੱਚੋਂ ਪੰਜ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ। ਬਲਵਿੰਦਰ ਦੇ ਖੁਲਾਸੇ ਦੇ ਆਧਾਰ 'ਤੇ ਪੁਲਸ ਨੇ ਛਾਪਾ ਮਾਰ ਕੇ ਉਸ ਦੇ ਸਾਥੀ



ਜੁਗਰਾਜ ਸਿੰਘ ਉਰਫ਼ ਜੱਗਾ ਨੂੰ ਦੋ .30 ਬੋਰ ਦੇ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ। ਸੀ. ਪੀ. ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮੁਲਜ਼ਮ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਰਹਿੰਦੇ ਸਨ, ਜਿਸ ਕਾਰਨ ਉਹ ਸਰਹੱਦ ਪਾਰੋਂ ਤਸਕਰੀ ਚੇਨ ਵਿਚ ਸਰਗਰਮੀ ਨਾਲ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਬਲਵਿੰਦਰ ਸਿੰਘ ਤੇ ਜੁਗਰਾਜ ਉਰਫ਼ ਜੱਗਾ ਦਿਹਾਤੀ ਸੈਕਟਰ ਵਿਚ ਸਰਗਰਮ ਸਨ ਅਤੇ ਤਸਕਰੀ ਕੀਤੇ ਹਥਿਆਰਾਂ ਦੀ ਸਪਲਾਈ ਤੇ ਵੰਡ ਵਿਚ ਸਹਾਇਤਾ ਕਰਦੇ ਸਨ। ਇਸ ਸਬੰਧੀ ਐੱਫਆਈਆਰ ਅੰਮ੍ਰਿਤਸਰ ਕਮਿਸ਼ਨਰੇਟ ਦੇ ਥਾਣਾ ਛਾਉਣੀ ਵਿਚ ਦਰਜ ਕੀਤੀ ਗਈ ਹੈ।

# ਵਿਧਾਨ ਸਭਾ ਹਲਕਾ ਗੁਰਦਾਸਪੁਰ 'ਚ ਰਮਨ ਬਹਿਲ ਨੂੰ ਮਿਲਿਆ ਵੱਡਾ ਸਮਰਥਨ

ਗੁਰਦਾਸਪੁਰ (ਦਿਨੇਸ਼ ਕੁਮਾਰ)-ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਐਲਾਨ ਹੁੰਦਿਆਂ ਹੀ ਵਿਧਾਨ ਸਭਾ ਹਲਕਾ ਗੁਰਦਾਸਪੁਰ ਅੰਦਰ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਸਮਰਥਨ ਮਿਲਿਆ ਜਦੋਂ ਇਸ ਹਲਕੇ ਦੇ ਅਹਿਮ ਪਿੰਡ ਭੁੱਲੇ ਚੱਕ ਦੀ ਸਮੁੱਚੀ ਪੰਚਾਇਤ ਅਤੇ ਦਰਜਨਾਂ ਮੁਹਤਬਰਾਂ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਦੀ ਅਗਵਾਈ ਕਬੂਲੀ ਹੈ।ਉਕਤ ਸਾਰੀ ਪੰਚਾਇਤ ਅਤੇ ਹੋਰ ਸ਼ਖਸ਼ੀਅਤਾਂ ਨੇ ਰਮਨ ਬਹਿਲ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ।ਇਸ ਦੌਰਾਨ ਜਿੱਥੇ ਰਮਨ ਬਹਿਲ ਨੇ ਉਕਤ ਸਾਰੀ ਪੰਚਾਇਤ ਅਤੇ ਹੋਰ ਪਰਿਵਾਰਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਨਿੱਘਾ ਸਵਾਗਤ ਕੀਤਾ ਉਸ ਦੇ ਨਾਲ ਹੀ ਪਾਰਟੀ ਦੇ ਸਮੂਹ ਬਲਾਕ ਪ੍ਰਧਾਨਾਂ ਅਤੇ ਹੋਰ ਅਹੁਦੇਦਾਰਾਂ ਨੇ ਵੀ ਉਕਤ ਸਾਰੀਆਂ ਸ਼ਖਸੀਅਤਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਵਧਾਈ ਦਿੱਤੀ।ਇਸ ਮੌਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਬਲਵਿੰਦਰ ਸਿੰਘ ਖਾਲਸਾ ਅਤੇ ਪਿੰਡ ਭੁੱਲੇ ਚੱਕ ਦੇ ਸਰਪੰਚ ਲਖਵਿੰਦਰ ਸਿੰਘ ਸਮੇਤ ਹੋਰ ਸ਼ਖਸੀਅਤਾਂ ਨੇ ਕਿਹਾ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਲਕਾ ਇੰਚਾਰਜ ਰਮਨ ਬਹਿਲ ਦੀ ਅਗਵਾਈ ਹੇਠ ਪਿਛਲੇ ਸਾਲਾਂ ਦੌਰਾਨ ਹਲਕੇ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਤੋਂ



ਪ੍ਰਭਾਵਿਤ ਹੋ ਕੇ ਇਸ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਪਿੰਡ ਭੁੱਲੇ ਚੱਕ ਦੇ ਵਿਕਾਸ ਵਿੱਚ ਵੀ ਵੱਡੀਆਂ ਕਮੀਆਂ ਰਹੀਆਂ ਹਨ ਜਿਸ ਦੇ ਚਲਦਿਆਂ ਉਨ੍ਹਾਂ ਨੇ ਹੁਣ ਪਿੰਡ ਦੇ ਭਵਿੱਖ ਨੂੰ ਹੋਰ ਬਿਹਤਰ ਬਣਾਉਣ ਲਈ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ। ਇਸ ਮੌਕੇ ਹਲਕਾ ਇੰਚਾਰਜ ਰਮਨ ਬਹਿਲ ਨੇ ਕਿਹਾ ਕਿ ਉਹ ਪਿੰਡ ਭੁੱਲੇ ਚੱਕ ਦੇ ਲੋਕਾਂ ਦੀਆਂ ਉਮੀਦਾਂ ਤੇ ਵੀ ਖਰੇ ਉਤਰਨਗੇ ਅਤੇ ਇਸ ਪਿੰਡ ਦੇ ਲੋਕਾਂ ਦੀ ਮੰਗ ਅਤੇ ਲੋੜ ਅਨੁਸਾਰ ਹਰ ਤਰ੍ਹਾਂ ਦੀ ਸੁਵਿਧਾ ਉਪਲਬਧ ਕਰਵਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਦੇ 21 ਜ਼ੋਨਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ 3 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਰਿੰਦਰ ਸਿੰਘ, ਨਰਿੰਦਰ ਸਿੰਘ, ਪਵਨ ਕੁਮਾਰ, ਸੁੱਚਾ ਸਿੰਘ ਮੁਲਤਾਨੀ, ਭਾਰਤ ਭੂਸ਼ਣ ਸ਼ਰਮਾ, ਵਿੱਕੀ, ਸੁਖਬੀਰ ਸਿੰਘ ਸਰਪੰਚ ਗੋਹਤ, ਦਿਲਬਾਗ ਸਿੰਘ ਸਰਪੰਚ ਪੰਧੇਰ ਅਤੇ ਸੰਦੀਪ ਸਿੰਘ ਸਰਪੰਚ ਪਿੰਡ ਤਿੱਬੜੀ ਨੇ ਉਕਤ ਸਾਰੇ ਮੁਹਤਬਰਾਂ ਅਤੇ ਪੰਚਾਇਤ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਨਿੱਘਾ ਸਵਾਗਤ ਕੀਤਾ। ਚੇਅਰਮੈਨ ਬਹਿਲ ਨੇ ਦੱਸਿਆ ਕਿ ਬਲਵਿੰਦਰ ਸਿੰਘ ਖਾਲਸਾ, ਲਖਵਿੰਦਰ ਸਿੰਘ ਸਰਪੰਚ, ਕੈਪਟਨ ਪ੍ਰਤਾਪ ਸਿੰਘ ਮੈਂਬਰ, ਸੂਬੇਦਾਰ ਜਸਬੀਰ ਸਿੰਘ ਮੈਂਬਰ, ਲਖਵਿੰਦਰ ਸਿੰਘ ਮੈਂਬਰ, ਜਸਵਿੰਦਰ ਸਿੰਘ ਮੈਂਬਰ, ਕਰਨੈਲ ਸਿੰਘ ਨੰਬਰਦਾਰ, ਜਗਮੋਹਨ ਸਿੰਘ, ਸ੍ਰੀ ਰਾਮ, ਲਖਬੀਰ ਸਿੰਘ, ਕਰਤਾਰ ਚੰਦ, ਕਿਸ਼ੋਰ ਕੁਮਾਰ ਮੈਂਬਰ, ਕੈਪਟਨ ਬਲਵਿੰਦਰ ਸਿੰਘ ਸਾਬਕਾ ਮੈਂਬਰ ਬਲਬੀਰ ਸਿੰਘ ਪ੍ਰਧਾਨ, ਬਲਬੀਰ ਸਿੰਘ ਸਕੱਤਰ, ਲਖਬੀਰ ਸਿੰਘ, ਸੁਖਵਿੰਦਰ ਸਿੰਘ, ਸੰਦੀਪ ਸਿੰਘ, ਨਿਸ਼ਾਨ ਸਿੰਘ, ਹਰਪ੍ਰੀਤ ਸਿੰਘ, ਕੈਪਟਨ ਮਹਿੰਦਰ ਸਿੰਘ, ਦਰਸ਼ਨ ਸਿੰਘ, ਬਲਵੀਰ ਸਿੰਘ, ਸਤਨਾਮ ਸਿੰਘ ਜਗੀਰ ਸਿੰਘ, ਕਰਨੈਲ ਸਿੰਘ ਆਦਿ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਸ਼ਾਮਿਲ ਹੋਏ ਹਨ।

# ਨਾਟਕ ਤੇ ਗਜ਼ਲਾਂ ਦੀ ਸ਼ਾਨਦਾਰ ਪੇਸ਼ਕਾਰੀ ਦੇ ਨਾਂਅ ਰਿਹਾ ਯੁਵਕ ਮੇਲੇ ਦਾ ਦੂਜਾ ਦਿਨ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ 4-ਰੋਜ਼ਾ ਰਾਜ ਪੱਧਰੀ ਅੰਤਰ-ਵਰਸਿਟੀ ਯੁਵਕ ਮੇਲੇ ਦੇ ਦੂਜੇ ਦਿਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ (ਡਾ.) ਸਤਬੀਰ ਸਿੰਘ ਗੋਸਲ ਬਤੌਰ ਵਿਸ਼ੇਸ਼ ਮਹਿਮਾਨ ਪੁੱਜੇ ਅਤੇ ਯੁਵਕ ਸੇਵਾਵਾਂ ਵਿਭਾਗ ਦੀ ਸਰਪ੍ਰਸਤੀ ਹੇਠ ਕਰਵਾਏ ਜਾ ਰਹੇ ਇਸ 4 ਰੋਜ਼ਾ ਯੁਵਕ ਮੇਲੇ ਦੇ ਆਯੋਜਨ ਦੀ ਸ਼ਲਾਘਾ ਕੀਤੀ।

ਵਿਭਾਗ ਦੇ ਡਿਪਟੀ ਡਾਇਰੈਕਟਰ ਅਤੇ ਮੈਡਮ ਰੁਪਿੰਦਰ ਕੌਰ ਵੱਲੋਂ ਵਾਈਸ ਚਾਂਸਲਰ ਨੂੰ ਯੂਨੀਵਰਸਿਟੀ ਦੇ ਵਿਹੜੇ ਵਿੱਚ ਪੁੱਜਣ ਤੇ ਜੀ-ਆਇਆਂ-ਜੀ ਆਖਦਿਆਂ ਵੱਖ-ਵੱਖ ਸਟੇਜਾਂ ਤੇ ਚੱਲ ਰਹੇ ਮੁਕਾਬਲਿਆਂ ਦੀ ਪੇਸ਼ਕਾਰੀਆਂ ਦਾ ਅਨੰਦ ਮਾਣਿਆ।

ਯੁਵਕ ਮੇਲੇ ਦੇ ਦੂਜੇ ਦਿਨ ਨਾਟਕਾਂ ਦੀ ਪੇਸ਼ਕਾਰੀਆਂ ਕੀਤੀਆਂ ਗਈਆਂ ਅਤੇ ਪੰਜਾਬ ਦੇ ਪ੍ਰਸਿੱਧ ਕਿੱਸੇ-ਕਹਾਣੀਆਂ ਨੂੰ ਆਪਣੀ ਪੇਸ਼ਕਾਰੀ ਨਾਲ ਖੂਬਸੂਰਤ ਅੰਦਾਜ਼ ਵਿੱਚ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਜਿਨ੍ਹਾਂ ਵਿੱਚ ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਭਾਰਤ-ਪਾਕ ਵੰਡ ਦੇ ਦਰਦ ਆਦਿ ਸ਼ਾਮਿਲ ਸਨ।ਇਨ੍ਹਾਂ ਨਾਟਕਾਂ ਦਾ ਵਿਦਿਆਰਥੀਆਂ ਅਤੇ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ ਅਤੇ ਭਵਿੱਖ ਦੇ ਕਲਾਕਾਰਾਂ ਦੀ ਅਦਾਕਾਰੀ ਦੀ ਪ੍ਰਸ਼ੰਸਾ ਕੀਤੀ।ਗਜਲ ਦੇ ਮੁਕਾਬਲਿਆਂ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਦੇ ਕਲਾਕਾਰਾਂ ਨੇ ਗਜ਼ਲਾਂ ਰਾਹੀਂ ਮੰਤਰ-ਮੁਗਧ ਕੀਤਾ ਅਤੇ ਉਪਰੰਤ ਪੰਜਾਬੀ ਲੋਕ-ਗੀਤਾਂ ਦੀ ਜੋਸ਼ੀਲੀ ਪੇਸ਼ਕਾਰੀ ਰਾਹੀਂ ਯੁਵਕ ਮੇਲੇ ਦੀ ਸ਼ਾਮ ਨੂੰ ਯਾਦਗਾਰ ਬਣਾਇਆ।ਯੁਵਕ ਮੇਲੇ ਦੌਰਾਨ ਮੁਹਾਵਰੇਦਾਰ ਵਾਰਤਾਲਾਪ, ਲਘੂ-ਚਲਚਿੱਤਰ ਅਤੇ ਫਾਈਨ-ਆਰਟਸ ਦੇ ਮੁਕਾਬਲੇ ਵੀ ਕਰਵਾਏ ਗਏ।

ਦੂਜੇ ਦਿਨ ਦੇ ਮੁਕਾਬਲਿਆਂ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਸਰਦਾਰੀ ਰਹੀ।ਦੂਜੇ ਦਿਨ ਦੇ ਮੁਕਾਬਲਿਆਂ ਦੀ ਸਮਾਪਤੀ ਉਪਰੰਤ ਯੂਨੀਵਰਸਿਟੀਆਂ ਦੇ ਉੱਭਰਦੇ ਗਾਇਕਾਂ ਵੱਲੋਂ ਆਪਣੀ ਗਾਇਕੀ ਦਾ ਮੁਜ਼ਾਹਰਾ ਕੀਤਾ।

# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਬੜੇ ਉਤਸ਼ਾਹ ਨਾਲ ਮਨਾਇਆ 'ਦਾਦਾ-ਦਾਦੀ ਡੇ-2025'

**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿਖੇ ਦਾਦਾ-ਦਾਦੀ ਡੇ-2025 ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿੱਚ ਪਰਿਵਾਰ ਦੀਆਂ ਜੜ੍ਹਾਂ ਨੂੰ ਸਮਰਪਿਤ ਥੀਮ ਨੂੰ ਅਪਣਾਇਆ ਗਿਆ।ਇਸ ਸਮਾਗਮ ਵਿੱਚ 2000 ਤੋਂ ਵੱਧ ਮਾਤਾ-ਪਿਤਾ ਅਤੇ ਦਾਦਾ-ਦਾਦੀ/ਨਾਨਾ-ਨਾਨੀ ਨੇ ਉਤਸ਼ਾਹਪੂਰਵਕ ਭਾਗ ਲਿਆ, ਜਿਸ ਨਾਲ ਇਹ ਸਾਲ ਦਾ ਸਭ ਤੋਂ ਵੱਧ ਯਾਦਗਾਰ ਪ੍ਰੋਗ੍ਰਾਮਾਂ ਵਿੱਚੋਂ ਇੱਕ ਬਣ ਗਿਆ।ਪ੍ਰੀ-ਨਰਸਰੀ ਤੋਂ ਕਲਾਸ 6 ਤੱਕ ਦੇ ਵਿਦਿਆਰਥੀਆਂ ਨੇ ਰੰਗੀਨ ਅਤੇ ਆਕਰਸ਼ਕ ਪ੍ਰੋਗ੍ਰਾਮਾਂ ਦੇ ਜ਼ਰੀਏ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।




ਇਸ ਸਮਾਗਮ ਵਿੱਚ ਰਮੇਸ਼ ਲਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਸੋਪੋਰ ਬਾਰਾਮੂਲਾ; ਡਾ. ਸ਼ੋਭਾ ਪਰਾਸ਼ਰ, ਪ੍ਰਿੰਸੀਪਲ ਰਾਮ ਚੋਪੜਾ; ਸਤੀਸ਼ ਮਹਿੰਦਰੂ, ਚੇਅਰਮੈਨ ਦਿ ਹਿੰਦੂ ਅਰਬਨ ਕੋ-ਓਪਰੇਟਿਵ ਬੈਂਕ, ਪਠਾਨਕੋਟ ਹਾਜ਼ਰ ਹੋਏ। ਸਮਾਗਮ ਵਿੱਚ ਸੰਗੀਤ ਸੰਧਿਆ, ਬ੍ਰਾਸ ਬੈਂਡ, ਵੈਸਟਰਨ ਡਾਂਸ, ਸਪੋਰਟਸ ਡਾਂਸ, ਬੈਲੀ, ਥੀਅਟਰ ਪਲੇ, ਅਰੇਬੀਅਨ ਡਾਂਸ, ਕੰਟੈਂਪਰੇਰੀ ਡਾਂਸ, ਦੇਸ਼ਭਗਤੀ, ਕਥਕ, ਯੋਗ, ਪ੍ਰਾਪ ਡਾਂਸ ਅਤੇ ਭੰਗੜਾ ਆਦਿ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਦਾਦਾ-ਦਾਦੀ/ਨਾਨਾ-ਨਾਨੀ ਪ੍ਰਤੀ ਪਿਆਰ, ਸਨਮਾਨ ਅਤੇ ਦੇਖਭਾਲ ਦੇ ਮੁੱਲਾਂ ਨੂੰ ਉਭਾਰਨਾ ਕਰਨਾ ਸੀ ਜੋ ਹਰ ਪਰਿਵਾਰ ਦੀ ਨੈਤਿਕ ਨੀਂਹ ਅਤੇ ਮਾਰਗਦਰਸ਼ਕ ਹੁੰਦੇ ਹਨ। ਸਮਾਗਮ ਦੇ ਅੰਤ ਵਿੱਚ ਵਿਸ਼ੇਸ਼ ਮਹਿਮਾਨ ਰਮੇਸ਼ ਲਾਲ ਨੇ ਕਿਹਾ ਕਿ ਦਾਦਾ-ਦਾਦੀ ਹਰ ਘਰ ਦੀ ਸ਼ਕਤੀ ਅਤੇ ਗਿਆਨ ਦੇ ਸਤੰਭ ਹੁੰਦੇ ਹਨ।ਉਨ੍ਹਾਂ ਦਾ ਸਨਮਾਨ ਕਰਨਾ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਆਸ਼ੀਰਵਾਦ ਅਤੇ ਪਿਆਰ ਦੀ ਕਦਰ ਕਰਨਾ ਸਿਖਾਉਂਦਾ ਹੈ।ਡਾ. ਸ਼ੋਭਾ ਪਰਾਸ਼ਰ ਨੇ ਕਿਹਾ ਕਿ ਇਹ ਦਿਨ ਸਕੂਲ ਵੱਲੋਂ ਬੱਚਿਆਂ ਵਿੱਚ ਪਰਿਵਾਰਕ ਮੁੱਲਾਂ ਨੂੰ ਸੰਭਾਲਣ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਸ੍ਰੀ ਸਤੀਸ਼ ਮਹਿੰਦਰੂ ਨੇ ਕਿਹਾ ਕਿ ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਅਤੇ ਬੜਿਆਂ ਦੀ ਵਿਰਾਸਤ ਦਾ ਸਨਮਾਨ ਕਰਨ ਵਾਲੇ ਇਸ ਸਮਾਗਮ ਦਾ ਹਿੱਸਾ ਬਣ ਕੇ ਮੈਂ ਮਾਣ ਮਹਿਸੂਸ ਕਰਦਾ ਹਾਂ।ਅਖਿਰ ਵਿੱਚ ਨਿਦੇਸ਼ਕ ਸਨੀ ਮਹਾਜਨ, ਨਿਦੇਸ਼ਕ ਓਸ਼ਿਨ ਮਹਾਜਨ ਅਤੇ ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਸਾਨੂੰ ਵਿਦਿਆਰਥੀਆਂ ਦੀ ਹਰ ਪੇਸ਼ਕਾਰੀ 'ਤੇ ਮਾਣ ਹੈ।ਦਾਦਾ-ਦਾਦੀ ਡੇ ਸਿਰਫ ਇੱਕ ਉਤਸਵ ਨਹੀਂ, ਸਗੋਂ ਪ੍ਰੇਮ, ਗਿਆਨ ਅਤੇ ਸੰਸਕਾਰਾਂ ਦੀ ਯਾਦ ਦਿਲਾਉਂਦਾ ਹੈ ਜੋ ਦਾਦਾ-ਦਾਦੀ/ਨਾਨਾ-ਨਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿੰਦੇ ਹਨ।ਅਸੀਂ ਇਹ ਵਿਸ਼ਵਾਸ ਰੱਖਦੇ ਹਾਂ ਕਿ ਬੁਜ਼ੁਰਗਾਂ ਨੂੰ ਪਿਆਰ, ਸਨਮਾਨ ਅਤੇ ਸਾਥ

# ਟੀਸੀ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵਿਖੇ ਸਾਲਾਨਾ ਸਮਾਗਮ ਸਫਲਤਾਪੂਰਵਕ ਸੰਪੰਨ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਟੀਸੀ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਨੇ ਇੱਕ ਸ਼ਾਨਦਾਰ ਸਾਲਾਨਾ ਸਮਾਗਮ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਡਾ. ਹਰਜਿੰਦਰ ਸਿੰਘ (ਆਈਏਐੱਸ), ਏਡੀਸੀ (ਜੀ), ਅਤੇ ਮਹਿਮਾਨ ਡਾ. ਅਮਿਤ ਕੌਲਟਸ (ਚੇਅਰਪਰਸਨ, ਸਿੱਖਿਆ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਅਤੇ ਡਾ. ਦੀਪਾ ਸਿਕੰਦ ਕੌਲਟਸ (ਮੁਖੀ, ਸਿੱਖਿਆ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੁਆਰਾ ਦੀਵਾ ਜਗਾਉਣ ਨਾਲ ਹੋਈ।ਵਿਸ਼ੇਸ਼ ਮਹਿਮਾਨਾਂ ਨੇ ਐੱਸ. ਮੋਹਨ ਸਿੰਘ (ਡਿਪਟੀ ਸੁਪਰਡੈਂਟ ਆਫ਼ ਪੁਲਸ, ਸਿਟੀ ਗੁਰਦਾਸਪੁਰ), ਐੱਸ. ਗੁਰਵਿੰਦਰ ਸਿੰਘ (ਡਿਪਟੀ ਸੁਪਰਡੈਂਟ ਆਫ਼ ਪੁਲਸ, ਕਲਾਨੌਰ), ਅਤੇ ਇੰਸਪੈਕਟਰ ਅਮਨਦੀਪ ਕੌਰ (ਮਹਿਲਾ ਸੈੱਲ) ਦੀ ਮੌਜੂਦਗੀ ਨਾਲ ਸਮਾਗਮ ਦੀ ਸ਼ੋਭਾ ਵਧਾਈ।ਇਸ ਮੌਕੇ ਵਿਦਿਆਰਥੀਆਂ ਨੇ ਮਨਮੋਹਕ ਨਾਚ, ਗੀਤ, ਸਕਿਟ ਅਤੇ ਕਰਾਟੇ (ਸਵੈ-ਰੱਖਿਆ) ਪ੍ਰਦਰਸ਼ਨ ਪੇਸ਼ ਕਰਕੇ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਸਾਰੇ ਪ੍ਰੋਗਰਾਮ ਸਮਾਜਿਕ ਸੰਦੇਸ਼ਾਂ ਨਾਲ ਭਰੇ ਹੋਏ ਸਨ ਜਿਵੇਂ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵ, ਦੇਸ਼ ਭਗਤੀ, ਨਸ਼ਾ ਵਿਰੋਧੀ ਵਿਵਹਾਰ, ਪਰਿਵਾਰਕ ਕਦਰਾਂ-ਕੀਮਤਾਂ, ਵਿਦਿਆਰਥੀ-ਅਧਿਆਪਕ ਸਬੰਧ ਅਤੇ ਪੀੜ੍ਹੀ ਦੇ ਪਾੜੇ ਵਰਗੇ ਮਹੱਤਵਪੂਰਨ ਮੁੱਦਿਆਂ ਨੂੰ ਵਿਦਿਆਰਥੀਆਂ ਨੇ ਸਟੇਜ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਅਤੇ ਪ੍ਰਿੰਸੀਪਲ ਜਯੰਤ ਸ਼ਰਮਾ ਨੇ ਆਪਣੇ ਸੰਬੋਧਨਾਂ ਵਿੱਚ ਸਾਲਾਨਾ ਤਿਉਹਾਰ ਦੀ ਮਹੱਤਤਾ ਤੇ





ਚਾਨਣਾ ਪਾਇਆ। ਉਨ੍ਹਾਂ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ ਦੀ ਪ੍ਰਸ਼ੰਸਾ ਕੀਤੀ ਅਤੇ ਪ੍ਰੋਗਰਾਮ ਦੀ ਸਫਲਤਾ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਸ਼ੈਰੀ ਕਲਸੀ ਨੇ ਦਹਾਕਿਆਂ ਤੋਂ ਵੱਟੇ ਖਾਤੇ ਪਏ ਲੋਕ ਮਸਲੇ ਹੱਲ ਕਰਵਾਏ : ਅੰਮ੍ਰਿਤ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਵਾਸੀਆਂ ਦੀ ਮੁਸ਼ਕਿਲਾਂ ਹੱਲ ਕਰਨ ਦੇ ਨਾਲ ਵਿਕਾਸ ਕਾਰਜ ਜਾਰੀ ਹਨ ਅਤੇ ਦਹਾਕਿਆਂ ਤੋਂ ਲੋਕਾਂ ਦੇ ਲਮਕੇ ਮਸਲੇ ਹੱਲ ਕਰਵਾਏ ਗਏ ਹਨ।ਇਹ ਪ੍ਰਗਟਾਵਾ ਅੰਮ੍ਰਿਤ ਕਲਸੀ ਭਰਾ ਵਿਧਾਇਕ ਸ਼ੈਰੀ ਕਲਸੀ ਨੇ ਦਫਤਰ ਨਗਰ ਨਿਗਮ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ।ਇਸ ਮੌਕੇ ਸ਼ਹਿਰ ਦੀਆਂ ਵੱਖ-



ਵੱਖ ਸਖਸ਼ੀਅਤਾਂ ਮੌਜੂਦ ਸਨ।ਸ. ਕਲਸੀ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼ਹਿਰ ਵਾਸੀਆਂ ਦੀਆਂ ਮੁਸ਼ਕਲ ਸੁਣੀਆਂ ਗਈਆਂ ਹਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਧਿਆਨ ਵਿੱਚ ਲਿਆ ਕੇ ਮੁਸ਼ਕਿਲਾਂ ਦਾ ਨਿਪਟਾਰਾ ਕਰਵਾਇਆ ਜਾਵੇਗਾ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਹਿਰ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਂਦਿਆਂ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਉਪਰਾਲਾ ਕੀਤਾ ਹੈ ਅਤੇ ਕਰੀਬ 27 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਮਨਜ਼ੂਰ ਕਰਵਾਇਆ ਗਿਆ ਹੈ, ਜਿਸ ਨਾਲ 50 ਹਜ਼ਾਰ ਤੋਂ ਵੱਧ ਪਰਿਵਾਰਾਂ ਨੂੰ ਪੀਣ ਵਾਲਾ ਸਾਫ ਤੇ ਸ਼ੁੱਧ ਪਾਣੀ ਮੁਹੱਈਆ ਹੋਵੇਗਾ।ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਹੋ ਗਿਆ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।ਸ਼ਹਿਰ ਵਿਚਲੀਆਂ ਸੜਕਾਂ ਤੇ ਲਾਈਟਾਂ ਲਗਾਈਆਂ ਜਾ ਰਹੀਆਂ ਹਨ।ਸ਼ਹਿਰ ਵਿਚਲੇ ਚੌਂਕ ਖੁੱਲੇ ਕੀਤੇ ਹਨ ਅਤੇ ਸੜਕਾਂ ਚੌੜੀਆਂ ਹੋਣ ਨਾਲ ਆਵਾਜਾਈ ਸੁਖਾਲੀ ਹੋਈ ਹੈ।ਸ਼ਹਿਰ ਵਿਚ ਲੋਕਾਂ ਦੀ ਸਹੂਲਤ ਲਈ ਖੋਲੇ ਗਏ ਮੁਹੱਲਾ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ ਅਤੇ ਵੱਖ-ਵੱਖ ਵਿਕਾਸ ਕਾਰਜ ਜਾਰੀ ਹਨ।

# ਵਿਸ਼ਵ ਏਡਜ਼ ਦਿਵਸ ਮੌਕੇ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਵਾਇਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਵਿਸ਼ਵ ਏਡਜ਼ ਦਿਵਸ ਦੇ ਮੌਕੇ ਵਿਸ਼ੇਸ਼ ਸੈਮੀਨਾਰ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੀ ਪ੍ਰਧਾਨਗੀ ਹੇਠ ਟ੍ਰੇਨਿੰਗ ਹਾਲ ਗੁਰਦਾਸਪੁਰ ਵਿਚ ਕਰਵਾਇਆ ਗਿਆ। ਸੀਜੇਐੱਮ ਗੁਰਦਾਸਪੁਰ ਹਰਪ੍ਰੀਤ ਸਿੰਘ ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ।ਸਮਾਰੋਹ ਦਾ ਮਕਸਦ ਸਮਾਜ ਵਿੱਚ ਐੱਚ. ਆਈ. ਵੀ/ਏਡਜ਼ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਰੋਕਥਾਮ ਤੇ ਇਲਾਜ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ।

ਇਸ ਮੌਕੇ ਜੱਜ ਹਰਪ੍ਰੀਤ ਸਿੰਘ ਨੇ ਕਿਹਾ ਕਿ ਏਡਜ਼ ਪ੍ਰਤੀ ਜਾਗਰੂਕਤਾ ਜ਼ਰੂਰੀ ਹੈ।ਏਡਜ਼ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।ਐੱਚਆਈਵੀ/ਏਡਜ਼ ਬਾਰੇ ਸਹੀ ਜਾਣਕਾਰੀ ਅਤੇ ਸਮੇਂ 'ਤੇ ਟੈਸਟਿੰਗ ਇਸ ਬੀਮਾਰੀ ਨਾਲ ਲੜਨ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੈ।




ਜਾਗਰੂਕਤਾ ਪ੍ਰੋਗਰਾਮ ਜ਼ਰੀਏ ਦੌਰਾਨ ਯੁਵਾ ਵਰਗ ਨੂੰ ਜਾਗਰੂਕ ਕਰਨ 'ਤੇ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ।ਜ਼ਿਲ੍ਹਾ ਪਰਿਵਾਰ ਭਲਾਈ ਆਫਸਰ ਡਾਕਟਰ ਤੇਜਿੰਦਰ ਕੌਰ ਨੇ ਕਿਹਾ ਕਿ ਸਰਕਾਰ ਵੱਲੋਂ ਚੱਲ ਰਹੀਆਂ ਵੱਖ-ਵੱਖ ਯੋਜਨਾਵਾਂ ਜਿਵੇਂ ਕਿ ਮੁਫ਼ਤ ਐੱਚਆਈਵੀ ਟੈਸਟਿੰਗ, ਕਾਊਂਸਲਿੰਗ ਅਤੇ ਦਵਾਈਆਂ ਪ੍ਰਤੀ ਲੋਕਾਂ ਨੂੰ ਜਾਣੂ ਕਰਵਾਉਣਾ ਸਮਾਜਕ ਜ਼ਿੰਮੇਵਾਰੀ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਲਾਜ-ਝਿਜਕ ਤੋਂ ਬਿਨਾਂ ਆਪਣੇ ਨੇੜਲੇ ਸਿਹਤ ਕੇਂਦਰ ਤੇ ਜਾ ਕੇ ਟੈਸਟ ਕਰਵਾਉਣ ਅਤੇ ਜ਼ਰੂਰੀ ਸਲਾਹ ਲੈਣ।ਅੰਤ 'ਚ ਸਭ ਨੂੰ ਮਿਲ ਕੇ ਐੱਚਆਈਵੀ/ਏਡਜ਼ ਮੁਕਤ ਸਮਾਜ ਬਣਾਉਣ ਦੀ ਕਸਮ ਖਵਾਈ ਗਈ ਅਤੇ ਸਮਾਰੋਹ ਨੂੰ ਸਫਲ ਬਣਾਉਣ ਲਈ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

ਜ਼ਿਲਾ ਤਪਦਿਕ ਅਧਿਕਾਰੀ ਡਾਕਟਰ ਸੁਚੇਤਨ ਅਬਰੋਲ ਨੇ ਕਿਹਾ ਕਿ ਸਮੂਹ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਐੱਚਆਈਵੀ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।ਸਮੂਹ ਰੋਗੀਆਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।ਉਨ੍ਹਾਂ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।ਇੱਸ ਮੌਕੇ ਅੰਜੂ ਬਾਲਾ, ਰਜਨੀ, ਵਰਿੰਦਰ ਆਦਿ ਹਾਜ਼ਰ ਸਨ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਪਾਲਕੀ ਸਾਹਿਬ ਵਾਲੀ ਗੱਡੀ ਭੇਟ

ਮੋਹਾਲੀ (ਗੁਰਜੀਤ ਬਿੱਲਾ)-ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਾਨੀ ਸੱਜਣ ਵੱਲੋਂ ਨਗਰ ਕੀਰਤਨ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਬਿਰਾਜਮਾਨ ਕਰਨ ਲਈ ਸੁੰਦਰ ਆਲੀਸ਼ਾਨ ਪਾਲਕੀ ਸਾਹਿਬ ਵਾਲੀ ਗੱਡੀ ਭੇਟ ਕੀਤੀ ਗਈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਦਾਨੀ ਸੱਜਣ ਇਸ ਪਾਲਕੀ ਸਾਹਿਬ ਵਾਲੀ ਗੱਡੀ ਦੀ ਚਾਬੀ ਵਿੱਚ ਲਗਾ ਕੇ ਗੁਰਦੁਆਰਾ ਸਾਹਿਬ ਵਿਖੇ ਦਫਤਰ ਦੇ ਬਿਲਕੁਲ ਨੇੜੇ ਖੜ੍ਹੀ ਕਰਕੇ ਬਿਨਾਂ ਕਿਸੇ ਨੂੰ ਦੱਸੇ ਚਲਾ ਗਿਆ। ਉਨ੍ਹਾਂ ਦੱਸਿਆ ਕਿ ਪਹਿਰੇਦਾਰ ਵੱਲੋਂ ਜਾਣਕਾਰੀ ਦੇਣ ਤੇ ਜਦੋਂ ਪ੍ਰਬੰਧਕਾਂ ਨੇ ਦੇਖਿਆ ਗੱਡੀ ਦੇ ਸਾਰੇ ਕਾਗਜ਼ਾਤ, ਬੀਮਾ



ਆਦਿ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਨਾਂਅ ਤੇ ਹੈ। ਪਾਲਕੀ ਸਾਹਿਬ ਵਾਲੀ ਗੱਡੀ ਦੀ ਚੈਸੀ ਸਮੇਤ ਕੁਲ ਅੰਦਾਜ਼ਨ ਕੀਮਤ 29 ਲੱਖ ਰੁਪਏ ਦੇ ਕਰੀਬ ਹੈ। ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵੱਲੋਂ ਇਕੱਠੇ ਹੋ ਕੇ ਕੜਾਹਿ ਪ੍ਰਸ਼ਾਦਿ ਦੀ ਦੇਗ ਸਜ਼ਾ ਕੇ ਅਰਦਾਸੀਆ ਸਿੰਘ ਤੋਂ ਦਾਨੀ ਸੱਜਣ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਈ ਗਈ।

# ਟਰੈਕਟਰ ਟਰਾਲੀ 'ਤੇ ਨੌਜਵਾਨਾਂ ਵੱਲੋਂ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਆਰੰਭ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਲਾਲੂ ਘੁੰਮਣ ਤੋਂ ਟਰੈਕਟਰ ਟਰਾਲੀ ਉੱਪਰ ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨ ਕਰਨ ਲਈ ਨੌਜਵਾਨਾਂ ਦਾ ਜਥਾ ਰਵਾਨਾ ਹੋਇਆ। ਅੰਮ੍ਰਿਤ ਵੇਲੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਵੱਲੋਂ ਅਰਦਾਸ ਬੇਨਤੀ ਕਰਕੇ ਪਿੰਡ ਵਾਲਿਆਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਗੂੰਜਾਂ ਵਿੱਚ ਨੌਜਵਾਨਾਂ ਨੂੰ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਲਈ ਤੋਰਿਆ। ਇਹ ਜਥਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ ਕੀ), ਤਖ਼ਤ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਪਟਨਾ ਸਾਹਿਬ), ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਅਤੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ ਤਕਰੀਬਨ ਇੱਕ ਮਹੀਨੇ ਦੀ ਯਾਤਰਾ ਕਰਕੇ




ਵਾਪਸ ਪਰਤੇਗਾ। ਇਸ ਯਾਤਰਾ ਵਿੱਚ ਜਾਣ ਵਾਲੇ ਨੌਜਵਾਨ ਸ਼ਮਸ਼ੇਰ ਸਿੰਘ, ਜੁਗਰਾਜ ਸਿੰਘ, ਮਲਕੀਤ ਸਿੰਘ, ਕਮਲਪ੍ਰੀਤ ਸਿੰਘ, ਸੁਰਜੀਤ ਸਿੰਘ, ਅਰਸ਼ਦੀਪ ਸਿੰਘ, ਸਿਮਰਪਾਲ ਸਿੰਘ, ਜਗਜੀਤ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ ਅਤੇ ਬਿਕਰਮਜੀਤ ਸਿੰਘ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਵਰਲਡ ਏਡਜ਼ ਡੇ ਬਾਰੇ ਕੀਤਾ ਜਾਗਰੂਕ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਵਰਲਡ ਏਡਜ਼ ਡੇ ਤਹਿਤ ਵਿਦਿਆਰਥੀਆਂ ਨੂੰ ਏਡਜ਼ ਬਾਰੇ ਸੁਚੇਤ ਕੀਤਾ ਗਿਆ।ਮੈਡਮ ਜਸਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਏਡਜ਼ ਹੋਣ ਦੇ ਕਾਰਨ ਅਤੇ ਉਸ ਤੋਂ ਬਚਣ ਦੇ ਉਪਾਅ ਬਾਰੇ ਜਾਣਕਾਰੀ ਦਿੱਤੀ ਗਈ।ਇਸੇ ਨਾਲ ਸੰਬੰਧਿਤ ਛੇਵੀਂ ਜਮਾਤ ਵਿੱਚ ਪੋਸਟਰ ਮੇਕਿੰਗ ਐਕਟੀਵਿਟੀ ਕਰਵਾਈ ਗਈ ਅਤੇ ਵਿਦਿਆਰਥੀਆਂ ਨੂੰ ਵੀਡੀਓ ਦਿਖਾ ਕੇ ਇਸ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ।ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਅਨੁਗੀਤ ਬਾਵਾ ਨੇ ਵਿਦਿਆਰਥੀਆਂ ਨੂੰ ਏਡਜ਼ ਤੋਂ ਬਚਣ ਦੇ ਉਪਾਅ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਸਿਹਤ ਸੰਬੰਧੀ ਜਾਗਰੂਕ ਰਹਿਣ ਦੇ ਲਈ ਪ੍ਰੇਰਿਤ ਕੀਤਾ।



# ਨਾਕੇ 'ਤੇ ਮੁੱਠਭੇੜ 'ਚ 2 ਵਿਅਕਤੀ ਜ਼ਖਮੀ, ਪਿਸਤੌਲ ਤੇ ਕਾਰਤੂਸ ਬਰਾਮਦ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਦਰਿਆ ਬਿਆਸ ਨਜ਼ਦੀਕ ਪੈਂਦੇ ਦਊਵਾਲ ਨਾਕੇ ਨਜ਼ਦੀਕ ਬੀਤੀ ਰਾਤ ਇਕ ਸਕੂਟਰੀ 'ਤੇ ਸਵਾਰ ਦੋ ਵਿਅਕਤੀ ਪੁਲਸ ਮੁੱਠਭੇੜ ਵਿਚ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦੋ ਸਕੂਟਰੀ ਸਵਾਰ ਮੁਕੇਰੀਆਂ ਤੋਂ ਗੁਰਦਾਸਪੁਰ ਨੂੰ ਆ ਰਹੇ ਸਨ ਕਿ ਜਦੋਂ ਉਹ ਦਊਵਾਲ ਨਾਕੇ ਨਜ਼ਦੀਕ ਪਹੁੰਚੇ ਤਾਂ ਪੁਲਸ ਨੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ। ਪੁਲਸ ਵੱਲੋਂ ਕੀਤੀ ਜਵਾਬੀ ਫਾਇਰਿੰਗ ਵਿਚ ਦੋਵੇਂ ਸਕੂਟਰੀ ਸਵਾਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਕਤ ਵਿਅਕਤੀਆਂ ਪਾਸੋਂ ਦੋ 30 ਬੋਰ ਪਿਸਤੌਲ ਅਤੇ ਕਾਰਤੂਸ ਬਰਾਮਦ ਕੀਤੇ ਗਏ। ਇਸ ਬਾਰੇ ਐੱਸਪੀ ਹੈੱਡਕੁਆਰਟਰ ਯੁਗਰਾਜ ਸਿੰਘ ਨੇ ਦੱਸਿਆ ਕਿ ਪੁਲਸ ਟੀਮ ਨੇ ਉਨ੍ਹਾਂ ਨੂੰ ਦਊਵਾਲ ਵਿਸ਼ੇਸ਼ ਚੌਕੀ 'ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਸ਼ੱਕੀਆਂ ਨੇ ਪੁਲਸ ਟੀਮ 'ਤੇ ਗੋਲੀਬਾਰੀ ਕਰ ਦਿੱਤੀ। ਜਵਾਬ ਵਿੱਚ ਪੁਲਸ ਨੇ ਮੁਲਜ਼ਮਾਂ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਦੋਵੇਂ ਜ਼ਖਮੀ ਹੋ ਗਏ। ਉਨ੍ਹਾਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪੁਲਸ ਅਧਿਕਾਰੀ ਯੁਗਰਾਜ ਸਿੰਘ ਨੇ ਦੱਸਿਆ ਕਿ ਪੁਲਸ ਪੁੱਛਗਿੱਛ ਕਰ ਰਹੀ ਹੈ ਅਤੇ ਮਹੱਤਵਪੂਰਨ ਜਾਣਕਾਰੀਆਂ ਦਾ ਖੁਲਾਸਾ ਹੋਣ ਦੀ ਸੰਭਾਵਨਾ ਹੈ।

# ਚੋਣਾਂ ਦੌਰਾਨ ਅਸਲਾ ਲਿਜਾਣ 'ਤੇ ਪਾਬੰਦੀ ਦੇ ਹੁਕਮ

ਪਠਾਨਕੋਟ, (ਦਵਿੰਦਰ ਸਿੰਘ)-ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਪੰਜਾਬ ਰਾਜ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ (ਪੰਚਾਇਤ ਸੰਮਤੀ) ਦੀਆਂ ਚੋਣਾਂ, 2025 ਲਈ ਪੋਲਿੰਗ 14 ਦਸੰਬਰ ਨੂੰ ਕਰਵਾਈ ਜਾਣੀ ਹੈ ਅਤੇ 17 ਦਸੰਬਰ ਨੂੰ ਨਤੀਜੇ ਐਲਾਨੇ ਜਾਣੇ ਹਨ।ਇਸ ਲਈ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਜ਼ਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਚੋਣਾਂ ਦੌਰਾਨ ਕਿਸੇ ਵੀ ਅਣ-



ਸੁਖਾਵੀਂ ਘਟਨਾਂ ਨੂੰ ਵਾਪਰਨ ਤੋਂ ਰੋਕਣ ਲਈ ਹਥਿਆਰ ਚੁੱਕ ਕੇ ਚੱਲਣ ਤੇ ਪਾਬੰਦੀ ਹੁਕਮ ਜਾਰੀ ਕੀਤਾ ਜਾਣਾ ਅਤਿ ਜ਼ਰੂਰੀ ਹੈ।ਡਾ. ਪੱਲਵੀ ਆਈਏਐੱਸ, ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਬੀ.ਐੱਨ.ਐੱਸ.ਐੱਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਠਾਨਕੋਟ ਵਿੱਚ ਹੋਣ ਵਾਲੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣ ਪ੍ਰਕ੍ਰਿਆ ਨੂੰ ਸ਼ਾਂਤੀ ਪੂਰਵਕ ਤਰੀਕੇ ਨਾਲ ਮੁਕੰਮਲ ਕਰਵਾਉਣ ਅਤੇ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਬਣਾਏ ਰੱਖਣ ਲਈ ਚੁੱਕ ਕੇ ਚੱਲਣ 'ਤੇ ਪਾਬੰਦੀ ਲਗਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਹ ਹੁਕਮ ਆਰਮੀ ਪਰਸੋਨਲ, ਪੈਰਾ ਮਿਲਟਰੀ ਫੋਰਸਜ਼, ਡਿਊਟੀ ਤੇ ਤਾਇਨਾਤ ਪੁਲਸ ਕਰਮਚਾਰੀ ਅਤੇ ਜ਼ਿਲ੍ਹੇ ਵਿੱਚ ਸਥਿਤ ਬੈਂਕਾਂ ਦੀ ਰਾਖੀ ਕਰਨ ਵਾਲੇ ਅਸਲਾ ਲਾਇਸੰਸੀਆਂ 'ਤੇ ਲਾਗੂ ਨਹੀਂ ਹੋਵੇਗਾ।

# ਪ੍ਰਸ਼ਾਸਨ ਵੱਲੋਂ ਹਫ਼ਤੇ ਅੰਦਰ ਕਾਰਵਾਈ ਕਰਨ ਦੇ ਦਿੱਤੇ ਭਰੋਸੇ ਪਿੱਛੋਂ ਭੱਠਾ ਮਜ਼ਦੂਰਾਂ ਨੇ ਧਰਨਾ ਚੁੱਕਿਆ: ਸੀ ਟੀ ਯੂ ਪੰਜਾਬ

**ਪਠਾਨਕੋਟ (ਦਵਿੰਦਰ ਸਿੰਘ)**-ਭੱਠਾ ਮਜ਼ਦੂਰਾਂ ਦੇ ਮੰਗ ਪੱਤਰ ਉੱਪਰ ਕਾਰਵਾਈ ਨਾ ਕਰਨ ਦੇ ਖਿਲਾਫ ਸੀਟੀਯੂ ਪੰਜਾਬ ਦੀ ਅਗਵਾਈ ਹੇਠ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵਲੋਂ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਵਿਸ਼ਾਲ ਧਰਨਾ-ਪ੍ਰਦਰਸ਼ਨ ਕੀਤਾ। ਪੱਕੇ ਤੌਰ 'ਤੇ ਧਰਨਾ ਲੱਗਦਾ ਦੇਖ ਜ਼ਿਲ੍ਹਾ ਪ੍ਰਸ਼ਾਸਨ ਨੇ ਲੇਬਰ ਵਿਭਾਗ ਦੇ ਲੇਬਰ ਇਨਫੋਰਸਮੈਂਟ ਅਫਸਰ ਮਨੋਜ ਕੁਮਾਰ ਸ਼ਰਮਾ ਅਤੇ ਨਵਦੀਪ ਸਿੰਘ ਨੂੰ ਨਿਯੁਕਤ ਕਰਕੇ ਇੱਕ ਹਫ਼ਤੇ ਅੰਦਰ ਕਾਰਵਾਈ ਕਰਨ ਦਾ ਅਦੇਸ਼ ਦਿੱਤਾ ਗਿਆ ਹੈ।ਸਬੰਧਤ ਅਧਿਕਾਰੀਆਂ ਵੱਲੋਂ ਮਜ਼ਦੂਰਾਂ ਨੂੰ ਧਰਨੇ ਵਿਚ ਪਹੁੰਚ ਕੇ ਭਰੋਸਾ ਦੇਣ ਉਪਰੰਤ ਧਰਨਾ ਸਮਾਪਤ ਕੀਤਾ ਗਿਆ।ਧਰਨੇ ਦੀਆਂ ਮੁੱਖ ਮੰਗਾਂ ਸਨ ਕਿ ਭੱਠਿਆਂ ਉਪਰ ਬਾਥਰੂਮ, ਸ਼ੌਚਾਲਯ, ਬਿਜਲੀ ਸਮੇਤ ਪੱਕੇ ਕੁਆਰਟਰਾਂ ਦਾ ਪ੍ਰਬੰਧ, ਮਿਨੀਮਮ ਵੇਜ ਤੁਰੰਤ ਜਾਰੀ ਕੀਤੀ ਜਾਵੇ, ਕੇਂਦਰ ਸਰਕਾਰ ਵੱਲੋਂ ਮਜ਼ਦੂਰ ਵਿਰੋਧੀ ਜਾਰੀ ਲੇਬਰ ਕੋਡ ਰੱਦ ਕੀਤੇ ਜਾਣ।ਡਿਪਟੀ ਡਾਇਰੈਕਟਰ ਫੈਕਟਰੀਜ਼ ਦੀ ਕਾਰਵਾਈ ਸ਼ੱਕ ਹੋਣ ਕਰਕੇ ਮਜ਼ਦੂਰ ਆਗੂਆਂ ਕਾਮਰੇਡ ਸ਼ਿਵ ਕੁਮਾਰ, ਜਸਵੰਤ ਸਿੰਘ ਬੁੱਟਰ ਅਤੇ ਮਨਹਰਨ ਨੇ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਡਿਪਟੀ ਡਾਇਰੈਕਟਰ ਫੈਕਟਰੀਜ਼ ਦੀ ਕਾਰਗੁਜ਼ਾਰੀ ਦੀ ਪੜਤਾਲ ਕੀਤੀ ਜਾਵੇ। ਧਰਨੇ ਵਿੱਚ ਜੁੜੇ ਔਰਤਾਂ-ਮਰਦਾਂ ਦੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਮੈਂਬਰ ਅਤੇ ਸੈਂਟਰ ਆਫ



ਟਰੇਡ ਯੂਨੀਅਨਜ਼ (ਸੀਟੀਯੂ) ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਭੱਠਾਂ ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਲਈ ਤੇ ਮਜ਼ਦੂਰਾਂ ਨਾਲ ਧ੍ਰੋਹ ਕਰਦਿਆਂ ਚਾਰ ਲੇਬਰ ਕੋਡ ਜਾਰੀ ਕਰਕੇ ਮਜ਼ਦੂਰਾਂ ਦਾ ਯੂਨੀਅਨ ਬਣਾਉਣ ਤੇ ਹੜਤਾਲ ਕਰਨ ਦਾ ਅਧਿਕਾਰ ਖੋਹ ਕੇ ਮਜ਼ਦੂਰਾਂ ਨੂੰ ਗੁਲਾਮੀ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਹੈ।ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਸ਼ਿਵ ਕੁਮਾਰ ਨੇ ਕਿਹਾ ਕਿ ਮੋਦੀ ਸਰਕਾਰ ਆਰਐੱਸਐੱਸ ਦੇ ਇਸ਼ਾਰੇ ਤਹਿਤ ਸਦੀਆਂ ਪੁਰਾਣੀ ਰੂੜੀਵਾਦੀ ਮਨੂੰਵਾਦੀ-ਵਿਚਾਰਧਾਰਾ ਲਾਗੂ ਕਰਕੇ ਦਲਿਤਾਂ ਤੇ ਘੱਟ ਗਿਣਤੀ ਭਾਈਚਾਰੇ ਨੂੰ ਦਬਾਉਣਾ ਚਾਹੁੰਦੀ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਨੇ ਮੋਦੀ ਸਰਕਾਰ ਦੀਆਂ ਇਨ੍ਹਾਂ ਲੋਕ ਵਿਰੋਧੀ ਆਰਥਿਕ ਨੀਤੀਆਂ ਅਤੇ ਰਾਜਨੀਤਕ ਹਮਲਿਆਂ ਖਿਲਾਫ ਇਕਜੁੱਟ ਹੋ ਕੇ ਬੱਝਵਾਂ ਸੰਘਰਸ਼ ਕਰਨ ਦੀ ਲੋੜ ਤੇ ਜ਼ੋਰ ਦਿੱਤਾ।ਮਜ਼ਦੂਰਾਂ ਦੇ ਸਮਰਥਨ ਵਿਚ ਪਹੁੰਚੇ ਸੀਟੀਯੂ ਦੇ ਆਗੂ ਮਾਸਟਰ ਸੁਭਾਸ਼ ਸ਼ਰਮਾ, ਜਮਹੂਰੀ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਬਲਵੰਤ ਸਿੰਘ ਘੋਹ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਰਾਮ ਬਿਲਾਸ ਠਾਕੁਰ ਅਤੇ ਹੋਰ ਹਾਜ਼ਰ ਆਗੂਆਂ ਨੇ ਮਜ਼ਦੂਰਾਂ ਦੇ ਸੰਘਰਸ਼ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਮੰਗਾਂ ਦਾ ਨਿਪਟਾਰਾ ਜਲਦੀ ਨਾ ਕੀਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਏਗਾ।

# ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਆਮ ਚੋਣਾਂ ਦਾ ਸ਼ਡਿਊਲ ਜਾਰੀ

## * ਨੋਮੀਨੇਸਨ ਲਈ ਵੱਖ-ਵੱਖ ਸਥਾਨਾਂ 'ਤੇ ਕੀਤੇ ਗਏ ਪ੍ਰਬੰਧ

ਪਠਾਨਕੋਟ, (ਦਵਿੰਦਰ ਸਿੰਘ)-ਡਾ. ਜਸਵੰਤ ਸਿੰਘ ਬੜੈਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਰਾਜ ਚੋਣ ਕਮਿਸ਼ਨ ਪੰਜਾਬ ਚੰਡੀਗੜ੍ਹ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਆਮ ਚੋਣਾਂ-2025 ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਡਿਊਲ ਅਨੁਸਾਰ 1 ਦਸੰਬਰ 2025 ਤੋਂ ਨੋਮੀਨੇਸ਼ਨ ਭਰਨ ਦਾ ਸਮਾਂ ਸ਼ੁਰੂ ਹੋ ਗਿਆ ਹੈ।ਉਨ੍ਹਾਂ ਦੱਸਿਆ ਕਿ ਨੋਮੀਨੇਸ਼ਨ 4 ਦਸੰਬਰ ਸ਼ਾਮ 3 ਵਜੇ ਤੱਕ ਭਰੇ ਜਾਣਗੇ।5 ਦਸੰਬਰ ਨੂੰ ਸਕਰੂਟੀਨਿੰਗ ਕੀਤੀ ਜਾਵੇਗੀ, ਅਗਰ ਕੋਈ ਉਮੀਦਵਾਰ ਵਿਦਡਰਾਅ ਕਰਨਾ ਚਾਹੁੰਦਾ ਹੈ ਤਾਂ ਉਹ 6 ਦਸੰਬਰ ਸਾਮ 3 ਵਜੇ ਤੱਕ ਕਰ ਸਕਦਾ ਹੈ।ਉਨ੍ਹਾਂ ਦੱਸਿਆ ਕਿ 14 ਦਸੰਬਰ ਨੂੰ ਵੋਟਿੰਗ ਹੋਵੇਗੀ ਅਤੇ 17 ਦਸੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ ਇਸ ਤਰ੍ਹਾਂ ਨਾਲ 19 ਦਸੰਬਰ ਨੂੰ ਚੋਣ ਪ੍ਰਕਿਰਿਆ ਸਮਾਪਤ ਕਰ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਪਠਾਨਕੋਟ ਲਈ ਨੋਮੀਨੇਸ਼ਨ ਭਰਨ ਲਈ ਕਮਰਾ ਨੰਬਰ 101 ਬੀ-ਬਲਾਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ, ਪੰਚਾਇਤ ਸੰਮਤੀ ਬਮਿਆਲ ਲਈ ਆਈਟੀਆਈ ਬਮਿਆਲ, ਪੰਚਾਇਤ ਸੰਮਤੀ ਨਾਰਮਲਾਂ ਲਈ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਧਾਰਕਲਾਂ ਵਿਖੇ, ਪੰਚਾਇਤ ਸੰਮਤੀ ਘਰੋਟਾ ਲਈ ਪੀ.ਐੱਸ.ਪੀ.ਸੀ.ਐੱਲ. ਦਫਤਰ ਢਾਂਗੂ ਰੋਡ ਪਠਾਨਕੋਟ, ਪੰਚਾਇਤ ਸੰਮਤੀ ਨਰੋਟ ਜੈਮਲ ਸਿੰਘ ਲਈ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਨਰੋਟ ਜੈਮਲ ਸਿੰਘ, ਪੰਚਾਇਤ ਸੰਮਤੀ ਪਠਾਨਕੋਟ ਲਈ ਐੱਸਡੀਐੱਮ ਦਫਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ, ਪੰਚਾਇਤ ਸੰਮਤੀ ਸੁਜਾਨਪੁਰ ਲਈ ਦਫਤਰ ਐਕਸੀਅਨ ਮੰਡੀ ਬੋਰਡ ਪਠਾਨਕੋਟ ਨਜ਼ਦੀਕ ਸਬਜ਼ੀ ਮੰਡੀ ਪਠਾਨਕੋਟ ਸਥਾਨ ਨਿਰਧਾਰਤ ਕੀਤੇ ਗਏ ਹਨ।

# ਮਹਾਰਾਜਾ ਗੈਸ ਸਰਵਿਸ ਦੇ ਮੁਲਾਜ਼ਮ ਕੋਲੋਂ 40 ਹਜ਼ਾਰ ਰੁਪਏ ਲੁੱਟੇ

ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਖਡੂਰ ਸਾਹਿਬ ਵਿਖੇ ਗੈਸ ਦੀ ਸਪਲਾਈ ਕਰਨ ਜਾ ਰਹੇ ਮੁਲਾਜ਼ਮ ਕੋਲੋਂ ਮੋਟਰਸਾਈਕਲ ਸਵਾਰ ਹਥਿਆਰਬੰਦ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ 40 ਹਜ਼ਾਰ ਰੁਪਏ ਦੀ ਲੁੱਟ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆ ਮਹਾਰਾਜਾ ਗੈਸ ਸਰਵਿਸ ਦੇ ਮਾਲਕ ਅਮਰਿੰਦਰ ਸਿੰਘ ਅਤੇ ਮੈਨੇਜਰ ਕਾਬਲ ਸਿੰਘ ਨੇ ਦੱਸਿਆ ਕਿ ਬੀਤੇ ਸ਼ਨੀਵਾਰ ਦੀ ਦੇਰ ਸ਼ਾਮ ਸਾਡੀ ਕੰਪਨੀ ਦਾ ਮੁਲਾਜ਼ਮ ਕਰਨਬੀਰ ਸਿੰਘ ਵੱਖ-ਵੱਖ ਖੇਤਰ ਵਿੱਚ ਗੈਸ ਸਪਲਾਈ



ਕਰਕੇ ਜਦ ਖਡੂਰ ਸਾਹਿਬ ਪੁੱਜਾ ਤਾਂ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਤੇਜ਼ਧਾਰ ਹਥਿਆਰ ਅਤੇ ਪਿਸਤੌਲ ਦਿਖਾ ਕੇ 40 ਹਜ਼ਾਰ ਰੁਪਏ ਦੀ ਲੁੱਟ ਕਰਕੇ ਫਰਾਰ ਹੋ ਗਏ।ਗੈਸ ਏਜੰਸੀ ਦੇ ਮਾਲਕ ਨੇ ਦੱਸਿਆ ਕਿ ਇਕ ਦੋ ਵਾਰ ਪਹਿਲਾਂ ਵੀ ਲੁਟੇਰਿਆ ਵੱਲੋਂ ਸਾਡੀ ਕੰਪਨੀ ਦੇ ਮੁਲਾਜ਼ਮਾਂ ਕੋਲੋਂ ਲੁੱਟ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਇਸ ਤਾਜ਼ੀ ਵਾਪਰੀ ਘਟਨਾ ਸਬੰਧੀ ਚੌਕੀ ਖਡੂਰ ਸਾਹਿਬ ਦੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ।ਚੌਕੀ ਦੇ ਇੰਚਾਰਜ ਏਐੱਸਆਈ ਪ੍ਰਤਾਪ ਸਿੰਘ ਨੇ ਆਖਿਆ ਕਿ ਮਹਾਰਾਜਾ ਗੈਸ ਸਰਵਿਸ ਵੱਲੋਂ ਖੋਹ ਸਬੰਧੀ ਸ਼ਿਕਾਇਤ ਪ੍ਰਾਪਤ ਹੋਈ ਹੈ ਜਿਸ ਸਬੰਧੀ ਪੜਤਾਲ ਆਰੰਭ ਕਰ ਦਿੱਤੀ ਗਈ ਹੈ।

## ਜਨਮ ਦਿਨ ਮੁਬਾਰਕ



ਜਗਦੀਪ ਸਿੰਘ, ਧਾਰੀਵਾਲ



ਅਨੰਤਵੀਰ ਸਿੰਘ, ਬਠਿੰਡਾ

# ਸੀ ਟੀ ਗਰੁੱਪ ਵਿਖੇ ਵਿਨਿੰਗ ਪਰੇਡ 2025 ਦਾ ਸ਼ਾਨਦਾਰ ਆਯੋਜਨ

**ਜਲੰਧਰ, (ਸ਼ੈਲੀ ਐਲਬਰਟ)**

ਸੀ ਟੀ ਗਰੁੱਪ ਵੱਲੋਂ ਵਿਨਿੰਗ ਪਰੇਡ 2025 ਦਾ ਸ਼ਾਨਦਾਰ ਅਤੇ ਜੋਸ਼ ਭਰਿਆ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਰੇ ਕੈਂਪਸ ਦੇ ਵੱਖ-ਵੱਖ ਖੇਤਰਾਂ ਵਿੱਚ ਉਪਲਬਧੀ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਵਿੱਚ ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼ ਸ਼ਾਹਪੁਰ ਕੈਂਪਸ, ਮਕਸੂਦਾਂ ਕੈਂਪਸ, ਸੀ ਟੀ ਵਰਲਡ ਸਕੂਲ, ਸੀ ਟੀ ਪਬਲਿਕ ਸਕੂਲ ਅਤੇ ਸੀਟੀ ਯੂਨੀਵਰਸਿਟੀ, ਲੁਧਿਆਣਾ ਦੇ ਚੈਂਪੀਅਨ ਇੱਕਠੇ ਹੋਏ। ਇਸ ਸਮਾਗਮ ਦਾ ਉਦੇਸ਼ ਖੇਡ, ਕਲਾ, ਸਭਿਆਚਾਰ, ਲਿਖਤ, ਰਚਨਾਤਮਕ ਉਤਪਾਦਨ ਅਤੇ ਹੋਰ ਗੈਰ-ਅਕਾਦਮੀ ਖੇਤਰਾਂ ਵਿੱਚ ਅੰਤਰਰਾਸ਼ਟਰੀ, ਰਾਸ਼ਟਰੀ, ਰਾਜ, ਇੰਟਰ-ਯੂਨੀਵਰਸਿਟੀ ਅਤੇ ਇੰਟਰ-ਕਾਲਜ ਪੱਧਰ 'ਤੇ ਮਾਣ ਕਮਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨਾ ਸੀ।ਸਮਾਗਮ ਦੀ ਸ਼ੁਰੂਆਤ ਵਿਜੇਤਾ ਵਿਦਿਆਰਥੀਆਂ ਦੀ ਜੋਸ਼ ਨਾਲ ਭਰਪੂਰ ਪਰੇਡ ਅਤੇ ਸੀ ਟੀ ਬੈਂਡ ਦੀ ਧੁਨ ਨਾਲ ਹੋਈ, ਜਿਸ ਨੇ ਅਨੁਸ਼ਾਸਨ, ਮਾਣ ਅਤੇ ਉਤਸ਼ਾਹ ਦਾ ਪ੍ਰਤੀਕ ਦਰਸਾਇਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਸਾਲ ਦੀਆਂ ਵਿਸ਼ੇਸ਼ ਉਪਲਬਧੀਆਂ ਲਈ ਤਮਗਿਆਂ ਨਾਲ ਨਵਾਜਿਆ ਗਿਆ,ਜਿਸ ਨਾਲ ਇਹ ਪਲ ਸਮੂਹ ਸੀਟੀ ਪਰਿਵਾਰ ਲਈ ਮਾਣ ਅਤੇ ਪ੍ਰੇਰਣਾ ਦਾ ਸਰੋਤ ਬਣਿਆ।ਇਸ ਮੌਕੇ 'ਤੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁ. ਤਨਿਕਾ ਚੰਨੀ, ਐਗਜ਼ਿਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ, ਕੈਂਪਸ



ਡਾਇਰੈਕਟਰ, ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰ ਹਾਜ਼ਿਰ ਰਹੇ।ਕਾਜਲ ਬਿਸਵਾਸ ਨੇ ਸਕਵੇ 'ਚ ਸੋਨੇ, ਹਰਕੁੰਵਰ ਸਿੰਘ ਨੇ ਟੇਬਲ ਟੈਨਿਸ 'ਚ ਸੋਨੇ, ਮੰਜੀਤ ਨੇ ਆਈਸ ਸਟਾਕ 'ਚ ਚਾਂਦੀ, ਹਰਕੋਮਲ ਸਿੰਘ ਗਿੱਲ ਨੇ ਆਰਮ ਰੈਸਲਿੰਗ 'ਚ ਸੋਨੇ, ਸਚਿਨ ਨੇ ਪੈਨਚਕ ਸਿਲਾਟ 'ਚ ਕਾਂਸੀ ਅਤੇ ਅਭਿਸ਼ੇਕ ਤਾਵਰ ਨੇ ਵੂਸ਼ੂ 'ਚ ਰਜਤ ਤਮਗਾ ਜਿੱਤ ਕੇ ਕਰਵਾਇਆ। ਰਾਸ਼ਟਰੀ ਪੱਧਰ 'ਤੇ ਨੀਤੂ ਨੇ ਬਾਕਸਿੰਗ 'ਚ ਸੋਨੇ, ਸ਼ੁਭਮ ਨੇ ਰੈਸਲਿੰਗ 'ਚ ਸੋਨੇ, ਪੂਜਾ ਬੇਦੀ ਨੇ ਜੂਡੋ 'ਚ ਸੋਨੇ ਅਤੇ ਜਸ਼ਨਦੀਪ ਕੌਰ ਨੇ ਕਿੱਕ-ਬਾਕਸਿੰਗ 'ਚ ਚਾਂਦੀ ਹਾਸਿਲ ਕੀਤੀ।ਮਕਸੂਦਾਂ ਕੈਂਪਸ ਨੇ ਨੇਸ਼ਨਲ ਵਨ ਹੈਲਥ ਮਿਸ਼ਨ ਤਹਿਤ ਰੀਲ ਮੇਕਿੰਗ 'ਚ ਕੌਮੀ ਸਨਮਾਨ ਹਾਸਲ ਕਰਕੇ ਆਪਣੀ ਰਚਨਾਤਮਕ ਸ਼ਮੂਲੀਅਤ ਦਰਸਾਈ।ਰਾਜ ਪੱਧਰ 'ਤੇ ਸੀਟੀ ਵਰਲਡ ਸਕੂਲ ਦੀ ਸਭਿਆ ਮਹਾਜਨ ਨੇ ਪੰਜਾਬ ਸਟੇਟ ਸਕੇਟਿੰਗ ਚੈਂਪਿਅਨਸ਼ਿਪ 'ਚ ਰਜਤ ਤਮਗਾ ਜਿੱਤਿਆ। ਸੀ ਟੀ ਪਬਲਿਕ ਸਕੂਲ ਦੇ ਕਰਣ, ਅਭਿਸ਼ੇਕ, ਤਵਿਸ਼ਾ ਅਤੇ ਵੰਸ਼ਿਕਾ ਨੇ ਸਕੇਟਿੰਗ 'ਚ ਸੋਨੇ ਅਤੇ ਚਾਂਦੀ ਦੇ ਤਮਗੇ ਜਿੱਤੇ, ਜਦਕਿ ਸੀਟੀ ਵਰਲਡ ਸਕੂਲ ਦੀ ਫੁੱਟਬਾਲ ਟੀਮ ਨੇ ਸਟੇਟ ਪੱਧਰ ਦੇ ਚੈਂਪੀਅਨਸ਼ਿਪ 'ਚ ਸ਼ਾਨਦਾਰ ਚਾਂਦੀ ਦਾ ਤਮਗਾ ਹਾਸਲ ਕੀਤਾ। ਇੰਟਰ-ਯੂਨੀਵਰਸਿਟੀ ਪ੍ਰਦਰਸ਼ਨਾਂ ਵਿੱਚ ਪਵਨਦੀਪ ਸਿੰਘ ਨੇ ਏ ਆਈ ਯੂ ਨਾਰਥ ਜ਼ੋਨ ਯੂਥ ਫੈਸਟਿਵਲ 'ਚ ਸੋਨਾ ਜਿੱਤਿਆ, ਜਦਕਿ ਸੁਮਨ ਨੇ ਆਈ ਕੇ ਜੀ ਪੀ ਟੀ ਯੂ ਇੰਟਰ-ਕਾਲਜ ਐਥਲੈਟਿਕਸ 'ਚ ਸੋਨੇ ਦਾ ਤਮਗਾ ਹਾਸਿਲ ਕੀਤਾ।ਸ਼ਾਹਪੁਰ ਕੈਂਪਸ ਨੇ ਉਤਕ੍ਰਿਸ਼ਟਤਾ ਦੀ ਲੜੀ ਜਾਰੀ ਰੱਖਦਿਆਂ ਆਈ ਕੇ ਜੀ ਪੀ ਟੀ ਯੂ ਨਾਰਥ ਜ਼ੋਨ ਯੂਥ ਫੈਸਟੀਵਲ 'ਚ ਔਵਰਆਲ ਟਰਾਫੀ ਹਾਸਿਲ ਕੀਤੀ ਤੇ ਟੇਬਲ ਟੈਨਿਸ ਅਤੇ ਫੁੱਟਬਾਲ ਟੀਮ ਨੇ ਇੰਟਰ-ਕਾਲਜ ਚੈਂਪੀਅਨਸ਼ਿਪ 'ਚ ਸੋਨੇ ਦੇ ਤਮਗੇ ਜਿੱਤੇ। ਕ੍ਰਾਸ ਕੰਟਰੀ ਚੈਂਪੀਅਨਸ਼ਿਪ 'ਚ ਵੀ ਰਜਤ ਅਤੇ ਕਾਂਸੀ ਜਿੱਤ ਕੇ ਵਿਦਿਆਰਥੀਆਂ ਨੇ ਕੈਂਪਸ ਦੀ ਸ਼ਾਨ ਵਧਾਈ।ਇਸ ਮੌਕੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ- ਵਿਨਿੰਗ ਪਰੇਡ 2025 ਸਿਰਫ਼ ਤਮਗਿਆਂ ਦਾ ਜਸ਼ਨ ਨਹੀਂ, ਸਗੋਂ ਹਰ ਵਿਦਿਆਰਥੀ 'ਤੇ ਸਾਡੇ ਵਿਸ਼ਵਾਸ ਦਾ ਜਸ਼ਨ ਹੈ।

# ਰੋਡਵੇਜ਼ ਕਾਮਿਆਂ ਵੱਲੋਂ ਸਰਕਾਰੀ ਅਦਾਰਿਆਂ ਨੂੰ ਬਚਾਉਣ ਲਈ ਸੰਘਰਸ਼ ਜਾਰੀ

**ਨੰਗਲ (ਸੁਰਜੀਤ ਢੇਰ)**

ਰੋਡਵੇਜ਼ ਕਾਮਿਆਂ ਵੱਲੋਂ ਹੜਤਾਲ ਚੌਥੇ ਦਿਨ ਵਿੱਚ ਪਹੁੰਚ ਗਈ। ਪਰ ਫੇਰ ਵੀ ਜਿਹੜੇ ਸਾਥੀ ਪੁਲਿਸ ਵੱਲੋਂ ਝੂਠੇ ਪਰਚੇ ਕਰਕੇ ਜੇਲਾਂ ਵਿੱਚ ਬੰਦ ਕੀਤੇ ਗਏ ਹਨ ਉਹਨਾਂ ਨੂੰ ਹਾਲੇ ਤੱਕ ਜੇਲਾਂ ਵਿੱਚ ਹੀ ਗੈਰ ਕਾਨੂੰਨੀ ਤਰੀਕੇ ਨਾਲ ਬੰਦ ਕੀਤਾ ਹੋਇਆ ਹੈ ਅਤੇ ਜਿਹੜੇ ਸਾਥੀ ਗੈਰ ਕਾਨੂੰਨੀ ਤਰੀਕੇ ਨਾਲ ਫਾਰਗ ਸਸਪੈਂਡ ਕੀਤੇ ਗਏ ਸਨ ਉਹਨਾਂ ਨੂੰ ਬਹਾਲ ਨਹੀਂ ਕੀਤਾ ਗਿਆ।ਨਾ ਹੀ ਕਿਲੋਮੀਟਰ ਸਕੀਮ ਬੱਸਾਂ ਦਾ ਟੈਂਡਰ ਰੱਦ ਨਹੀਂ ਕੀਤਾ ਗਿਆ। ਇਸ ਸੰਬੰਧ 'ਚ ਟ੍ਰਾਂਸਪੋਰਟ ਨੇ ਕਿਹਾ ਕਿ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਸਾਰੇ ਸਾਥੀ ਜੇਲਾਂ ਤੋਂ ਬਾਹਰ ਆ ਗਏ ਤੇ ਸਾਰਿਆਂ ਨੂੰ ਰੂਟ ਤੇ ਚੜਾ ਦਿੱਤਾ ਤੇ ਹੜਤਾਲ ਖਤਮ ਹੋ ਗਈ ਹੈ। ਪਰ ਧਰਨਾਕਾਰੀਆਂ ਨੇ ਕਿਹਾ ਕਿ ਪੂਰੇ ਪੰਜਾਬ ਦੇ ਵਿੱਚ ਅੱਜ ਇੱਕ ਵੀ ਬਸ ਨਹੀਂ ਚੱਲੀ ਤੇ ਹੜਤਾਲ ਬਿਲਕੁਲ ਜਾਰੀ ਹੈ।ਸਰਕਾਰ ਵੱਲੋਂ ਜੇਕਰ ਮੰਨੀਆਂ ਹੋਈਆਂ ਮੰਗਾਂ ਦਾ ਹੱਲ ਨਹੀਂ ਕੀਤਾ ਜੇਲਾਂ ਵਿੱਚੋਂ ਸਾਥੀ ਬਾਹਰ ਬਿਨਾਂ ਸ਼ਰਤ ਨਹੀਂ ਕੱਢੇ ਜਾਂ ਜਿਹੜੇ ਸਾਥੀ ਸਸਪੈਂਡ ਕੀਤੇ ਹਨ ਉਹਨਾਂ ਨੂੰ ਬਹਾਲ ਨਹੀਂ ਕੀਤਾ ਤਾਂ ਜਥੇਬੰਦੀ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਬਹੁਤ ਵੱਡਾ ਸੰਘਰਸ਼ ਕਰੇਗੀ ਅਤੇ ਮੁੱਖ ਮੰਤਰੀ ਪੰਜਾਬ ਅਤੇ ਟਰਾਂਸਪੋਰਟ ਮੰਤਰੀ ਪੰਜਾਬ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।ਇਸ ਦੌਰਾਨ ਹਾਜ਼ਰ ਸਾਥੀਆਂ ਵਿੱਚ



ਦਿਆਲ ਮਾਹੀ, ਸੁਖਰਾਜ ਸਿੰਘ, ਬੇਅੰਤ ਸਿੰਘ, ਹਰੀਸ਼ ਕੁਮਾਰ, ਸੁਖਵਿੰਦਰ ਸਿੰਘ,ਸਤੀਸ਼ ਕੁਮਾਰ, ਜਤਿੰਦਰ ਸਿੰਘ, ਪ੍ਰੀਤਪਾਲ ਸਿੰਘ, ਗੁਰਪਾਲ ਸਿੰਘ, ਬਿੱਕਰ ਸਿੰਘ, ਰਜਿੰਦਰ ਕੁਮਾਰ ਅਤੇ ਸੀਟੂ ਵੱਲੋਂ ਰਕੇਸ਼ ਬਾਲੀ ਕਲਸੇੜਾ, ਕਾਮਰੇਡ ਸੁਰਜੀਤ ਸਿੰਘ ਢੇਰ, ਸਤਨਾਮ ਸਿੰਘ ਸ਼ੇਰਾ ਅਤੇ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਵੱਲੋਂ ਪ੍ਰਧਾਨ ਤਰਸੇਮ ਲਾਲ ਭਨਾਮ, ਸ਼੍ਰੀ ਹਰਜਾਪ ਸਿੰਘ ਪਲਾਸੀ, ਪਰਮਿੰਦਰ ਸਿੰਘ ਬੇਲਾ, ਦੌਲਤ ਰਾਮ ਹਾਜ਼ਰ ਹੋਏ।

# ਸ਼ਾਇਰਾ ਸਿਮਰਨਜੋਤ ਮਾਨ ਤੇ ਕਵੀ ਸੰਦੀਪ ਸ਼ਰਮਾ ਦਾ ਸਨਮਾਨ

**ਜਲੰਧਰ (ਕੇਸਰ)**

ਸਾਹਿਤ ਕਲਾ ਕੇਂਦਰ ਜਲੰਧਰ ਵੱਲੋਂ ਸਾਲਾਨਾ ਮਾਤਾ ਪ੍ਰੀਤਮ ਕੌਰ ਕਲਹਰ ਐਵਾਰਡ ਨਾਲ ਸ਼ਾਇਰਾ ਸਿਮਰਨਜੋਤ ਮਾਨ ਤੇ ਵਿਲੱਖਣ ਅੰਦਾਜ਼ ਵਾਲੇ



ਸ਼ਾਇਰ ਸੰਦੀਪ ਸ਼ਰਮਾ ਨੂੰ ਸਨਮਾਨਤ ਕੀਤਾ ਗਿਆ। ਸਾਈਂਦਾਸ ਐਂਗਲੋ ਸੰਸਕ੍ਰਿਤ ਸੈਕੰਡਰੀ ਸਕੂਲ ਵਿਖੇ ਆਯੋਜਿਤ ਸਾਹਿਤਕ ਸਮਾਗਮ ਵਿਚ ਇਨ੍ਹਾਂ ਦੀ ਕਾਵਿ ਕਲਮਾਂ ਨੂੰ ਸਨਮਾਨਤ ਕਰਦਿਆਂ ਇਨ੍ਹਾਂ ਦੀ ਕਾਵਿ ਕਲਾ 'ਤੇ ਵਿਚਾਰ ਚਰਚਾ ਕੀਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਕਹਾਣੀਕਾਰ ਜਿੰਦਰ, ਵਿਸ਼ੇਸ਼ ਮਹਿਮਾਨ ਜੁਝਾਰ ਵਿਦਰੋਹੀ ਕਾਵਿ ਧਾਰਾ ਦੇ ਉਘੇ ਸ਼ਾਇਰ ਰਵਿੰਦਰ ਸਹਿਰਾਅ ਦੇ ਨਾਲ ਬਲਬੀਰ ਸਿੰਘ ਕਲਹਰ, ਲਾਲ ਸਿੰਘ ਧਾਲੀਵਾਲ, ਇੰਜੀਨੀਅਰ ਹਰਜਿੰਦਰ ਸਿੰਘ ਮਿਨਹਾਸ ਅਤੇ ਦੋਨੋ ਸਨਮਾਨਤ ਹਸਤੀਆਂ ਸ਼ਾਮਲ ਸਨ। ਸਿਮਰਨਜੋਤ ਮਾਨ ਤੇ ਸੰਦੀਪ ਸ਼ਰਮਾ ਦੀ ਕਵਿਤਾ ਬਾਰੇ ਉਘੇ ਸ਼ਾਇਰ ਅਤੇ ਚਿੰਤਕ ਡਾ. ਜਗਵਿੰਦਰ ਜੋਧਾ ਨੇ ਭਾਵਪੂਰਤ ਜਾਣਕਾਰੀ ਦਿੱਤੀ। ਦੋਨਾਂ ਸ਼ਾਇਰਾਂ ਨੂੰ ਨਗਦ ਇਨਾਮ, ਸਮ੍ਰਿਤੀ ਚਿੰਨ੍ਹ ਅਤੇ ਸ਼ਾਲ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਵਿਚ ਸੁਆਗਤੀ ਸ਼ਬਦ ਲਾਲ ਸਿੰਘ ਧਾਲੀਵਾਲ ਹੋਰਾਂ ਨੇ ਕਹੇ। ਮੰਚ ਸੰਚਾਲਨ ਸਾਹਿਤ ਕਲਾ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਕੀਤਾ। ਇਸ ਸਮੇਂ ਪ੍ਰਬੋਧ ਕਾਫ਼ਰ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਨਰਿੰਦਰਪਾਲ ਕੰਗ, ਡਾ. ਜਗਵਿੰਦਰ ਜੋਧਾ ਅਤੇ ਰਵਿੰਦਰ ਸਹਿਰਾਅ ਨੇ ਆਪਣਾ ਕਲਾਮ ਵੀ ਪ੍ਰਸਤੁਤ ਕੀਤਾ। ਸਮਾਗਮ ਵਿਚ ਮਿੱਤਰ ਅਵਤਾਰ, ਨੀਰੂ ਸਹਿਰਾਅ, ਕੰਗ ਪਰਵਾਰ, ਕਲਹਰ ਪਰਵਾਰ ਅਤੇ ਹੋਰ ਉਘੇ ਨਾਗਰਿਕ ਸ਼ਾਮਲ ਹੋਏ। ਸਮਾਗਮ ਦੇ ਅਖੀਰ ਵਿਚ ਕੇਂਦਰ ਦੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਕੰਗ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ।

# ਪਵਨ ਟੀਨੂੰ ਦੀ ਅਗਵਾਈ 'ਚ 4 ਪੰਚਾਇਤਾਂ 'ਆਪ' 'ਚ ਸ਼ਾਮਲ



**ਆਦਮਪੁਰ (ਪਰਮਜੀਤ ਸਿੰਘ)**

ਆਦਮਪੁਰ 'ਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦੀ ਅਗਵਾਈ 'ਚ ਕਈ ਪੰਚਾਇਤਾਂ ਕਾਂਗਰਸ ਛੱਡ ਆਪ ਪਾਰਟੀ ਵਿਚ ਸ਼ਾਮਿਲ ਹੋ ਗਈਆਂ। ਹਰਜੀਤ ਸਿੰਘ ਨਿੱਝਰ ਦੇ ਯਤਨਾਂ ਨਾਲ ਪਿੰਡ ਧੁਦਿਆਲ ਕਿਸਾਨ ਵਿੰਗ ਦੇ ਜ਼ਿਲ੍ਹਾ ਕੋਆਰਡੀਨੇਟਰ ਦੇ ਸਰਪੰਚ ਉਂਕਾਰ ਸਿੰਘ, ਸਾਰੋਬਾਦ ਦੇ ਸਰਪੰਚ ਗੁਰਪ੍ਰੀਤ ਸਿੰਘ, ਦਾਊਦ ਪੁਰ ਦੇ ਸਰਪੰਚ ਸੁਖਜੀਤ ਸੁੱਖੀ, ਮਨਦੀਪ ਸਿੰਘ ਸਰਪੰਚ ਮਹੱਦੀਪੁਰ ਸਮੂਹ ਪੰਚਾਇਤ ਸਮੇਤ ਕਾਂਗਰਸ ਛੱਡ 'ਆਪ' 'ਚ ਸ਼ਾਮਲ ਹੋ ਗਏ। ਇਸ ਮੌਕੇ ਦਵਿੰਦਰ ਸਿੰਘ ਨੰਬੜਦਾਰ ਸਾਰੋਬਾਦ, ਲਖਵੀਰ ਸਿੰਘ ਸਾਬਕਾ ਸਰਪੰਚ ਸਾਰੋਬਾਦ, ਪਰਜਿੰਦਰ ਸਿੰਘ ਭੇਲਾ, ਜੱਸਾ ਸੰਘਵਾਲ, ਪਰਜਿੰਦਰ ਸਿੰਘ ਭੇਲਾ, ਵਿਜੇ ਕੁਮਾਰ ਪੰਚ ਮਹੱਦੀਪੁਰ, ਬਲਬੀਰ ਸਿੰਘ ਪੰਚ ਸਾਰੋਬਾਦ, ਮਦਨ ਲਾਲ ਸਾਬਕਾ ਸਰਪੰਚ, ਕੁਲਵਿੰਦਰ ਕੌਰ ਪੰਚ ਸਾਰੋਬਾਦ, ਰਜਿੰਦਰ ਕੁਮਾਰ ਪੰਚ, ਦਾਊਦ ਪੁਰ, ਗੁਰਬਚਨ ਸਿੰਘ ਪੰਚ ਦਾਊਦ ਪੁਰ, ਰਜਨੀ ਬਾਲਾ ਪੰਚ ਦਾਊਦ ਪੁਰ, ਗੁਰਪ੍ਰੀਤ ਕੌਰ ਪੰਚ ਦਾਊਦ ਪੁਰ, ਜਸਵੀਰ ਸਿੰਘ ਪੰਚ ਦਾਊਦ ਪੁਰ, ਗੁਰਕੀਰਤ ਸਿੰਘ, ਜਸਕਰਨ ਸਿੰਘ, ਨੰਬੜਦਾਰ ਰਾਮ ਪ੍ਰਕਾਸ਼, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਪਰਮਜੀਤ ਸਿੰਘ ਪੰਚ, ਧਰਮਪਾਲ ਸਿੰਘ ਸਾਬਕਾ ਸਰਪੰਚ, ਸਤਪਾਲ ਸਿੰਘ, ਕੈਪਟਨ ਲਾਲ ਸਿੰਘ, ਸੁਖਵੀਰ ਸਿੰਘ ਹੁੰਦਲ, ਅਨੂਪ ਸਿੰਘ, ਪੱਪੀ ਧੁਦਿਆਲ ਤੇ ਹੋਰ ਹਾਜ਼ਰ ਸਨ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਾਂਗਰਸ ਬਿਹਤਰੀਨ ਪ੍ਰਦਰਸ਼ਨ ਕਰੇਗੀ : ਸ਼ੇਰੋਵਾਲੀਆ

**ਸ਼ਾਹਕੋਟ (ਗਿਆਨ ਸੈਦਪੁਰੀ)**

ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਪ੍ਰਤੀ ਹੱਦ ਦਰਜੇ ਦੀ ਨਿਰਾਸ਼ਾ, ਅਕਾਲੀ ਦਲ(ਬਾਦਲ) ਦੀ ਸਿਆਸੀ ਗੁੰਮਨਾਮੀ ਅਤੇ ਭਾਜਪਾ ਦੇ ਸਿਆਸੀ ਪੈਰ ਲੜਖੜਾਉਣ ਦੇ ਆਲਮ ਵਿੱਚ ਲੋਕਾਂ ਦੀ ਉਮੀਦ ਸਿਰਫ ਕਾਂਗਰਸ ਪਾਰਟੀ ਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਤੇ ਕਾਂਗਰਸ ਪਾਰਟੀ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਮਲਸੀਆਂ ਵਿੱਚ ਇੱਕ ਮੀਟਿੰਗ ਦੌਰਾਨ ਕੀਤਾ। ਉਹ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦੇ ਮੱਦੇ ਨਜ਼ਰ ਸਥਾਨਕ ਕਾਂਗਰਸੀ ਆਗੂਆਂ, ਵਰਕਰਾਂ ਅਤੇ ਆਮ ਲੋਕਾਂ ਦੀ ਨਬਜ਼ ਟਟੋਲਣ ਤੋਂ ਬਾਅਦ ਇਹਨਾਂ ਚੋਣਾਂ ਲਈ ਕਾਂਗਰਸ ਪਾਰਟੀ ਲਈ ਬਣੇ ਉਤਸ਼ਾਹੀ ਮਾਹੌਲ ਸਬੰਧੀ ਦੱਸਣ ਲਈ ਆਪਣੇ ਗ੍ਰਹਿ ਮਲਸੀਆਂ(ਸਾਹਲਾ ਨਗਰ) ਵਿੱਚ ਬੁਲਾਈ ਗਈ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਥਾਨਕ ਆਗੂ ਤੇ ਵਰਕਰ ਚੋਣਾਂ ਦਾ ਐਲਾਨ ਹੁੰਦਿਆਂ ਆਪ ਮੁਹਾਰੇ ਹੀ ਚੋਣ ਜਿੱਤਣ ਲਈ ਮੋਰਚਿਆਂ 'ਤੇ ਡੱਟ ਗਏ ਹਨ। ਸ਼ੇਰੋਵਾਲੀਆ ਨੇ ਕਿਹਾ ਕਿ ਪਿੱਛੇ ਜਿਹੇ ਹੋਈ



ਗੱਲਬਾਤ ਕਰਦੇ ਹੋਏ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ

ਨਗਰ ਪੰਚਾਇਤ ਸ਼ਾਹਕੋਟ ਦੀ ਚੋਣ ਵਿੱਚ ਵਿਰੋਧੀਆਂ ਵੱਲੋਂ ਖੜੀਆਂ ਕੀਤੀਆਂ ਅਨੇਕਾਂ ਔਕੜਾਂ ਦੇ ਬਾਵਜੂਦ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਹਲਕੇ ਦੇ ਲੋਕਾਂ ਦੇ ਜ਼ਿਹਨ ਦਾ ਹਿੱਸਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਹਲਕਾ ਸ਼ਾਹਕੋਟ ਦੇ ਵਿਕਾਸ ਕੰਮਾਂ ਦੀ ਗਿਣਤੀ ਨਾ ਵੀ ਕਰਾ ਤਦ ਵੀ ਕੁਝ ਅਜਿਹੇ ਕਾਰਜ ਹਨ, ਜਿਨ੍ਹਾਂ ਦੀ ਸ਼ਲਾਘਾ ਕਰਨ ਲਈ ਵਿਰੋਧੀ ਵੀ ਮਜ਼ਬੂਰ ਹਨ। ਹਲਕਾ ਵਿਧਾਇਕ ਨੇ ਕਿਹਾ ਕਿ ਮੇਰੇ ਵੱਲੋਂ ਕਰਵਾਏ ਗਏ ਕੰਮਾਂ ਦੀ ਹੱਟੀ- ਭੱਠੀ 'ਤੇ ਹੁੰਦੀ ਚਰਚਾ ਇਸੇ ਗੱਲ ਦੀ ਗਵਾਹ ਹੈ ਕਿ ਮੈਂ ਐਮ ਐਲ ਏ ਸ਼ਿੱਪ ਦਾ ਵੀ ਮਾਣ ਵਧਾਇਆ ਹੈ ਤੇ ਲੋਕਾਂ ਨਾਲ ਕੀਤੇ ਗਏ ਇਕਰਾਰ ਨੂੰ ਵੀ ਨਿਭਾਇਆ ਹੈ। ਸ਼ੇਰੋਵਾਲੀਆਂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਵਰਤਾਰੇ 'ਤੇ ਵੀ ਮਾਣ ਹੈ ਕਿ ਮੇਰੇ ਸੁਹਿਰਦ ਵਰਕਰ ਹਰ ਪ੍ਰਕਾਰ ਦੀ ਚੋਣ ਵਿੱਚ ਜੰਗੀਦਲ ਨਾਲ ਚੋਣ ਮੁਹਾਜ 'ਤੇ ਡੱਟ ਜਾਂਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਬਲਾਕ ਸੰਮਤੀਆਂ ਵਿੱਚ ਉਮੀਦਵਾਰਾਂ ਨੂੰ ਖੜੇ ਕਰਨ ਵਿੱਚ ਵੀ ਪਾਰਟੀ ਨੇ ਬਾਕੀਆਂ ਨਾਲੋਂ ਅਗੇਤ ਹਾਸਿਲ ਕਰ ਲਈ ਹੈ।ਸ਼ੇਰੋਵਾਲੀਆਂ ਨੇ ਆਪਣੇ ਹਲਕੇ ਦੀ ਗੱਲ ਕਰਨ ਤੋਂ ਬਾਅਦ ਪੂਰੇ ਪੰਜਾਬ ਦੇ ਸਿਆਸੀ, ਸਮਾਜੀ ਤੇ ਆਰਥਿਕ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਗੈਂਗਸਟਰਵਾਦ ਨੇ ਹਰ ਕਿਸੇ ਨੂੰ ਭੈਅ ਭੀਤ ਕੀਤਾ ਹੋਇਆ ਹੈ। ਚਿੱਟਾ ਪੰਜਾਬ ਲਈ ਪੂਰੀ ਤਰ੍ਹਾਂ ਸੰਤਾਪ ਬਣ ਚੁੱਕਾ ਹੈ। ਬੇਰੁਜ਼ਗਾਰੀ ਦਾ ਦੈਂਤ ਫਨ ਖਿਲਾਰੀ ਖੜਾ ਹੈ। ਮਹਿੰਗਾਈ ਇੰਨੀ ਵੱਧ ਚੁੱਕੀ ਹੈ ਕਿ ਬਹੁਤ ਸਾਰੇ ਗਰੀਬ ਪਰਿਵਾਰਾਂ ਲਈ ਚੁੱਲਾ ਤਪਾਈ ਰੱਖਣਾ ਮੁਸ਼ਕਿਲ ਹੋਇਆ ਪਿਆ ਹੈ।ਸ਼ੇਰੋਵਾਲੀਆ ਨੇ ਦੁਹਰਾਇਆ ਕਿ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਬਿਹਤਰੀਨ ਪ੍ਰਦਰਸ਼ਨ ਕਰੇਗੀ।

# ਖਾਲਸਾ ਕਾਲਜ 'ਚ ਵਿਸ਼ਵ ਏਡਜ਼ ਦਿਵਸ 'ਤੇ ਸੈਮੀਨਾਰ



**ਸੁਲਤਾਨਪੁਰ ਲੋਧੀ (ਹਨੀ)**

ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਦੀ ਅਗਵਾਈ ਅਤੇ ਰੈਡ ਰਿਬਨ ਕਲੱਬ ਦੇ ਮੁਖੀ ਡਾ. ਮਨੀ ਛਾਬੜਾ ਤੇ ਐਨ ਐਸ ਐਸ ਵਿਭਾਗ ਦੇ ਮੁਖੀ ਪ੍ਰੋ. ਰਿਸ਼ੂ ਬਾਲਾ ਦੇ ਸਾਂਝੇ ਯਤਨਾਂ ਨਾਲ ਵਿਸ਼ਵ ਏਡਜ਼ ਦਿਵਸ ਨੂੰ ਸਮਰਪਤ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਪ੍ਰੋ. ਹਰਪ੍ਰੀਤ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਐਚ ਆਈ ਵੀ ਇਨਫੈਕਸ਼ਨ ਕਾਰਨ ਹੋਣ ਵਾਲੀ ਬਿਮਾਰੀ ਏਡਜ਼ ਸਬੰਧੀ, ਇਸ ਦੇ ਕਾਰਨਾਂ ਤੇ ਲੱਛਣਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਉਨਾਂ ਨੇ ਇਸ ਤੋਂ ਬਚਾਅ ਲਈ ਮੈਡੀਕਲ ਸਹੂਲਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਸਾਵਧਾਨੀ ਵਰਤਣ ਅਤੇ ਸਮੇਂ-ਸਮੇਂ ਤੇ ਹੈਲਥ ਚੈੱਕਅਪ ਕਰਵਾਉਣ ਤੇ ਰੋਗੀ ਦਾ ਸਹੀ ਸਮੇਂ 'ਤੇ ਇਲਾਜ ਕਰਵਾਉਣ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰੋ. ਸੁਖਪਾਲ ਸਿੰਘ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਜੁਗਰਾਜ ਸਿੰਘ, ਪ੍ਰੋ. ਜਸਵੀਰ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਪ੍ਰੀਤ ਕੌਰ ਆਦਿ ਹਾਜ਼ਰ ਰਹੇ।

# ਟਰੈਕਟਰ-ਟਰਾਲੀ ਖੱਡ 'ਚ ਡਿੱਗੀ, ਵਿਅਕਤੀ ਦੀ ਮੌਕੇ 'ਤੇ ਮੌਤ

**ਫਿਲੌਰ (ਨਿਰਮਲ)**—ਫਿਲੌਰ ਦੇ ਸ਼ਮਸ਼ਾਨਘਾਟ ਨਜ਼ਦੀਕ ਬੰਨ੍ਹ ਨੂੰ ਜਾਣ ਵਾਲੇ ਰਾਹ 'ਤੇ ਇੱਕ ਦਰਦਨਾਕ ਹਾਦਸਾ ਵਾਪਰਿਆ। ਜਾਣਕਾਰੀ ਮੁਤਾਬਕ ਇੱਕ ਟਰੈਕਟਰ-ਟਰਾਲੀ ਧੁੱਸੀ ਬੰਨ੍ਹ ਵੱਲ ਜਾ ਰਹੀ ਸੀ ਕਿ ਅਚਾਨਕ ਬੇਕਾਬੂ ਹੋ ਕੇ ਲਗਭਗ 30 ਫੁੱਟ ਡੂੰਘੀ ਖੱਡ ਵਿੱਚ ਪਲਟ ਗਈ। ਹਾਦਸੇ ਦੌਰਾਨ ਟਰੈਕਟਰ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਰਨ ਵਾਲੇ ਵਿਅਕਤੀ ਦੀ ਪਛਾਣ ਮਨੀਸ਼ ਪੁੱਤਰ ਛੋਟੇ ਲਾਲ ਵਜੋਂ ਹੋਈ ਹੈ, ਜਿਸ ਦੀ ਉਮਰ ਕਰੀਬ 35 ਸਾਲ ਸੀ।ਸੂਚਨਾ ਮਿਲਣ ਉਪਰੰਤ ਏ ਐਸ ਆਈ ਜਸਵਿੰਦਰ ਅਤੇ ਏ ਐਸ ਆਈ ਜੈਗਪਾਲ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਫਿਲੌਰ ਦੇ ਸਿਵਲ ਹਸਪਤਾਲ ਭੇਜ ਦਿੱਤਾ ਗਿਆ।

## ਖ਼ੂਨਦਾਨ ਕੈਂਪ 6 ਨੂੰ

**ਫਿਲੌਰ (ਨਿਰਮਲ)**- ਭਾਰਤੀ ਸੰਵਿਧਾਨ ਦੇ ਨਿਰਮਾਤਾ ਵਿਸ਼ਵ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਤ ਵਿਸ਼ੇਸ਼ ਖ਼ੂਨਦਾਨ ਕੈਂਪ 6 ਦਸੰਬਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬੁੱਧਾ ਪਾਰਕ ਨੇੜੇ ਤਹਿਸੀਲ ਕੰਪਲੈਕਸ ਫਿਲੌਰ ਨਵਾਂਸ਼ਹਿਰ ਰੋਡ ਵਿਖੇ ਅੰਬੇਦਕਰ ਪ੍ਰੈਸ ਕਲੱਬ ਫਿਲੌਰ ਪੰਜਾਬ ਵੱਲੋਂ ਲਗਾਇਆ ਜਾ ਰਿਹਾ ਹੈ। ਖ਼ੂਨਦਾਨ ਲਈ ਗੁਰਾਇਆ ਬਲੱਡ ਸੇਵਾ ਵੈਲਫੇਅਰ ਸੋਸਾਇਟੀ ਰਜਿਸਟਰਡ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚ ਰਹੀ ਹੈ।

# ਰੋਡਵੇਜ਼ ਮੁਲਾਜ਼ਮਾਂ 'ਤੇ ਸਰਕਾਰੀ ਜਬਰ ਦੀ ਨਿਖੇਧੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਸਮੇਤ ਚਾਰ ਆਗੂਆਂ ਸਮੇਤ ਬੀਤੇ ਦਿਨ 25 ਨਵੰਬਰ ਨੂੰ ਜੰਤਰ-ਮੰਤਰ ਤੇ ਦਿੱਲੀ ਧਰਨੇ ਕਾਰਨ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਦਿੱਲੀ ਪੁਲਸ ਵੱਲੋਂ ਐਫ ਆਈ ਆਰ ਦਰਜ ਕਰਨ ਤੇ ਪੰਜਾਬ ਸਰਕਾਰ ਤੋਂ ਰੈਗੂਲਰ ਕਰਨ ਦੀ ਮੰਗ ਕਰ ਰਹੇ ਦਰਜਨਾਂ ਰੋਡਵੇਜ ਮੁਲਾਜ਼ਮਾਂ ਦੀ ਨੌਕਰੀ ਤੋਂ ਬਰਖਾਸਤਗੀ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਹੈ ਜੋ ਹੱਕ ਸੱਚ ਦੀ ਆਵਾਜ਼ ਨੂੰ ਧੱਕੇਸ਼ਾਹੀ ਨੂੰ ਦਬਾਉਣਾ ਚਾਹੁੰਦੀ ਹੈ ।ਜਿਸ ਦੀ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋ ਸਖਤ ਨਿੰਦਾ ਕੀਤੀ ਜਾਂਦੀ ਹੈ ਕਿਉਂਕਿ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨਾ ਹਰ ਵਰਗ ਦਾ ਸੰਵਿਧਾਨਿਕ ਹੱਕ ਹੈ। ਜਿਸ ਕਾਰਨ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ 25 ਨਵੰਬਰ ਨੂੰ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ ਵਿਖੇ ਕੌਮੀ ਪੱਧਰੀ ਧਰਨਾ ਦਿੱਤਾ ਗਿਆ ਸੀ। ਧਰਨੇ ਦੌਰਾਨ ਮੁਲਾਜ਼ਮਾਂ ਦੀ ਗਿਣਤੀ ਵੱਧ ਹੋਣ ਕਾਰਨ ਦਿੱਲੀ ਪੁਲਸ ਵੱਲੋਂ ਸੁਖਜੀਤ ਸਿੰਘ ਸਮੇਤ ਤਿੰਨ ਹੋਰ ਮੁਲਾਜ਼ਮ ਆਗੂਆਂ ਤੇ ਐੱਫ ਆਈ ਆਰ ਦਰਜ ਕਰ ਦਿੱਤੀ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ ਤੇ ਜਨਰਲ ਸਕੱਤਰ ਜਰਨੈਲ ਸਿੰਘ ਪੱਟੀ ਕੋ-ਕਨਵੀਨਰ ਲਖਵਿੰਦਰ ਸਿੰਘ ਭੌਰ,ਜਗਸੀਰ ਸਿੰਘ ਸਹੋਤਾ,ਅਜੀਤਪਾਲ ਸਿੰਘ ਜਸੋਵਾਲ,ਰਣਬੀਰ ਸਿੰਘ ਉੱਪਲ,ਜਸਵਿੰਦਰ ਸਿੰਘ ਪਿਸ਼ੋਰੀਆ,ਵਿੱਤ ਸਕੱਤਰ ਵਰਿੰਦਰ ਵਿੱਕੀ ਤੇ ਸਹਾਇਕ ਸਕੱਤਰ ਬਿਕਰਮਜੀਤ ਸਿੰਘ ਕੱਦੋਂ ਕਿਹਾ ਕਿ 2 ਦਸੰਬਰ ਨੂੰ ਪੰਜਾਬ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਦੇ ਇਸ ਰਵੱਈਏ ਵਿਰੁਧ ਐੱਫ ਆਈ ਆਰ ਦੀਆਂ ਕਾਪੀਆਂ ਸਾੜਦੇ ਹੋਏ ਰੋਸ ਦਿਵਸ ਮਨਾਉਂਦੇ ਹੋਏ ਰਾਜ ਤੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ ਜਾਵੇਗਾ।

# ਐੱਸ ਟੀ ਐੱਸ ਵਰਲਡ ਸਕੂਲ ਨੇ 13ਵਾਂ ਸਾਲਾਨਾ ਦਿਵਸ ਸ਼ਾਨ ਨਾਲ ਮਨਾਇਆ

**ਗੁਰਾਇਆ (ਬਿੰਦਰ ਸੁੰਮਨ)**

ਐੱਸ.ਟੀ.ਐੱਸ ਵਰਲਡ ਸਕੂਲ ਨੇ ਆਪਣਾ 13ਵਾਂ ਸਾਲਾਨਾ ਦਿਵਸ ਸ਼ਾਨ ਅਤੇ ਮਾਣ, ਉੱਤਮਤਾ ਅਤੇ ਸੱਭਿਆਚਾਰਕ ਅਮੀਰੀ ਨਾਲ ਮਨਾਇਆ। ਇਹ ਜਸ਼ਨ ਬ੍ਰੇਕਿੰਗ ਬੈਰੀਅਰਜ਼ ਦੇ ਦੁਆਲੇ ਘੁੰਮਦਾ ਸੀ, ਜਿਸ ਨੇ ਦਰਸ਼ਕਾਂ ਨੂੰ ਹਿੰਮਤ, ਤਰੱਕੀ ਅਤੇ ਬੇਅੰਤ ਇੱਛਾਵਾਂ ਦੇ ਸੰਦੇਸ਼ ਨਾਲ ਪ੍ਰੇਰਿਤ ਕੀਤਾ। ਸਕੂਲ ਦੇ ਖੇਡ ਮੈਦਾਨ ਨੂੰ ਸਿਰਜਣਾਤਮਕਤਾ, ਅਕਾਦਮਿਕ ਮਾਣ ਅਤੇ ਕਲਾਤਮਕ ਪ੍ਰਤਿਭਾ ਦੇ ਇੱਕ ਪ੍ਰਕਾਸ਼ਮਾਨ ਅਖਾੜੇ ਵਿੱਚ ਬਦਲ ਦਿੱਤਾ ਗਿਆ ਸੀ। ਮੁੱਖ ਮਹਿਮਾਨ ਸਤਿੰਦਰ ਸਿੰਘ, ਡੀ.ਆਈ.ਜੀ. ਲੁਧਿਆਣਾ ਰੇਂਜ ਦੇ ਸਨਮਾਨਤ ਆਗਮਨ ਨਾਲ ਇਹ ਸਮਾਗਮ ਭਰਪੂਰ ਹੋਇਆ, । ਉਨ੍ਹਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ, ਨਵੀਨਤਾ ਅਤੇ ਲਚਕੀਲੇਪਣ ਨੂੰ ਆਪਣੇ ਵਿਦਿਅਕ ਖੋਜ ਵਿੱਚ ਜ਼ਰੂਰੀ ਗੁਣਾਂ ਵਜੋਂ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਡੇਰਾ ਮੁਖੀ ਸੰਤ ਤਰਮਿੰਦਰ ਸਿੰਘ, ਚੇਅਰਪਰਸਨ ਮਾਲਤੀ ਦੇ ਨਾਲ ਇਕੱਠ ਨੂੰ ਅਸ਼ੀਰਵਾਦ ਦਿੱਤਾ। ਸ਼ਾਨਦਾਰ ਜਸ਼ਨ ਦੀ ਸ਼ੁਰੂਆਤ ਇੱਕ ਅਨੁਸ਼ਾਸਿਤ ਗਾਰਡ ਆਫ਼ ਆਨਰ ਨਾਲ ਹੋਈ, ਜਿਸ ਤੋਂ ਬਾਅਦ ਸਕੂਲ ਦਾ ਝੰਡਾ ਲਹਿਰਾਇਆ ਗਿਆ। ਵਿਸ਼ੇਸ਼ ਮਹਿਮਾਨਾਂ ਦੁਆਰਾ ਰਸਮੀ ਦੀਵੇ ਜਗਾਉਣ ਨਾਲ ਸ਼ਾਮ ਦਾ ਰਸਮੀ ਉਦਘਾਟਨ ਹੋਇਆ। ਸ਼ੁਰੂਆਤੀ ਕ੍ਰਮ ਵਿੱਚ ਵਿਦਿਆਰਥੀਆਂ ਨੇ ਇੱਕ ਸ਼ਾਨਦਾਰ ਸਵਾਗਤ ਨਾਚ ਪੇਸ਼ ਕੀਤਾ। ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਵਧਾਈਆਂ ਦਿੱਤੀਆਂ, ਮਾਪਿਆਂ ਦੇ ਅਟੁੱਟ ਸਮਰਥਨ ਅਤੇ ਵਿਦਿਆਰਥੀਆਂ ਅਤੇ ਸਟਾਫ ਦੇ ਵਚਨਬੱਧ ਯਤਨਾਂ ਦੀ ਸ਼ਲਾਘਾ ਕੀਤੀ। ਸਮਾਰੋਹ ਨੇ ਸੱਭਿਆਚਾਰਕ ਪੇਸ਼ਕਾਰੀਆਂ, ਕਲਾਤਮਕ ਪੇਸ਼ਕਾਰੀਆਂ ਅਤੇ ਰਸਮੀ ਸਨਮਾਨਾਂ ਦਾ ਇੱਕ ਸ਼ਾਨਦਾਰ ਕ੍ਰਮ ਪੇਸ਼



ਕੀਤਾ, ਜਿਵੇਂ ਕਿ ਦ ਡਾਂਸ ਦੈਟ ਡੇਰੇਸ, ਬਲੂਮਿੰਗ ਬੱਡੀਜ਼, ਸ਼ੈਡੋਜ਼ ਓਵਰ ਹਿਊਮੈਨਿਟੀ, ਬਲਾਸਟ ਫਰਾਮ ਦ ਪਾਸਟ, ਲਾਈਟ ਆਫ ਹੋਪ, ਅਤੇ ਵਾਈਬ੍ਰੈਂਟ ਪੰਜਾਬ (ਭੰਗੜਾ)। ਵਿਦਿਆਰਥੀਆਂ ਨੇ ਆਪਣੀ ਕਲਾਤਮਕ ਸੂਝ-ਬੂਝ, ਅੰਦਰੂਨੀ ਪ੍ਰਤਿਭਾ ਅਤੇ ਭਰਪੂਰ ਭਾਗੀਦਾਰੀ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ। ਸ਼ਾਮ ਖੁਸ਼ੀ ਅਤੇ ਮਾਣ ਦੇ ਮਾਹੌਲ ਵਿੱਚ ਸਮਾਪਤ ਹੋਈ, ਜਿਸ ਨੇ ਐੱਸ.ਟੀ.ਐੱਸ ਵਰਲਡ ਸਕੂਲ ਦੀ ਵਿਰਾਸਤ ਨੂੰ ਸਿੱਖਣ ਦੇ ਇੱਕ ਵਿਲੱਖਣ ਕਿਲ੍ਹੇ ਵਜੋਂ ਪੁਸ਼ਟੀ ਕੀਤੀ । ਇਹ ਸਮਾਗਮ ਪ੍ਰਭਜੋਤ ਗਿੱਲ ਦੁਆਰਾ ਦਿੱਤੇ ਗਏ ਇੱਕ ਸ਼ਾਨਦਾਰ ਧੰਨਵਾਦ ਦੇ ਨਾਲ ਆਪਣੇ ਅੰਤ ਵੱਲ ਵਧਿਆ, ਜਿਸ ਵਿੱਚ ਸਾਰੇ ਪਤਵੰਤਿਆਂ, ਮਾਪਿਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ।

# ਏ ਐੱਸ ਆਈ ਨੇ ਚਾਰਜ ਸੰਭਾਲਿਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੁਲਸ ਚੌਂਕੀ ਕਾਲਾ ਸੰਘਿਆਂ ਦੇ ਏ ਐਸ ਆਈ ਅਮਰਜੀਤ ਸਿੰਘ ਦਾ



ਸੁਲਤਾਨਪੁਰ ਲੋਧੀ ਦਾ ਤਬਾਦਲਾ ਹੋਣ ਕਾਰਨ ਥਾਣਾ ਸੁਲਤਾਨਪੁਰ ਲੋਧੀ ਤੋਂ ਬਦਲ ਕੇ ਆਏ ਏ ਐਸ ਆਈ ਪਾਲ ਸਿੰਘ ਨੇ ਆਪਣਾ ਚਾਰਜ ਸੰਭਾਲ ਲਿਆ ਹੈ। ਏ ਐਸ ਆਈ ਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾੜੇ ਤੇ ਨਸ਼ੇ ਵੇਚਣ ਵਾਲੇ ਭੈੜੇ ਅਨਸਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਾਂ ਤਾਂ ਉਹ ਆਪਣਾ ਕਾਰੋਬਾਰ ਬੰਦ ਕਰ ਦੇਣ ਜਾਂ ਏਰੀਆ ਛੱਡ ਜਾਣ ਉਨ੍ਹਾਂ ਕਿਹਾ ਏਰੀਏ ਵਿੱਚ ਲੁੱਟਾਂ ਖੋਹਾਂ ਕਰਨ ਵਾਲੇ, ਨਸ਼ੇ ਵੇਚਣ ਤੇ ਵਕਾਉਣ ਵਾਲੇ ਭੈੜੇ ਪੁਰਸ਼ਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

# ਐੱਨ ਐੱਚ ਐੱਮ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ



**ਫਗਵਾੜਾ (ਡਾ. ਰਮਨ)**

ਪਿਛਲੇ ਲੰਮੇ ਸਮੇਂ ਤੋਂ ਸਿਹਤ ਵਿਭਾਗ 'ਚ ਕੰਮ ਕਰਦੇ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੇ ਐਨ ਐਚ ਐਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਉਲੀਕੇ ਰੋਸ ਪ੍ਰੋਗਰਾਮ ਤਹਿਤ ਆਪਣੀਆਂ ਹੱਕੀ ਮੰਗਾਂ ਨੂੰ ਸਰਕਾਰ ਤੱਕ ਪਹੁੰਚਦਾ ਕਰਨ ਲਈ ਅਤੇ ਆਪਣੀਆ ਦੋ ਮਹੀਨੇ ਦੀਆਂ ਰੁਕੀਆਂ ਤਨਖਾਹਾਂ ਨੂੰ ਤੁਰੰਤ ਜਾਰੀ ਕਰਵਾਉਣ ਤੇ ਸਰਕਾਰ ਨੂੰ ਕੁੰਭਕਰਨੀ ਨੀਂਦ ਚੋਂ ਜਗਾਉਣ ਲਈ ਸਮੁੱਚੇ ਪੰਜਾਬ ਚ ਸਮੂਹ ਐਨ ਐਚ ਐਮ ਕਰਮਚਾਰੀਆਂ ਵੱਲੋਂ ਕੀਤੀ ਗਈ ਹੜਤਾਲ ਦੇ ਸਿਵਲ ਹਸਪਤਾਲ ਫਗਵਾੜਾ ਵਿਖੇ ਪਹਿਲੇ ਦਿਨ ਸਿਹਤ ਸੇਵਾਵਾਂ ਬੁਰੀ ਤਰ੍ਹਾ ਨਾਲ ਪ੍ਰਭਾਵਿਤ ਰਹੀਆਂ। ਇਸ ਦੌਰਾਨ ਪੰਜਾਬ ਭਰ ਦੇ ਸਮੂਹ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ ਵੱਲੋਂ ਵਿਭਾਗ ਦੀ ਹਰ ਤਰ੍ਹਾਂ ਦੀਆਂ ਆਨ ਲਾਈਨ ਰਿਪੋਰਟਿੰਗ, ਆਫ਼ ਲਾਈਨ ਰਿਪੋਰਟਿੰਗ , ਰੋਜ਼ਾਨਾ ਓ ਪੀ ਡੀ ਅਤੇ ਹੋਰ ਵਿਭਾਗੀ ਕੰਮਕਾਜਾ ਨੂੰ ਠੱਪ ਰੱਖਿਆ ਗਿਆ। ਪੰਜਾਬ ਭਰ ਦੇ ਹਰ ਇੱਕ ਜ਼ਿਲੇ ਤੋਂ ਇਸ ਸੂਬਾ ਪੱਧਰੀ ਹੜਤਾਲ ਸਬੰਧੀ ਭਰਪੂਰ ਜੋਸ਼ ਦੇਖਣ ਨੂੰ ਮਿਲਿਆ। ਇਸ ਸਬੰਧੀ ਗੱਲ ਕਰਦਿਆਂ ਐਨ ਐਚ ਐਮ ਇੰਪਲਾਈਜ ਯੂਨੀਅਨ ਫਗਵਾੜਾ ਦੇ ਆਗੂ ਡਾਕਟਰ ਜਤਿੰਦਰ ਸੰਧੂ ਨੇ ਕਿਹਾ ਕਿ ਕੌਮੀ ਸਿਹਤ ਮਿਸ਼ਨ (ਐੱਨ ਐੱਚ ਐੱਮ) ਤਹਿਤ ਕੰਮ ਕਰਦੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਜਿੱਥੇ ਆਰਥਿਕ ਮੰਦਹਾਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਹੀ ਸਮੂਹ ਮੁਲਾਜ਼ਮ ਵਿਭਾਗ ਅਤੇ ਸਰਕਾਰ ਦੇ ਇਸ ਰਵੱਈਏ ਕਾਰਨ ਮਾਨਸਿਕ ਤਣਾਓ ਵਿੱਚੋਂ ਗੁਜ਼ਰ ਰਹੇ ਹਨ। ਯੂਨੀਅਨ ਦੇ ਆਗੂ ਜਗਦੀਪ ਕੁਮਾਰ ਨੇ ਰੋਸ ਭਰੇ ਸ਼ਬਦਾਂ ਚ ਕਿਹਾ ਕਿ ਜੇਕਰ ਸਰਕਾਰ ਅਤੇ ਵਿਭਾਗ ਉਹਨਾਂ ਦੀਆ ਰੁਕੀਆਂ ਹੋਈਆਂ ਤਨਖਾਹਾਂ ਤੁਰੰਤ ਜਾਰੀ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਚ ਇਸ ਸੰਘਰਸ਼ ਦੀ ਰੂਪ ਰੇਖਾ ਨੂੰ ਤਿੱਖਾ ਕਰਦੇ ਮਿਸ਼ਨ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਦੇ ਹੈੱਡ ਆਫਿਸ ਦਾ ਘੇਰਾਓ ਕੀਤਾ ਜਾਵੇਗਾ। ਇਸ ਲਈ ਉਹਨਾਂ ਦੀਆ ਰੁਕੀਆਂ ਹੋਈਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ।ਇਸ ਮੌਕੇ ਤੇ ਡਾਕਟਰ ਅੰਕੁਸ਼ ਅਗਰਵਾਲ, ਰਾਜੇਸ਼ ਕੁਮਾਰ, ਵਰਿੰਦਰ, ਮੋਨਿਕਾ, ਊਸ਼ਾ, ਦਲਵੀਰ, ਅਨੀਤਾ ਆਦਿ ਆਗੂ ਹਾਜ਼ਰ ਸਨ।

# ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਲਾਨਾ ਮੇਲਾ 12 ਤੋਂ



**ਬੰਗਾ (ਅਵਤਾਰ ਕਲੇਰ)**

ਦਰਬਾਰ ਸੱਯਦ ਉੱਲ ਸ਼ੇਖ ਸਾਈਂ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਦੀ ਯਾਦ 'ਚ ਸਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ 12 ਤੋਂ 14 ਦਸੰਬਰ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਾਈਂ ਉਮਰੇ ਸ਼ਾਹ ਕਾਦਰੀ ਜੀ ਨੇ ਦੱਸਿਆ ਕਿ 12 ਦਸੰਬਰ ਨੂੰ ਨਿਸ਼ਾਨ ਸਾਹਿਬ ਦੀ ਰਸਮ, ਚਿਰਾਗਾਂ ਦੀ ਰਸਮ ਅਦਾ ਕੀਤੀ ਜਾਵੇਗੀ। ਰਾਤ ਨੂੰ ਕਵਾਲੀਆਂ ਦੀ ਮਹਿਫ਼ਿਲ ਹੋਵੇਗੀ। 13 ਦਸੰਬਰ ਨੂੰ ਨਾਮਵਰ ਕਲਾਕਾਰ ਹਾਜ਼ਰੀਆਂ ਭਰਨਗੇ। 14 ਦਸੰਬਰ ਨੂੰ ਚਾਦਰ ਦੀ ਰਸਮ ਨਾਲ ਮੇਲਾ ਸਮਾਪਤ ਹੋਵੇਗਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ।

ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ , ਸੁਖਚੈਨ ਰਾਮ ਪਰਸੋਵਾਲ, ਮੁਹੰਮਦ ਆਸ਼ਿਕ ਨੀਲਾ,ਬੀਬੀ ਸੀਤਾ ਦੇਵੀ, ਗੋਰਾ ਚੱਕ ਪ੍ਰੇਮਾ,ਡਾ ਸਤਨਾਮ ਸਿੰਘ ਪਰਸੋਵਾਲ, ਚਰਨਜੀਤ ਰਾਏ, ਪੱਪੀ ਅਨੀਹਰ, ਹਰਪ੍ਰੀਤ ਜੱਖੂ,ਮਨੀ, ਗੱਗੀ, ਹਨੀ, ਸੋਨੂੰ ਜੱਸੋਮਜਾਰਾ, ਡਾ ਜਗਦੀਸ਼ ਮੁਹੰਮਦ ਆਦਿ ਹਾਜ਼ਰ ਸਨ।

# ਪਹਿਲ ਐੱਨ ਜੀ ਓ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਪਿੰਡ ਡਰੋਲੀ ਕਲਾਂ ਆਦਮਪੁਰ ਦੁਆਬਾ ਜਲੰਧਰ ਤੋਂ ਪਿਛਲੇ ਲੰਮੇ ਸਮੇਂ ਤੋਂ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਤਹਿਤ ਐਨ ਆਰ ਆਈ ਵੀਰਾਂ ਭੈਣਾਂ ਦੇ ਵੱਡੇ ਸਹਿਯੋਗ ਨਾਲ ਲੋਕ ਭਲਾਈ ਕਾਰਜਾਂ ਵਿੱਚ ਮਹਿਮ ਯੋਗਦਾਨ ਜਿਵੇਂ ਕਿ ਮਹੀਨਾਵਾਰ ਰਾਸ਼ਨ, ਬੱਚਿਆਂ ਦੇ ਵਿੱਦਿਅਕ ਖਰਚੇ, ਦਵਾਈਆਂ, ਖ਼ੂਨਦਾਨ ਕੈਂਪ, ਨਵੀਂ ਉਸਾਰੀ ਦੇ ਮਕਾਨ ਆਦਿ ਬਣਾਉਣ ਦੇ ਸਾਰੇ ਕਾਰਜ ਸਰਬੱਤ ਸਾਧ ਸੰਗਤਾਂ ਅਤੇ ਐਨ ਆਰ ਆਈ ਵੀਰਾਂ ਭੈਣਾਂ ਦੇ ਵੱਡੇ ਦਸਵੰਧ ਰੂਪੀ ਖਜ਼ਾਨਿਆਂ ਵਿੱਚੋਂ ਲਗਾਤਾਰ ਹੀ ਕਰ ਰਹੇ ਹਨ।ਜਿਨ੍ਹਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਜਲੰਧਰ ਜ਼ਿਲ੍ਹੇ ਦੀ ਨਾਮੀ ਐਨ ਜੀ ਓ ਪਹਿਲ ਐਨ ਜੀ ਓ ਅਤੇ ਅਪੋਲੋ ਟ੍ਰਾਈ ਵੱਲੋਂ ਆਪਣਾਂ ਵੱਡਾ ਯੋਗਦਾਨ ਪਾਉਂਦਿਆਂ ਲੋੜਵੰਦ ਪਰਵਾਰਾਂ ਲਈ 30 ਬੈਗ ਰਾਸ਼ਨ ਦੇ ਭੇਟ ਕੀਤੇ। ਜਿਸ 'ਤੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੇ ਅਥਾਹ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਇਹ ਰਾਸ਼ਨ ਉਨ੍ਹਾਂ ਲੋੜਵੰਦਾਂ ਦੇ



ਘਰ ਜ਼ਰੂਰ ਪਹੁੰਚਾਵਾਂਗੇ ਜਿਨ੍ਹਾਂ ਦੇ ਘਰਾਂ ਵਿੱਚ ਕਿਸੇ ਨਾ ਕਿਸੇ ਕਾਰਨ ਅੱਤ ਦੀ ਗ਼ਰੀਬੀ ਹੈ ਅਤੇ ਪਰਵਾਰ ਨੂੰ ਇੱਕ ਸਮੇਂ ਦਾ ਖਾਣਾ ਬਣਾਨਾ ਵੀ ਬਹੁਤ ਜ਼ਿਆਦਾ ਔਖਾ ਹੈ।

# ਵਿਦਿਆਵਤੀ ਪਬਲਿਕ ਸਕੂਲ ਵੱਲੋਂ ਸਾਲਾਨਾ ਸਮਾਗਮ ਆਯੋਜਿਤ



**ਅਲਾਵਲਪੁਰ, (ਮਦਨ ਬੰਗੜ)**

ਕਸਬਾ ਅਲਾਵਲਪੁਰ ਵਿਖੇ ਵਿਦਿਆਵਤੀ ਪਬਲਿਕ ਸਕੂਲ ਵੱਲੋਂ ਸਕੂਲ ਪ੍ਰਧਾਨ ਸਤੀਸ਼ ਕੁਮਾਰ ਗੁਪਤਾ ਦੀ ਪ੍ਰਧਾਨਗੀ ਹੇਠ ਸਕੂਲ ਦੇ ਵਿਹੜੇ ਵਿੱਚ ਆਪਣਾ ਸਾਲਾਨਾ ਇਨਾਮ ਵੰਡ ਅਤੇ ਸਕੂਲ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸ੍ਰੀ ਰਾਧਾ ਕ੍ਰਿਸ਼ਨ ਮੰਦਰ ਠਾਕੁਰਦੁਆਰਾ ਦੇ ਸਵਾਮੀ ਮਹੇਸ਼ ਪੁਰੀ ਵੱਲੋਂ ਸਭ ਤੋਂ ਪਹਿਲਾਂ ਦੇਵੀ ਸਰਸਵਤੀ ਦੀ ਮੂਰਤੀ ਦੇ ਸਾਹਮਣੇ ਜੋਤਿ ਜਗਾਈ। ਸਕੂਲੀ ਬੱਚਿਆਂ ਨੇ ਸਰਸਵਤੀ ਵੰਦਨਾ ਗਾਈ, ਜਿਸ ਤੋਂ ਬਾਅਦ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਵਾਮੀ ਮਹੇਸ਼ ਪੁਰੀ ਤੋਂ ਇਲਾਵਾ, ਇਲਾਕੇ ਦੇ ਪ੍ਰਮੁੱਖ ਸਮਾਜ ਸੇਵਕ, ਜਿਨ੍ਹਾਂ ਵਿੱਚ ਸਿਮਰਨ ਕੌਰ, ਨੀਲਮ ਗੁਪਤਾ, ਆਰ. ਮੀਨਾ,ਦੀਪਿਕਾ ਗੁਪਤਾ, ਪਲਕ ਗੁਪਤਾ, ਰਾਕੇਸ਼ ਗੁਪਤਾ, ਐਡਵੋਕੇਟ ਅਰੁਣ ਸਿੰਗਲਾ ਗੁਪਤਾ, ਡਾ. ਜੋਤੀ ਗੁਪਤਾ, ਮਮਤਾ ਗੁਪਤਾ, ਰਜਨੀ ਗੁਪਤਾ, ਅਤੇ ਮਨੀਸ਼ ਗੁਪਤਾ ਆਦਿ ਸ਼ਾਮਲ ਸਨ। ਸਮਾਗਮ ਸਮੇਂ ਸਕੂਲ ਦੇ ਬੱਚਿਆਂ ਨੇ ਕਸ਼ਮੀਰੀ, ਰਾਜਸਥਾਨੀ, ਪੰਜਾਬੀ, ਗੁਜਰਾਤੀ ਪਹਿਰਾਵੇ ਵਿੱਚ ਕੋਰਿਓਗ੍ਰਾਫੀ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ ।ਪ੍ਰੋਗਰਾਮ ਵਿਚ ਹੋਰ ਰਾਜਾਂ ਦੇ ਪ੍ਰੇਰਣਾਦਾਇਕ ਭਾਸ਼ਣ, ਗਿੱਧਾ, ਭੰਗੜਾ, ਗੀਤ , ਨਾਚ , ਨਸ਼ਾਖੋਰੀ, ਦਾਜ ਅਤੇ ਮੋਬਾਈਲ ਫੋਨ ਦੀ ਲਤ ਵਿਰੁੱਧ ਜਾਗਰੂਕ ਕਰਦਿਆਂ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਦੇ ਪ੍ਰਧਾਨ ਸਤੀਸ਼ ਕੁਮਾਰ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਪ੍ਰਾਪਤੀ ਪ੍ਰਾਪਤ ਕਰਨਾ ਔਖਾ ਨਹੀਂ ਹੈ।ਸਫਲਤਾ ਲਈ ਟੀਚੇ ਨਿਰਧਾਰਤ ਕਰਨਾ ਜ਼ਰੂਰੀ ਹੈ।ਹਰੇਕ ਵਿਦਿਆਰਥੀ ਨੂੰ ਇੱਕ ਟੀਚਾ ਨਿਰਧਾਰਤ ਕਰਨਾ ਚਾਹੀਦਾ ਹੈ ਅਤੇ ਉਸ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਇਸ ਮੌਕੇ 'ਤੇ ਹੋਣਹਾਰ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਸ਼੍ਰੋਮਣੀ ਰੰਘਰੇਟਾ ਦਲ (ਟਕਸਾਲੀ) ਨੇ ਲੋੜਵੰਦਾਂ ਨੂੰ ਤਰਪਾਲਾਂ ਵੰਡੀਆਂ



**ਨਕੋਦਰ (ਮਨਜੀਤ ਮਾਨ)**-ਸ਼੍ਰੋਮਣੀ ਰੰਘਰੇਟਾ ਦਲ ਟਕਸਾਲੀ ਵੱਲੋਂ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਦੀ ਅਗਵਾਈ ਹੇਠ ਪਿੰਡ ਬਿੱਲੀ ਚਾਓ, ਤਹਿਸੀਲ ਸ਼ਾਹਕੋਟ ਵਿਚ ਹੜ੍ਹ ਪੀੜ੍ਹਤਾਂ ਦੌਰਾਨ ਪ੍ਰਭਾਵਿਤ ਰਹੇ ਗਰੀਬ ਪਰਵਾਰਾਂ ਨੂੰ ਤਰਪਾਲਾਂ ਵੰਡੀਆਂ ਗਈਆਂ। ਪ੍ਰਧਾਨ ਨਿਰਮਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਰੰਘਰੇਟਾ ਦਲ ਜਿੱਥੇ ਲੋੜਵੰਦਾਂ ਦੀ ਮਦਦ ਲਈ ਹਰ ਵੇਲੇ ਤਿਆਰ ਰਹਿੰਦਾ ਹੈ ਉੱਤੇ ਸਮਾਜਿਕ ਅਨਿਆਂ ਵਿਰੁੱਧ ਵੀ ਲੋੜਵੰਦਾਂ ਲਈ ਹਰ ਵੇਲੇ ਖੜ੍ਹਾ ਹੈ। ਉਹਨਾਂ ਦੱਸਿਆ ਕਿ ਤਰਪਾਲਾਂ ਵੰਡਣ ਲਈ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਦਾ ਵਿਸ਼ੇਸ਼ ਸਹਿਯੋਗ ਰਿਹਾ। ਉਹਨਾਂ ਅੱਗੇ ਵੀ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ ਹੈ।ਇਸ ਮੌਕੇ ਉਹਨਾਂ ਨਾਲ ਕੁਲਦੀਪ ਸਿੰਘ ਸਰਪੰਚ ਕੋਟਲਾ ਹੇਰਾਂ, ਤਰਸੇਮ ਸਿੰਘ,ਬੂਟਾ ਸਿੰਘ ਰਾਜਾ, ਜਸਪ੍ਰੀਤ ਗੱਗੂ, ਸੁਖਦੇਵ ਸਿੰਘ ਦੇਬੀ ਤਹਿਸੀਲ ਪ੍ਰਧਾਨ, ਮੀਤਾ ਕੋਟਲਾ ਹੇਰਾਂ, ਮਨਜੀਤ ਸਿੰਘ ਤਲਵੰਡੀ ਭਰੋਂ, ਹਰਪ੍ਰੀਤ ਸਿੰਘ ਗੋਪੀ ਤਹਿਸੀਲ ਪ੍ਰਧਾਨ ਨਕੋਦਰ, ਗੁਰਮੀਤ ਸਿੰਘ ਬਿੱਲਾ, ਗੁਰਨਾਮ ਸਿੰਘ ਸਾਬਕਾ ਸਰਪੰਚ,ਸੋਨੀ ਮਹਿਰਾ ਪਰਿਵਾਰ, ਨਿਰਮਲ ਸਿੰਘ ਆਦਿ ਵੀ ਹਾਜ਼ਰ ਸਨ।

# ਸੰਘਵਾਲ 'ਚ ਵਿਸ਼ਾਲ ਕੁਸ਼ਤੀ ਦੰਗਲ 5 ਨੂੰ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪਿੰਡ ਸੰਘਵਾਲ ਵਿਖੇ ਉੱਘੇ ਪਹਿਲਵਾਨ ਸਵ. ਰੇਸ਼ਮ ਸਿੰਘ, ਪਹਿਲਵਾਨ ਸਵ. ਜਗੀਰ ਸਿੰਘ ਅਤੇ ਪਹਿਲਵਾਨ ਸਵ. ਸ਼ਿਵ ਸਿੰਘ ਦੀ ਯਾਦ ਵਿੱਚ ਵਿਸ਼ਾਲ ਕੁਸ਼ਤੀ ਦੰਗਲ ਪਹਿਲਵਾਨ ਮਹਿੰਦਰ ਸਿੰਘ ਅਤੇ ਸਮੂਹ ਚਾਹਲ ਪਰਵਾਰ ਵਲੋਂ ਸਮੂਹ ਨਗਰ ਨਿਵਾਸੀਆਂ ਦੇ ਸਾਂਝੇ ਸਹਿਯੋਗ ਨਾਲ 5 ਦਸੰਬਰ ਨੂੰ ਸੰਘਵਾਲ ਸਟੇਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਸ਼ਾਲ ਕੁਸ਼ਤੀ ਦੰਗਲ ਦਾ ਪੋਸਟਰ ਜਾਰੀ ਕਰਨ ਮੌਕੇ ਜਾਣਕਾਰੀ ਦਿੰਦੇ ਹੋਏ ਦਲਵੀਰ ਸਿੰਘ ਚਾਹਲ, ਜਸਪ੍ਰੀਤ ਸਿੰਘ ਜੱਸਾ, ਬਲਜੀਤ ਸਿੰਘ ਗਿੱਲ ਯੂ ਐਸ ਏ, ਬਲਵੀਰ ਸਿੰਘ ਗਿੱਲ, ਮਹਿੰਦਰ ਸਿੰਘ, ਸਾਬਕਾ ਸਰਪੰਚ ਮਾ. ਭਾਗ ਰਾਮ, ਸਰਵਨ ਸਿੰਘ, ਜਰਮਨ ਸਿੰਘ, ਕਰਨ ਸਿੰਘ ਚਾਹਲ, ਜੁਗਰਾਜ ਸਿੰਘ ਚਾਹਲ, ਰਜਿੰਦਰ ਸਿੰਘ, ਗੁਰਤੇਜ ਸਿੰਘ, ਜੋਗੀ ਪਹਿਲਵਾਨ, ਦਲਜੀਤ ਸਿੰਘ, ਸੁਰਿੰਦਰ ਸਿੰਘ ਛਿੰਦਾ, ਗਗਨਦੀਪ ਸਿੰਘ ਚਕਰਾਲਾ, ਬਲਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਆਕਾਸ਼ ਕਾਹਲੋਂ, ਰਾਜਾ ਚਾਹਲ ਆਦਿ ਨੇ ਦੱਸਿਆ ਕਿ 5 ਦਸੰਬਰ ਨੂੰ ਦੁਪਹਿਰ ਇਕ ਵਜੇ ਸੱਦੇ ਹੋਏ ਅਖਾੜਿਆਂ ਦੇ ਪਹਿਲਵਾਨਾਂ ਦੇ ਕੁਸ਼ਤੀ ਦੰਗਲ ਕਰਵਾਏ ਜਾਣਗੇ। ਪਟਕੇ ਦੀ ਕੁਸ਼ਤੀ ਪ੍ਰਸਿੱਧ ਪਹਿਲਵਾਨ ਰਫੀ ਹੁਸ਼ਿਆਰਪੁਰ ਅਤੇ ਮੋਹਿਤ ਪੋਜੋਵਾਲ ਵਿਚਕਾਰ ਹੋਵੇਗੀ ।

# ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਵੱਡਾ ਕਾਰਜ : ਦਿਨੇਸ਼ ਮੁਨੀ ਮਹਾਰਾਜ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪੂਜਯ ਗੁਰੂਦੇਵ ਸ੍ਰੀ ਦਿਨੇਸ਼ ਮੁਨੀ ਮਹਾਰਾਜ, ਸ੍ਰੀ ਦ੍ਵਿਪੇਂਦਰ ਮੁਨੀ ਜੀ ਮਹਾਰਾਜ, ਅਤੇ ਸ੍ਰੀ ਪੁਸ਼ਪੇਂਦਰ ਮੁਨੀ ਜੀ ਮਹਾਰਾਜ ਠਾਣੇ 3 ਦੀ ਮੌਜੂਦਗੀ ਵਿੱਚ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ।ਇਸ ਮੌਕੇ ਸ਼੍ਰੀ ਦਿਨੇਸ਼ ਮੁਨੀ ਜੀ, ਸ਼੍ਰੀ ਦ੍ਵਿਪੇਂਦਰ ਮੁਨੀ ਜੀ, ਅਤੇ ਸ਼੍ਰੀ ਪੁਸ਼ਪੇਂਦਰ ਮੁਨੀ ਮਹਾਰਾਜ ਨੇ ਕਿਹਾ ਕਿ ਸਮਾਜ ਦੇ ਕਿਸੇ ਵੀ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਸਾਨੂੰ ਹਰ ਗਰੀਬ ਅਤੇ ਲੋੜਵੰਦ ਦੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਪਾਠ ਕੀਤਾ ਅਤੇ ਸਾਰਿਆਂ ਨੂੰ ਅਸ਼ੀਰਵਾਦ ਦਿੱਤਾ। ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਪ੍ਰਧਾਨ ਮੁਨੀਸ਼ ਜੈਨ ਅਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਐਲਾਨ ਕੀਤਾ ਕਿ 150ਵੇਂ ਰਾਸ਼ਨ ਵੰਡ ਸਮਾਰੋਹ ਦੌਰਾਨ 20 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਪ੍ਰਧਾਨ ਮੁਨੀਸ਼ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਖਜਾਨਚੀ



ਅਚਲ ਜੈਨ, ਐੱਸ ਐੱਸ ਜੈਨ ਸਭਾ ਦੇ ਪ੍ਰਧਾਨ ਸੁਰਿੰਦਰ ਜੈਨ, ਰਾਕੇਸ਼ ਜੈਨ ਬੱਬੀ, ਪੰਕਜ ਜੈਨ, ਦਰਸ਼ਨ ਜੈਨ, ਰਾਜੇਸ਼ ਜੈਨ, ਰਜਨੀਸ਼ ਜੈਨ, ਪੁਨੀਤ ਜੈਨ, ਰਾਜੂ,ਹਰੀਸ਼ ਸਮੇਤ ਸ਼੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਅਧਿਕਾਰੀ ਹਾਜ਼ਰ ਸਨ।